ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 117
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Wednesday, 29 April, 2026) ਬੁੱਧਵਾਰ, 29 ਅਪ੍ਰੈਲ, 2026, 16 ਵੈਸਾਖ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

ਮਿਲਕਫੈਡ ਪੰਜਾਬ ਵੱਲੋਂ ਦੁੱਧ ਦੀ ਖ਼ਰੀਦ ਕੀਮਤ ਵਿੱਚ ਵਾਧਾ

ਚੰਡੀਗੜ੍ਹ,28 ਅਪ੍ਰੈਲ (ਚ.ਨ.ਸ.):ਪੰਜਾਬ ਸਰਕਾਰ ਅਤੇ ਮਿਲਕਫੈਡ ਪੰਜਾਬ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ, ਮਿਲਕਫੈਡ ਪੰਜਾਬ (ਬ੍ਰਾਂਡ ਵੇਰਕਾ) ਨਾਲ ਜੁੜੇ ਕਿਸਾਨਾਂ ਲਈ ਦੁੱਧ ਦੀ ਖਰੀਦ ਕੀਮਤ ਵਿੱਚ 01.05.2026 ਤੋਂ ਵਾਧਾ ਕਰਨ ਦਾ ਐਲਾਨ ਕੀਤਾ ਗਿਆ ਹੈ।

ਇਸ ਨਾਲ ਦੁੱਧ ਦੀ ਖਰੀਦ ਕੀਮਤ ਵਿੱਚ 20 ਰੁਪਏ ਪ੍ਰਤੀ ਕਿਲੋਗ੍ਰਾਮ ਫੈਟ ਦਾ ਵਾਧਾ ਹੋਵੇਗਾ। ਇਸ ਫੈਸਲੇ ਦਾ ਉਦੇਸ਼ ਡੇਅਰੀ ਕਿਸਾਨਾਂ ਲਈ ਬਿਹਤਰ ਆਮਦਨ ਯਕੀਨੀ ਬਣਾਉਣਾ, ਪੇਂਡੂ ਆਰਥਿਕਤਾ ਨੂੰ ਮਜ਼ਬੂਤ ਕਰਨਾ ਅਤੇ (ਬਾਕੀ ਸਫਾ 2 'ਤੇ)

ਸਾਰੇ ਦੇਸ਼ ਅੱਤਵਾਦ ਵਿਰੁੱਧ ਦ੍ਰਿੜ ਅਤੇ ਸਮੂਹਿਕ ਰਵੱਈਆ ਅਪਣਾਉਣ: ਰਾਜਨਾਥ

ਰੱਖਿਆ ਮੰਤਰੀ ਵੱਲੋਂ ਕਿਰਗਿਸਤਾਨ 'ਚ ਸ਼ੰਘਾਈ ਸਹਿਯੋਗ ਸੰਗਠਨ ਦੀ ਮੀਟਿੰਗ ਨੂੰ ਸੰਬੋਧਨ

ਚੜ੍ਹਦੀਕਲਾ ਬਿਊਰੋ

ਬਿਸ਼ਕੇਕ (ਕਿਰਗਿਸਤਾਨ), 28 ਅਪ੍ਰੈਲ : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਜ ਕਿਰਗਿਸਤਾਨ ਦੇ ਬਿਸ਼ਕੇਕ ਵਿੱਚ ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਦੇ ਰੱਖਿਆ ਮੰਤਰੀਆਂ ਦੀ ਬੈਠਕ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਓਪਰੇਸ਼ਨ ਸਿੰਦੂਰ ਨੇ ਭਾਰਤ ਦੇ ਇਸ ਦ੍ਰਿੜ ਸੰਕਲਪ ਨੂੰ ਪ੍ਰਦਰਸ਼ਿਤ ਕੀਤਾ ਹੈ ਕਿ ਅੱਤਵਾਦ ਦੇ ਗੜ੍ਹ ਹੁਣ ਨਿਆਂਪੂਰਨ ਸਜ਼ਾ ਤੋਂ ਅਛੂਤੇ ਨਹੀਂ ਰਹਿਣਗੇ। ਉਨ੍ਹਾਂ ਨੇ ਅੱਤਵਾਦ, ਵੱਖਵਾਦ ਅਤੇ ਕੱਟੜਵਾਦ ਦੀਆਂ ਬੁਰਾਈਆਂ ਨਾਲ ਨਜਿੱਠਣ ਲਈ ਇੱਕ ਸੰਯੁਕਤ ਮੋਰਚਾ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਦੇਸ਼ ਦੀ ਪ੍ਰਭੂਸੱਤਾ 'ਤੇ ਹਮਲਾ ਕਰਨ ਵਾਲੇ ਰਾਜ-ਪ੍ਰਾਯੋਜਿਤ ਸਰਹੱਦ ਪਾਰ ਅੱਤਵਾਦ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ, ਕਿਉਂਕਿ ਦੋਹਰੇ ਮਾਪਦੰਡਾਂ ਲਈ ਕੋਈ ਥਾਂ ਨਹੀਂ ਹੈ। ਰੱਖਿਆ ਮੰਤਰੀ ਨੇ ਜ਼ੋਰ ਦਿੱਤਾ ਕਿ



ਅੱਤਵਾਦੀਆਂ ਨੂੰ ਉਕਸਾਉਣ ਅਤੇ ਪਨਾਹ ਦੇਣ ਵਾਲਿਆਂ ਵਿਰੁੱਧ ਕਾਰਵਾਈ ਕਰਨ ਵਿੱਚ ਸੰਗਠਨ ਨੂੰ ਦੇਰੀ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਅੱਤਵਾਦ ਅਤੇ ਕੱਟੜਵਾਦ ਨਾਲ ਬਿਨਾਂ ਕਿਸੇ ਭੇਦਭਾਵ ਦੇ ਨਜਿੱਠ ਕੇ ਹੀ ਅਸੀਂ ਖੇਤਰੀ ਸੁਰੱਖਿਆ ਨੂੰ ਸ਼ਾਂਤੀ ਅਤੇ ਖੁਸ਼ਹਾਲੀ ਦੀ ਨੀਂਹ ਵਿੱਚ ਬਦਲ ਸਕਦੇ ਹਾਂ।

ਰਾਜਨਾਥ ਸਿੰਘ ਨੇ ਪਿਛਲੇ ਸਾਲ ਦੇ 'ਤ੍ਰਿਆਂਜਿਨ ਐਲਾਨਨਾਮੇ' ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਭਾਰਤ ਅੱਤਵਾਦ ਪ੍ਰਤੀ 'ਜ਼ੀਰੋ ਟੋਲਰੈਂਸ' (ਸਹਿਣ ਨਾ ਕਰਨ) ਦੀ ਨੀਤੀ ਰੱਖਦਾ ਹੈ। ਉਨ੍ਹਾਂ ਕਿਹਾ,ਸਮੂਹਿਕ ਭਰੋਸੇਯੋਗਤਾ ਦੀ ਅਸਲ ਪਰਖ ਨਿਰੰਤਰਤਾ ਵਿੱਚ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਅੱਤਵਾਦ ਦਾ ਕੋਈ ਧਰਮ ਜਾਂ ਦੇਸ਼ ਨਹੀਂ ਹੁੰਦਾ। ਉਨ੍ਹਾਂ ਅੱਗੇ ਕਿਹਾ ਕਿ ਅੱਜ ਦੀ ਦੁਨੀਆ ਵਿੱਚ ਜਿੱਥੇ ਦੇਸ਼ ਅੰਤਰਮੁਖੀ ਹੁੰਦੇ ਜਾ ਰਹੇ ਹਨ, ਉੱਥੇ ਐਸ.ਸੀ.ਓ. ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਗਈ ਹੈ। ਸਾਨੂੰ ਅਜਿਹੀ ਵਿਸ਼ਵ ਵਿਵਸਥਾ ਦੀ ਲੋੜ ਹੈ ਜਿੱਥੇ ਹਰ ਨਾਗਰਿਕ ਦਾ ਸਤਿਕਾਰ ਹੋਵੇ ਅਤੇ ਮਤਭੇਦ ਵਿਵਾਦਾਂ ਦਾ ਰੂਪ ਨਾ ਲੈਣ। ਸ਼ਾਂਤੀ ਅਤੇ ਸਥਿਰਤਾ ਯਕੀਨੀ ਬਣਾਉਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਸਾਨੂੰ ਤਾਕਤ ਦੀ ਵਰਤੋਂ ਦੀ ਬਜਾਏ ਗੱਲਬਾਤ ਅਤੇ ਕੂਟਨੀਤੀ ਦਾ ਰਸਤਾ ਅਪਣਾਉਣਾ ਚਾਹੀਦਾ ਹੈ। ਮਹਾਤਮਾ ਗਾਂਧੀ ਦੇ ਸੰਦੇਸ਼ ਨੂੰ ਯਾਦ ਕਰਦਿਆਂ (ਬਾਕੀ ਸਫਾ 2 'ਤੇ)

ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ 1 ਮਈ ਨੂੰ ਸੱਦਿਆ

'ਆਪ੍ਰੇਸ਼ਨ ਲੋਟਸ' ਖ਼ਿਲਾਫ਼ ਨਿੰਦਾ ਮਤਾ ਲਿਆਵੇਗੀ ਪੰਜਾਬ ਸਰਕਾਰ !

ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 28 ਅਪ੍ਰੈਲ :ਆਮ ਆਦਮੀ ਪਾਰਟੀ (ਆਪ) ਦੇ ਰਾਘਵ ਚੱਢਾ ਸਣੇ ਸੱਤ ਰਾਜ ਸਭਾ ਮੈਂਬਰਾਂ ਦੇ ਪਾਰਟੀ ਬਦਲਣ ਨਾਲ ਪੰਜਾਬ ਦੀ ਸਿਆਸਤ ਵਿਚ ਕਾਫੀ ਹਲਚਲ ਆ ਗਈ ਹੈ। ਇਸੇ ਵਿਚਾਲੇ ਪੰਜਾਬ ਸਰਕਾਰ ਨੇ 1 ਮਈ ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਹੈ। ਸੂਤਰਾਂ ਮੁਤਾਬਕ ਸੈਸ਼ਨ ਕਥਿਤ ਆਪ੍ਰੇਸ਼ਨ ਲੋਟਸ ਖਿਲਾਫ ਹੋਣ ਦੀ ਉਮੀਦ ਹੈ, ਜਿਸ ਵਿੱਚ ਸਰਕਾਰ ਚੁਣੇ ਹੋਏ ਪ੍ਰਤੀਨਿਧੀਆਂ ਨੂੰ ਆਪਣੀ ਪਾਰਟੀ ਵਿਚ ਸ਼ਾਮਲ ਕਰਨ ਦੀਆਂ ਕੋਸ਼ਿਸ਼ਾਂ ਦੇ ਦਾਅਵਿਆਂ 'ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਰੁੱਧ ਨਿੰਦਾ ਮਤਾ ਪੇਸ਼ ਕਰ ਸਕਦੀ ਹੈ।

ਦੱਸ ਦੇਈਏ ਕਿ 'ਆਪ' ਦੇ ਸੱਤ ਰਾਜ ਸਭਾ ਸੰਸਦ ਮੈਂਬਰ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ, ਜਿਸ ਨਾਲ ਇੱਕ ਸਿਆਸਤ ਤੂਫਾਨ ਪੈਦਾ ਹੋ ਗਿਆ ਹੈ। ਆਮ ਆਦਮੀ ਪਾਰਟੀ ਨੇ ਭਾਜਪਾ 'ਤੇ ਲੋਕਤੰਤਰ ਨੂੰ ਕਮਜ਼ੋਰ ਕਰਨ ਦਾ ਦੋਸ਼ ਲਗਾਇਆ ਹੈ। ਮਾਨ ਸਰਕਾਰ ਵੱਲੋਂ ਸੰਕਟ ਦੇ ਵਿਚਕਾਰ ਏਕਤਾ ਅਤੇ



ਰਾਜਨੀਤਿਕ ਤਾਕਤ ਦਾ ਪ੍ਰਦਰਸ਼ਨ ਕਰਨ ਲਈ ਵਿਸ਼ੇਸ਼ ਸੈਸ਼ਨ ਦੀ ਵਰਤੋਂ ਕਰਨ ਦੀ ਉਮੀਦ ਹੈ।

ਕਾਰਵਾਈ ਵਿੱਚ ਗਰਮਾ-ਗਰਮ ਬਹਿਸ ਹੋਣ ਦੀ ਸੰਭਾਵਨਾ ਹੈ, ਜਿਸ ਵਿੱਚ ਸੱਤਾਧਾਰੀ ਪਾਰਟੀ ਆਪ੍ਰੇਸ਼ਨ ਲੋਟਸ ਦੇ ਦੋਸ਼ਾਂ 'ਤੇ ਭਾਜਪਾ ਨੂੰ ਨਿਸ਼ਾਨਾ ਬਣਾ ਰਹੀ ਹੈ। ਇਸ ਦੇ ਨਾਲ ਹੀ, ਵਿਰੋਧੀ ਪਾਰਟੀਆਂ ਵੱਲੋਂ 'ਆਪ' ਸਰਕਾਰ ਨੂੰ ਅੰਦਰੂਨੀ ਫੁੱਟ ਅਤੇ ਦਲ-ਬਦਲੀ ਦਾ ਕਾਰਨ ਬਣੇ ਹਾਲਾਤਾਂ 'ਤੇ ਸਵਾਲ ਉਠਾਉਣ ਦੀ ਉਮੀਦ ਹੈ।

ਰਾਜ ਸਭਾ 'ਚ ਹੋਏ ਫੇਰਬਦਲ ਮਗਰੋਂ 'ਆਪ' ਨੇ ਅੱਜ ਸੱਦੀ ਵਿਧਾਇਕਾਂ ਦੀ ਮੀਟਿੰਗ

ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 28 ਅਪ੍ਰੈਲ :ਰਾਘਵ ਚੱਢਾ ਸਮੇਤ ਸੱਤ ਸੰਸਦ ਮੈਂਬਰਾਂ ਦੇ ਪਾਰਟੀ ਛੱਡਣ ਤੋਂ ਬਾਅਦ, ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿੱਚ ਫੁੱਟ ਨੂੰ ਰੋਕਣ ਲਈ ਯਤਨ ਸ਼ੁਰੂ ਕਰ ਦਿੱਤੇ ਹਨ। 'ਆਪ' ਨੇ ਕੱਲ੍ਹ (29 ਅਪ੍ਰੈਲ) ਸਾਰੇ ਵਿਧਾਇਕਾਂ ਨੂੰ ਜਲੰਧਰ ਬੁਲਾਇਆ ਹੈ।

ਬਲਾਕ ਆਬਜ਼ਰਵਰਾਂ ਅਤੇ ਫਰੰਟਲ ਸੰਗਠਨਾਂ ਦੇ ਮੁਖੀਆਂ ਨੂੰ ਵੀ ਸੱਦਾ ਦਿੱਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਵੀ ਮੀਟਿੰਗ ਵਿੱਚ ਸ਼ਾਮਲ ਹੋਣਗੇ। ਭਗਵੰਤ ਮਾਨ ਦੀ ਅਗਵਾਈ 'ਚ ਮੰਥਨ ਹੋਵੇਗਾ। ਮਨੀਸ਼ ਸਿਸੋਦੀਆ ਤੇ ਮੰਤਰੀ ਅਮਨ ਅਰੋੜਾ ਵੀ ਮੀਟਿੰਗ 'ਚ ਸ਼ਾਮਲ ਹੋਣਗੇ। ਹਾਲਾਂਕਿ ਏਜੰਡਾ ਜਨਤਕ ਨਹੀਂ ਕੀਤਾ ਗਿਆ ਹੈ ਪਰ ਮੰਨਿਆ ਜਾ ਰਿਹਾ ਹੈ ਕਿ ਮੀਟਿੰਗ ਸੱਤ ਸੰਸਦ ਮੈਂਬਰਾਂ ਦੇ ਜਾਣ ਤੋਂ ਬਾਅਦ ਵਿਧਾਇਕਾਂ ਦੇ ਮੂਡ ਦਾ ਮੁਲਾਂਕਣ ਕਰੇਗੀ।

'ਆਪ' ਸੰਸਦ ਮੈਂਬਰ ਸੰਜੇ ਸਿੰਘ ਨੇ ਰਾਜ ਸਭਾ ਦੇ ਸਕੱਤਰ ਜਨਰਲ ਨੂੰ ਪੱਤਰ ਲਿਖ ਕੇ ਰਾਜ ਸਭਾ ਦੇ ਰਿਕਾਰਡ ਵਿੱਚ 'ਆਪ' ਸੰਸਦ ਮੈਂਬਰਾਂ ਦੇ ਨਾਵਾਂ ਤੋਂ ਪਾਰਟੀ ਦਾ ਨਾਮ ਅਣਅਧਿਕਾਰਤ ਤੌਰ 'ਤੇ ਹਟਾਉਣ ਲਈ ਸਪੱਸ਼ਟੀਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਇਸ ਮਾਮਲੇ ਦੀ ਤੁਰੰਤ ਜਾਂਚ ਅਤੇ ਤੁਰੰਤ ਲਿਖਤੀ ਜਵਾਬ ਦੇਣ ਦੀ ਬੇਨਤੀ ਕੀਤੀ ਹੈ। ਉਨ੍ਹਾਂ ਨੇ ਉਨ੍ਹਾਂ ਸਾਰੇ ਸਬੰਧਤ ਆਦੇਸ਼ਾਂ ਦੀਆਂ ਕਾਪੀਆਂ ਵੀ ਮੰਗੀਆਂ ਹਨ ਜਿਨ੍ਹਾਂ ਦੇ ਆਧਾਰ 'ਤੇ ਸੰਸਦ ਮੈਂਬਰਾਂ ਦੇ ਨਾਵਾਂ ਤੋਂ 'ਆਪ' ਦਾ ਨਾਮ ਹਟਾਇਆ ਗਿਆ ਸੀ।

ਕੇਜਰੀਵਾਲ ਤੋਂ ਬਾਅਦ ਹੁਣ ਸਿਸੋਦੀਆ ਨੇ ਅਦਾਲਤ ਨੂੰ ਲਿਖੀ ਚਿੱਠੀ

'ਇਨਸਾਫ਼ ਦੀ ਕੋਈ ਉਮੀਦ ਨਹੀਂ, ਹੁਣ 'ਸੱਤਿਆਗ੍ਰਹਿ' ਦਾ ਰਸਤਾ ਹੀ ਬਾਕੀ'

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 28 ਅਪ੍ਰੈਲ : ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਅਦਾਲਤੀ ਕਾਰਵਾਈ 'ਤੇ ਸਵਾਲ ਚੁੱਕਣ ਤੋਂ ਇੱਕ ਦਿਨ ਬਾਅਦ, ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਵੀ ਦਿੱਲੀ ਹਾਈ ਕੋਰਟ ਦੀ ਜੱਜ ਸਵਰਨਾ ਕਾਂਤਾ ਸ਼ਰਮਾ ਨੂੰ ਪੱਤਰ ਲਿਖ ਕੇ ਨਿਆਂਇਕ ਪ੍ਰਕਿਰਿਆ 'ਤੇ ਗੰਭੀਰ ਚਿੰਤਾ ਪ੍ਰਗਟਾਈ ਹੈ। ਸਿਸੋਦੀਆ ਨੇ ਆਪਣੇ ਪੱਤਰ ਵਿੱਚ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਮੌਜੂਦਾ ਹਾਲਾਤਾਂ ਵਿੱਚ ਉਨ੍ਹਾਂ ਦਾ



ਇਨਸਾਫ਼ ਤੋਂ ਭਰੋਸਾ ਉੱਠ ਗਿਆ ਹੈ। ਸਿਸੋਦੀਆ ਨੇ ਲਿਖਿਆ,ਮੈਂ ਇਨਸਾਫ਼ ਦੀ ਉਮੀਦ ਨਹੀਂ ਕਰਦਾ। ਉਨ੍ਹਾਂ ਨੇ ਕਾਨੂੰਨੀ ਪ੍ਰਣਾਲੀ 'ਤੇ ਤਿੱਖਾ ਤੰਜ ਕਸਦਿਆਂ ਅੱਗੇ ਕਿਹਾ ਕਿ ਤੁਹਾਡੇ ਬੱਚਿਆਂ ਦਾ ਭਵਿੱਖ ਤੁਸ਼ਾਰ ਮਹਿਤਾ (ਸਾਲੀਸਿਟਰ ਜਨਰਲ) ਦੇ ਹੱਥਾਂ ਵਿੱਚ ਹੈ। ਸਿਸੋਦੀਆ ਦੇ ਇਸ ਬਿਆਨ ਨੇ ਸਿਆਸੀ ਅਤੇ ਕਾਨੂੰਨੀ ਗਲਿਆਰਿਆਂ ਵਿੱਚ ਹਲਚਲ ਤੇਜ਼ ਕਰ ਦਿੱਤੀ ਹੈ। ਉਨ੍ਹਾਂ ਐਲਾਨ ਕੀਤਾ ਕਿ ਉਹ ਹੁਣ ਅਦਾਲਤ ਵਿੱਚ ਆਪਣੀ ਨੁਮਾਇੰਦਗੀ ਲਈ ਕੋਈ ਕਾਨੂੰਨੀ ਸਲਾਹਕਾਰ ਜਾਂ ਵਕੀਲ ਨਿਯੁਕਤ ਨਹੀਂ ਕਰਨਗੇ। ਗਾਂਧੀਵਾਦੀ (ਬਾਕੀ ਸਫਾ 2 'ਤੇ)

ਬੇਅਦਬੀ ਵਿਰੁੱਧ ਕਾਨੂੰਨ 'ਤੇ ਚਰਚਾ ਲਈ ਜਥੇ. ਗੜਗੱਜ ਨੇ 3 ਨੂੰ ਸੱਦੀ ਮੀਟਿੰਗ

ਅੰਮ੍ਰਿਤਸਰ, 28 ਅਪ੍ਰੈਲ (ਚ.ਨ.ਸ.):ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਨਿਊਜ਼ੀਲੈਂਡ ਤੋਂ ਵਾਪਸ ਆਉਣ ਤੋਂ ਬਾਅਦ 3 ਮਈ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਸਥਿਤ ਭਾਈ ਗੁਰਦਾਸ ਹਾਲ ਵਿੱਚ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਬਾਰੇ ਚਰਚਾ ਕਰਨ ਲਈ ਸਿੱਖ ਵਿਦਵਾਨਾਂ ਦੀ ਮੀਟਿੰਗ ਸੱਦੀ ਹੈ।

ਸ੍ਰੀ ਅਕਾਲ ਤਖ਼ਤ ਸਕੱਤਰੇਤ ਦੇ ਸੂਤਰਾਂ ਨੇ ਦੱਸਿਆ ਕਿ ਇਸ ਐਕਟ 'ਤੇ ਵਿਚਾਰ ਵਟਾਂਦਰਾ ਕਰਨ ਲਈ ਸਿੱਖ ਜਥੇਬੰਦੀਆਂ, ਵਿਦਵਾਨਾਂ ਅਤੇ ਵਕੀਲਾਂ ਨੂੰ ਸੱਦਾ ਪੱਤਰ ਭੇਜੇ ਗਏ ਹਨ। ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਵੱਲੋਂ ਇਸ ਐਕਟ ਨੂੰ ਪਾਸ ਕੀਤੇ ਜਾਣ 'ਤੇ ਸਿੱਖ (ਬਾਕੀ ਸਫਾ 2 'ਤੇ)

ਪਟਿਆਲਾ ਪੁਲਿਸ ਵੱਲੋਂ ਸਰਹੱਦ ਪਾਰੋਂ ਚੱਲਣ ਵਾਲੇ ਅੱਤਵਾਦੀ ਮਡਿਊਲ ਦਾ ਪਰਦਾਫਾਸ਼

ਸ਼ੰਭੂ-ਅੰਬਾਲਾ ਰੇਲਵੇ ਮਾਰਗ 'ਤੇ ਹੋਏ ਬੰਬ ਧਮਾਕੇ ਦੀ ਗੁੱਥੀ ਸੁਲਝਾਈ: ਡੀ.ਆਈ.ਜੀ.

ਸੰਜੀਵ ਕੁਮਾਰ ਅਮਰਿੰਦਰ ਸਿੰਘ ਮੋਹੀ, ਮਦਨ ਲਾਲ

ਪਟਿਆਲਾ, 28 ਅਪ੍ਰੈਲ : ਪਟਿਆਲਾ ਪੁਲਿਸ ਨੇ 12 ਘੰਟਿਆਂ ਦੇ ਅੰਦਰ ਹੀ ਸ਼ੰਭੂ-ਅੰਬਾਲਾ ਰੇਲਵੇ ਮਾਰਗ 'ਤੇ ਹੋਏ ਬੰਬ ਧਮਾਕੇ ਦੀ ਗੁੱਥੀ ਸੁਲਝਾ ਲਈ ਹੈ। ਇਸ ਦੇ ਨਾਲ ਹੀ ਸਰਹੱਦ ਪਾਰੋਂ ਪਾਕਿਸਤਾਨ ਦੀ ਖੁਫੀਆ ਏਜੰਸੀ (ਆਈ ਐਸ ਆਈ) ਦੀ ਸ਼ਹਿ 'ਤੇ ਚੱਲਣ ਵਾਲੇ ਅੱਤਵਾਦੀ ਮਡਿਊਲ ਦਾ ਪਰਦਾਫਾਸ ਕਰਕੇ ਭਾਰੀ ਮਾਤਰਾ ਵਿੱਚ ਜੰਗੀ ਅਸਲਾ ਐਮੋਨੀਸ਼ਨ ਬਰਾਮਦ ਕਰਦਿਆਂ ਅੱਤਵਾਦੀ ਮੌਡਿਊਲ ਦੇ 4 ਪੇਸ਼ੇਵਰ ਦੋਸ਼ੀਆਂ ਨੂੰ ਵੀ ਗ੍ਰਿਫ਼ਤਾਰ ਕਰਨ ਵਿੱਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਇਹ ਖੁਲਾਸਾ ਪਟਿਆਲਾ ਰੇਂਜ ਦੇ ਡੀਆਈਜੀ ਕੁਲਦੀਪ ਸਿੰਘ ਚਾਹਲ

ਭਾਰੀ ਮਾਤਰਾ 'ਚ ਜੰਗੀ ਅਸਲਾ ਬਰਾਮਦ



ਅਤੇ ਜ਼ਿਲ੍ਹਾ ਪੁਲਿਸ ਮੁਖੀ ਵਰੁਣ ਸ਼ਰਮਾ ਨੇ ਪਟਿਆਲਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਅੱਜ ਇੱਥੇ ਪੁਲਿਸ ਲਾਈਨ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਡੀਆਈਜੀ ਕੁਲਦੀਪ ਸਿੰਘ ਚਾਹਲ ਨੇ ਦੱਸਿਆ ਕਿ ਸ਼ੰਭੂ-ਅੰਬਾਲਾ ਰੇਲਵੇ ਮਾਰਗ 'ਤੇ ਹੋਏ ਬੰਬ ਧਮਾਕੇ ਦੀ ਗੁੱਥੀ ਸੁਲਝਾਉਣ ਲਈ ਪਟਿਆਲਾ ਦੇ ਐਸ ਪੀ (ਸਥਾਨਕ) ਵੈਭਵ ਚੌਧਰੀ ਦੀ ਨਿਗਰਾਨੀ ਹੇਠ ਡੀ ਐਸ ਪੀ ਡੀ ਸੁਖਅਮ੍ਰਿਤ ਸਿੰਘ ਰੰਧਾਵਾ, ਸੀਆਈਏ ਪਟਿਆਲਾ ਦੇ ਇੰਚਾਰਜ ਇੰਸਪੈਕਟਰ ਪ੍ਰਦੀਪ ਸਿੰਘ ਬਾਜਵਾ ਸੀਆਈਏ ਸਮਾਣਾ ਦੇ ਇੰਚਾਰਜ, ਇੰਸਪੈਕਟਰ (ਬਾਕੀ ਸਫਾ 2 'ਤੇ)

ਮਾਨ ਵੱਲੋਂ ਆਪਣੇ ਜੱਦੀ ਪਿੰਡ ਸਤੌਜ ਤੋਂ ਜਨਗਣਨਾ 2027 ਦੇ ਪਹਿਲੇ ਪੜਾਅ ਦਾ ਉਦਘਾਟਨ

ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 28 ਅਪ੍ਰੈਲ : ਜਨਗਣਨਾ 2027 ਵਿਚ ਡਿਜੀਟਲ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ, ਮੁੱਖ ਮੰਤਰੀ, ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਰਾਜ ਵਿੱਚ ਜਨਗਣਨਾ 2027 ਦੇ ਪਹਿਲੇ ਪੜਾਅ 'ਮਕਾਨ ਸੂਚੀਕਰਨ ਅਤੇ ਮਕਾਨਾਂ ਦੀ ਗਣਨਾ' ਪ੍ਰਕਿਰਿਆ ਦਾ ਰਸਮੀ ਉਦਘਾਟਨ ਕੀਤਾ। ਮੁੱਖ ਮੰਤਰੀ ਜੀ ਨੇ ਸੰਗਰੂਰ ਜ਼ਿਲ੍ਹੇ ਦੇ ਆਪਣੇ ਜੱਦੀ ਪਿੰਡ ਸਤੌਜ ਤੋਂ ਅਧਿਕਾਰਤ ਆਨ-ਲਾਈਨ ਜਨਗਣਨਾ ਪੋਰਟਲ (se.census.gov.in) ਰਾਹੀਂ ਆਪਣੀ ਸਵੈ-ਗਣਨਾ ਪੂਰੀ ਕੀਤੀ, ਜੋ ਕਿ ਨਾਗਰਿਕਾਂ ਨੂੰ ਡਿਜੀਟਲ ਜਨਗਣਨਾ ਦੀ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਉਤਸ਼ਾਹਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਸ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਪੂਰਾ ਕਰਨ ਵਿੱਚ ਸ੍ਰੀ ਮਨਜੀਤ ਸਿੰਘ ਬਰਾੜ, ਆਈ.ਏ.ਐੱਸ. ਪ੍ਰਬੰਧਕੀ ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਅਤੇ ਡਾਇਰੈਕਟਰ ਡਾ. ਨਵਜੋਤ ਖੋਸਾ,

ਸਰਕਾਰ ਕਿਰਤੀ ਵਰਗ ਦੇ ਸਨਮਾਨ ਵਿੱਚ ਇੱਕ ਮਈ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦੇਗੀ: ਮਾਨ

'ਸੈਸ਼ਨ ਦੌਰਾਨ ਮਨਰੇਗਾ ਦੀ ਥਾਂ ਜੀ-ਰਾਮ-ਜੀ ਸਕੀਮ ਲਾਗੂ ਹੋਣ ਕਾਰਨ ਮਜ਼ਦੂਰਾਂ 'ਤੇ ਪੈਣ ਵਾਲੇ ਪ੍ਰਭਾਵ ਬਾਰੇ ਵਿਚਾਰ-ਵਟਾਂਦਰਾ ਹੋਵੇਗਾ'




ਚੰਡੀਗੜ੍ਹ, 28 ਅਪ੍ਰੈਲ (ਚ.ਨ.ਸ.) : ਸੂਬੇ ਦੇ ਕਿਰਤੀ ਵਰਗ ਦੇ ਸਤਿਕਾਰ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਨੇ ਇਕ ਮਈ ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਣ ਦੀ ਪ੍ਰਵਾਨਗੀ ਦੇ ਦਿੱਤੀ। ਇਸ ਸਬੰਧੀ ਫੈਸਲਾ ਅੱਜ ਇੱਥੇ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ। ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਕੈਬਨਿਟ ਵੱਲੋਂ ਲਏ ਗਏ ਮਹੱਤਵਪੂਰਨ ਫੈਸਲੇ ਵਿੱਚ ਇਕ ਮਈ ਨੂੰ ਮਜ਼ਦੂਰ ਦਿਵਸ ਦੇ ਮੌਕੇ 'ਤੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਇੱਕ ਰੋਜ਼ਾ ਸੈਸ਼ਨ ਦੇਸ ਦੇ ਸਮਾਜਿਕ ਤੇ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਮਿਹਨਤਕਸ਼ ਕਿਰਤੀਆਂ ਅਤੇ ਕਾਰੀਗਰਾਂ ਨੂੰ ਸਮਰਪਿਤ ਹੋਵੇਗਾ। ਉਨ੍ਹਾਂ ਅੱਗੇ ਲਿਖਿਆ, "ਇਸ ਇਤਿਹਾਸਕ ਪਹਿਲਕਦਮੀ ਦੇ ਹਿੱਸੇ ਵਜੋਂ ਮਜ਼ਦੂਰ ਯੂਨੀਅਨਾਂ ਦੇ ਨੁਮਾਇੰਦਿਆਂ ਨੂੰ ਵਿਸ਼ੇਸ਼ ਮਹਿਮਾਨਾਂ ਵਜੋਂ ਸਦਨ ਵਿੱਚ ਸੱਦਾ ਦਿੱਤਾ ਜਾਵੇਗਾ। ਇਸ ਸੈਸ਼ਨ ਵਿੱਚ ਮਜ਼ਦੂਰ ਵਰਗ 'ਤੇ ਮਨਰੇਗਾ ਸਕੀਮ ਵਿੱਚ ਤਬਦੀਲੀਆਂ ਦੇ ਪ੍ਰਭਾਵ ਦੇ ਨਾਲ-ਨਾਲ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਚੁਣੌਤੀਆਂ 'ਤੇ ਗੰਭੀਰ ਚਰਚਾ ਵੀ ਹੋਵੇਗੀ।

ਉਨ੍ਹਾਂ ਅੱਗੇ ਕਿਹਾ, "ਸੈਸ਼ਨ ਦੌਰਾਨ ਵਿਧਾਨ ਸਭਾ ਦੀ ਬਿਜ਼ਨਸ ਐਡਵਾਈਜ਼ਰੀ ਕਮੇਟੀ ਦੁਆਰਾ ਨਿਰਧਾਰਤ ਹੋਰ ਜ਼ਰੂਰੀ ਵਿਧਾਨਕ ਕੰਮਕਾਜ ਸਥਾਪਤ ਪ੍ਰਕਿਰਿਆਵਾਂ ਦੇ ਅਨੁਸਾਰ ਕੀਤਾ ਜਾਵੇਗਾ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਸੂਬੇ ਦੇ ਵਿਕਾਸ ਅਤੇ ਲੋਕਤੰਤਰ ਦੀ ਮਜ਼ਬੂਤੀ ਲਈ ਹੀ ਜ਼ਰੂਰੀ ਮਹੱਤਵਪੂਰਨ ਫੈਸਲੇ ਲਏ ਜਾਣ। ਅੱਜ ਇਸ ਦਾ ਖੁਲਾਸਾ ਕਰਦੇ ਹੋਏ ਮੁੱਖ ਮੰਤਰੀ ਦਫਤਰ ਨੇ ਕਿਹਾ ਕਿ ਇੱਕ ਰੋਜ਼ਾ ਸੈਸ਼ਨ ਦੇਸ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਕਿਰਤੀ ਵਰਗ ਦੇ ਅਥਾਹ ਯੋਗਦਾਨ ਨੂੰ ਯਾਦ ਕਰੇਗਾ। ਉਨ੍ਹਾਂ ਅੱਗੇ ਕਿਹਾ,"ਇਹ ਵੀ ਫੈਸਲਾ ਕੀਤਾ ਗਿਆ ਕਿ ਮਜ਼ਦੂਰ ਯੂਨੀਅਨਾਂ ਦੇ ਨੁਮਾਇੰਦਿਆਂ ਨੂੰ ਵੀ ਸਦਨ ਵਿੱਚ ਵਿਸ਼ੇਸ਼ ਮਹਿਮਾਨਾਂ ਵਜੋਂ ਸੈਸ਼ਨ ਵਿੱਚ ਸੱਦਾ ਦਿੱਤਾ ਜਾਵੇਗਾ। ਸੈਸ਼ਨ ਵਿੱਚ ਮਨਰੇਗਾ ਸਕੀਮ ਨੂੰ ਬਦਲ ਕੇ ਜੀ-ਰਾਮ-ਜੀ ਸਕੀਮ ਲਾਗੂ ਕਰਨ ਨਾਲ ਮਜ਼ਦੂਰ ਵਰਗ 'ਤੇ ਪਏ ਨਾਕਾਰਤਮਕ ਪ੍ਰਭਾਵਾਂ 'ਤੇ ਵੀ ਚਰਚਾ ਕੀਤੀ ਜਾਵੇਗੀ।" ਇਸ ਤੋਂ ਇਲਾਵਾ ਸੈਸ਼ਨ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵਿਕਾਸ ਦੇ ਮੱਦੇ-ਨਜ਼ਰ ਮਜ਼ਦੂਰ ਵਰਗ ਨੂੰ ਦਰਪੇਸ਼ ਚੁਨੌਤੀਆਂ 'ਤੇ ਵੀ ਚਰਚਾ ਕੀਤੀ ਜਾਵੇਗੀ। ਮਿਆਰੀ ਪ੍ਰਕਿਰਿਆ ਅਨੁਸਾਰ ਵਿਧਾਨਕ ਕੰਮਾਂ ਨੂੰ ਵਿਧਾਨ ਸਭਾ ਦੀ ਬਿਜ਼ਨਸ ਐਡਵਾਈਜ਼ਰੀ ਕਮੇਟੀ ਦੁਆਰਾ ਅੰਤਿਮ ਰੂਪ ਦਿੱਤਾ ਜਾਵੇਗਾ। ਇਹ ਵਿਸ਼ੇਸ਼ ਸੈਸ਼ਨ ਮਜ਼ਦੂਰ ਵਰਗ ਦੇ ਉਨ੍ਹਾਂ ਲੱਖਾਂ ਲੋਕਾਂ ਨੂੰ ਸਮਰਪਿਤ ਹੋਵੇਗਾ, ਜਿਨ੍ਹਾਂ ਨੇ ਦੇਸ਼ ਨੂੰ ਸਫਲ ਅਤੇ ਮਜ਼ਬੂਤ ਲੋਕਤੰਤਰ ਵਿੱਚ ਬਦਲਣ ਵਿੱਚ ਮੱਦਦ ਕੀਤੀ ਹੈ।

ਸਰਕਾਰੀ ਏਜੰਸੀਆਂ ਵੱਲੋਂ ਕੀਤੀ ਕਣਕ ਦੀ ਖ਼ਰੀਦ ਦਾ ਅੰਕੜਾ ਮਹਿਜ਼ ਦੋ ਹਫ਼ਤਿਆਂ ਵਿੱਚ 100 ਲੱਖ ਮੀਟਰਿਕ ਟਨ ਤੋਂ ਹੋਇਆ ਪਾਰ

ਕਿਸਾਨਾਂ ਦੇ ਖਾਤਿਆਂ ਵਿੱਚ 22000 ਕਰੋੜ ਤੋਂ ਵੱਧ ਦੀ ਐਮਐਸਪੀ ਦਾ ਕੀਤਾ ਭੁਗਤਾਨ



ਚੰਡੀਗੜ੍ਹ, 28 ਅਪ੍ਰੈਲ (ਚ.ਨ.ਸ.): ਵੱਡਾ ਮੀਲ ਪੱਥਰ ਸਥਾਪਿਤ ਕਰਦਿਆਂ ਸਰਕਾਰੀ ਏਜੰਸੀਆਂ ਵੱਲੋਂ ਕੀਤੀ ਗਈ ਕਣਕ ਦੀ ਖਰੀਦ ਮਹਿਜ਼ ਦੋ ਹਫ਼ਤਿਆਂ ਵਿੱਚ ਅੱਜ 100 ਲੱਖ ਮੀਟਰਿਕ ਟਨ (ਐਲਐਮਟੀ) ਨੂੰ ਪਾਰ ਕਰ ਗਈ ਹੈ। ਕਣਕ ਦੀ ਆਮਦ ਨੇ 14 ਅਪ੍ਰੈਲ ਤੋਂ ਰਫ਼ਤਾਰ ਫੜੀ ਸੀ ਅਤੇ ਹੁਣ ਤੱਕ, ਭਾਵ 2 ਹਫ਼ਤਿਆਂ ਦੌਰਾਨ, ਸਰਕਾਰੀ ਏਜੰਸੀਆਂ ਵੱਲੋਂ ਪਹਿਲਾਂ ਹੀ 103.4 ਲੱਖ ਮੀਟਰਿਕ ਟਨ ਕਣਕ ਖਰੀਦੀ ਜਾ ਚੁੱਕੀ ਹੈ। ਹੁਣ ਤੱਕ ਕੁੱਲ 107.26 ਲੱਖ ਮੀਟਰਿਕ ਟਨ ਕਣਕ ਦੀ ਆਮਦ ਹੋਈ, ਜਿਸ ਵਿੱਚੋਂ 104.29 ਲੱਖ ਮੀਟਰਿਕ ਟਨ ਕਣਕ ਦੀ ਖਰੀਦੀ ਕੀਤੀ ਜਾ ਚੁੱਕੀ ਹੈ। ਖਰੀਦੀ ਗਈ ਕਣਕ ਵਿੱਚੋਂ, ਵੱਖ-ਵੱਖ ਸਰਕਾਰੀ ਏਜੰਸੀਆਂ ਵੱਲੋਂ 103.4 ਲੱਖ ਮੀਟਰਕ ਟਨ ਕਣਕ ਜਦੋਂ ਕਿ ਵਪਾਰੀਆਂ ਵੱਲੋਂ 90434 ਮੀਟਰਕ ਟਨ ਕਣਕ ਖਰੀਦੀ ਗਈ ਹੈ। ਜ਼ਿਕਰਯੋਗ ਹੈ ਕਿ ਵਿਭਾਗ ਨੇ ਇਹ ਰਿਕਾਰਡ ਤੋੜ ਮੀਲ ਪੱਥਰ ਸਿਰਫ਼ ਦੋ ਹਫ਼ਤਿਆਂ ਦੇ ਸਮੇਂ ਵਿੱਚ ਹਾਸਲ ਕੀਤਾ ਗਿਆ ਹੈ।

ਸਰਕਾਰੀ ਏਜੰਸੀਆਂ ਵਿੱਚੋਂ, ਪਨਸਪ ਵੱਲੋਂ 23.99 ਲੱਖ ਮੀਟਰਕ ਟਨ, ਮਾਰਕਫੈੱਡ ਵੱਲੋਂ 26.98 ਲੱਖ ਮੀਟਰਕ ਟਨ, ਪਨਗ੍ਰੇਨ (ਡੀਸੀਪੀ) ਵੱਲੋਂ 7.55 ਲੱਖ ਮੀਟਰਕ ਟਨ, ਐਫਸੀਆਈ ਵੱਲੋਂ 2 ਲੱਖ ਮੀਟਰਕ ਟਨ, ਪਨਗ੍ਰੇਨ (ਨਾਨ ਡੀਸੀਪੀ) ਵੱਲੋਂ 25.95 ਲੱਖ ਮੀਟਰਕ ਟਨ ਅਤੇ ਪੀਐਸਡਬਲਯੂਸੀ ਵੱਲੋਂ 16.90 ਲੱਖ ਮੀਟਰਕ ਟਨ ਕਣਕ ਖਰੀਦੀ ਗਈ ਹੈ। ਇਸ ਸਬੰਧੀ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨ ਭਾਈਚਾਰੇ ਵੱਲੋਂ ਖੂਨ-ਪਸੀਨੇ ਨਾਲ ਪੈਦਾ ਕੀਤੇ ਗਏ ਅਨਾਜ ਦੇ ਇੱਕ-ਇੱਕ ਦਾਣੇ ਦੀ ਖਰੀਦ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਰਾਜਪੁਰਾ-ਅੰਬਾਲਾ ਰੇਲ ਮਾਰਗ 'ਤੇ ਧਮਾਕੇ ਕਾਰਨ ਪਟੜੀ ਨੁਕਸਾਨੀ



ਰਾਜਪੁਰਾ, 28 ਅਪ੍ਰੈਲ (ਸੰਜੀਵ ਕੁਮਾਰ): ਰਾਜਪੁਰਾ ਤੋਂ ਅੰਬਾਲਾ ਰੇਲ ਮਾਰਗ 'ਤੇ ਸੋਮਵਾਰ ਰਾਤੀ ਧਮਾਕਾ ਹੋਇਆ, ਇਹ ਧਮਾਕਾ ਰਾਜਪੁਰਾ ਦੇ ਨੇੜਲੇ ਪਿੰਡ ਬਠੌਣੀਆਂ (ਸ਼ੰਭੂ) ਦੇ ਨੇੜੇ ਹੋਇਆ ਇਸ ਧਮਾਕੇ ਦੌਰਾਨ ਰੇਲਵੇ ਲਾਈਨ ਨੁਕਸਾਨੀ ਗਈ ਇਹ ਧਮਾਕਾ ਰਾਤੀ ਤਕਰੀਬਨ 9 ਤੋਂ 10 ਵਜੇ ਦੇ ਵਿਚਕਾਰ ਹੋਇਆ ਮੁਢਲੀ ਜਾਣਕਾਰੀ ਅਨੁਸਾਰ ਇਸ ਦੌਰਾਨ ਕਿਸੇ ਜਾਨੀ ਨੁਕਸਾਨ ਤੋਂ ਬਚਾ ਰਿਹਾ, ਪਰ ਰੇਲ ਪਟੜੀ ਨੂੰ ਨੁਕਸਾਨ ਪਹੁੰਚਿਆ ਹੈ। ਹਾਲ ਦੀ ਘੜੀ ਇੱਥੋਂ ਰੇਲ ਗੱਡੀਆਂ ਦੀ ਆਵਾਜਾਈ ਬੰਦ ਕਰ ਦਿੱਤੀ ਗਈ ਹੈ। ਧਮਾਕੇ ਬਾਰੇ ਜਾਣਕਾਰੀ ਮਿਲਦੇ ਹੀ ਐਸਐਸਪੀ ਵਰੁਣ ਸ਼ਰਮਾ ਘਨੌਰ ਦੇ ਡੀਐਸਪੀ ਦਲਜੀਤ ਵਿਰਕ ਅਤੇ ਘਨੌਰ ਦੇ ਐਸਐਚਓ ਗੁਰਮੁਖ ਸਿੰਘ ਵਿਰਕ ਤੇ ਰੇਲਵੇ ਪੁਲਿਸ ਦੇ ਅਧਿਕਾਰੀਆਂ ਦੇ ਨਾਲ ਡੀਜੀਪੀ ਜੀ ਆਰ ਪੀ ਸ਼ਸ਼ੀ ਪ੍ਰਭਾ ਪਹੁੰਚੇ। ਇਸ ਘਟਨਾ ਮਗਰੋਂ ਰੇਲਵੇ ਵਿਭਾਗ ਨੇ ਆਵਾਜਾਈ ਰੋਕ ਦਿੱਤੀ ਹੈ ਅਤੇ ਰਾਜਪੁਰਾ ਪੁਲਿਸ ਵੱਲੋਂ ਨਾਕੇਬੰਦੀ ਕਰਕੇ ਚੱਪੇ ਚੱਪੇ ਦੀ ਚੈਕਿੰਗ ਕੀਤੀ ਜਾ ਰਹੀ ਹੈ। ਇਸ ਦੌਰਾਨ ਪੁਲਿਸ ਨੂੰ ਧਮਾਕੇ ਵਾਲੀ ਥਾਂ ਨੇੜੇ ਮਨੁੱਖੀ ਮਾਸ ਦੇ ਲੋਥੜੇ ਮਿਲੇ ਹਨ ਮੁਢਲੇ ਤੌਰ 'ਤੇ ਮੰਨਿਆ ਜਾ ਰਿਹਾ ਹੈ ਕਿ ਸ਼ਾਇਦ ਇਹ ਵਿਅਕਤੀ ਹੀ ਇੱਥੇ ਬੰਬ ਰੱਖ ਰਿਹਾ ਸੀ, ਜੋ ਉਸ ਦੇ ਹੱਥ ਵਿੱਚ ਹੀ ਚੱਲ ਗਿਆ।ਪੁਲਿਸ ਵੱਲੋਂ ਵੱਖ-ਵੱਖ ਪਹਿਲੂਆਂ ਤੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।ਪੁਲਿਸ ਨੇ ਇਤਿਆਤ ਵਜੋਂ ਰੇਲਵੇ ਲਾਈਨ ਨੇੜਿਓਂ ਸੁਰੱਖਿਆ ਵਧਾ ਦਿੱਤੀ ਹੈ ਅਤੇ ਛਾਣਬੀਣ ਜਾਰੀ ਹੈ।

ਮਿਲਕਫੈੱਡ ਪੰਜਾਬ ਵੱਲੋਂ ਦੁੱਧ ਦੀ ਖਰੀਦ ਕੀਮਤ ਵਿੱਚ ਵਾਧਾ

ਸੂਬੇ ਵਿੱਚ ਸਹਿਕਾਰੀ ਡੇਅਰੀ ਢਾਂਚੇ ਨੂੰ ਮਜ਼ਬੂਤ ਕਰਨਾ ਹੈ। ਮਿਲਕਫੈੱਡ ਦੇ ਸੂਤਰਾਂ ਮੁਤਾਬਕ ਮੁੱਖ ਮੰਤਰੀ ਦੇ ਨਿਰਦੇਸ਼ਾਂ ਅਨੁਸਾਰ, ਮਿਲਕਫੈੱਡ ਵੱਲੋਂ ਇਹ ਕਦਮ ਕਿਸਾਨਾਂ ਅਤੇ ਡੇਅਰੀ ਉਤਪਾਦਕਾਂ ਦੇ ਹਿੱਤਾਂ ਦੀ ਰਾਖੀ ਲਈ ਚੁੱਕਿਆ ਗਿਆ ਹੈ, ਜੋ ਪੰਜਾਬ ਦੀ ਪੇਂਡੂ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ। ਸਰਕਾਰੀ ਸੂਤਰਾਂ ਨੇ ਦੱਸਿਆ ਕਿ 2.5 ਲੱਖ ਡੇਅਰੀ ਕਿਸਾਨ ਜੋ ਮਿਲਕਫੈੱਡ ਪਰਿਵਾਰ ਦਾ ਹਿੱਸਾ ਹਨ, ਨੂੰ ਤੁਰੰਤ ਵਧਾਈ ਗਈ ਕੀਮਤ ਦਾ ਲਾਭ ਮਿਲੇਗਾ। ਇਸ ਵਾਧੇ ਨਾਲ ਡੇਅਰੀ ਫਾਰਮਿੰਗ ਦੀ ਆਮਦਨ ਵਿੱਚ ਸੁਧਾਰ ਹੋਵੇਗਾ, ਜਿਸ ਨਾਲ ਪੰਜਾਬ ਦੇ ਲੱਗਭੱਗ 30 ਲੱਖ ਦੁੱਧ ਉਤਪਾਦਕਾਂ ਨੂੰ ਲਾਭ ਹੋਵੇਗਾ। ਕਿਉਂਕਿ ਕਿਸਾਨਾਂ ਤੋਂ ਦੁੱਧ ਖ਼ਰੀਦਣ ਵਾਲੀਆਂ ਹੋਰ ਸਾਰੀਆਂ ਕੰਪਨੀਆਂ ਅਤੇ ਸੰਸਥਾਵਾਂ ਨੂੰ ਵੀ ਆਪਣੀਆਂ ਖਰੀਦ ਕੀਮਤਾਂ ਵਿੱਚ ਵਾਧਾ ਕਰਨਾ ਪਵੇਗਾ, ਤਾਂ ਜੋ ਇਹ ਕੀਮਤਾਂ ਮਿਲਕਫੈੱਡ ਦੇ ਬਰਾਬਰ ਹੋ ਸਕਣ। ਮਿਲਕਫੈੱਡ ਪੰਜਾਬ ਉੱਤਰੀ ਭਾਰਤ ਦਾ ਮੋਹਰੀ ਦੁੱਧ ਸਹਿਕਾਰੀ ਸੰਸਥਾ ਹੈ ਜੋ ਜਿਆਦਾਤਰ ਪੈਕ ਕੀਤੇ ਦੁੱਧ ਅਤੇ ਦੁੱਧ ਉਤਪਾਦਾਂ ਵਿੱਚ ਸਰਗਰਮ ਹੈ। ਦੇਸ਼ ਦੇ ਇਸ ਖੇਤਰ ਦੇ ਉਦਯੋਗ ਵਿੱਚ ਮੋਹਰੀ ਹੋਣ ਦੇ ਨਾਤੇ, ਮਿਲਕਫੈੱਡ ਵੱਲੋਂ ਦੁੱਧ ਖਰੀਦ ਕੀਮਤਾਂ ਵਿੱਚ ਵਾਧੇ ਦਾ ਵਿਆਪਕ ਪ੍ਰਭਾਵ ਪਵੇਗਾ ਅਤੇ ਪੰਜਾਬ ਦੀ ਪੇਂਡੂ ਆਰਥਿਕਤਾ ਵਿੱਚ ਪ੍ਰਤੀ ਮਹੀਨਾ 100 ਕਰੋੜ ਰੁਪਏ ਦਾ ਵਾਧੂ ਲਾਭ ਹੋਵੇਗਾ।

ਸਾਰੇ ਦੇਸ਼ ਅੱਤਵਾਦ ਵਿਰੁੱਧ ਦ੍ਰਿੜ ਅਤੇ

ਉਨ੍ਹਾਂ ਕਿਹਾ ਕਿ 'ਅੱਖ ਦੇ ਬਦਲੇ ਅੱਖ' ਪੂਰੀ ਦੁਨੀਆਂ ਨੂੰ ਅੰਨ੍ਹਾ ਕਰ ਦਿੰਦੀ ਹੈ। ਰੱਖਿਆ ਅਤੇ ਸੁਰੱਖਿਆ ਲਈ ਜ਼ਿੰਮੇਵਾਰ ਹੋਣ ਦੇ ਨਾਤੇ, ਸਾਡਾ ਫਰਜ਼ ਭਾਈਚਾਰੇ ਅਤੇ ਸਦਭਾਵਨਾ ਨੂੰ ਬਣਾਈ ਰੱਖਣਾ ਹੈ। ਸ਼ਕਤੀ ਦੀ ਅਸਲ ਪ੍ਰੀਖਿਆ ਕਮਜ਼ੋਰਾਂ ਦੀ ਰੱਖਿਆ ਕਰਨ ਵਿੱਚ ਹੈ। ਅੰਤ ਵਿੱਚ, ਉਨ੍ਹਾਂ ਨੇ ਭਾਰਤ ਦੀ ਵਚਨਬੱਧਤਾ ਨੂੰ ਦੁਹਰਾਇਆ ਕਿ ਸਮਾਨਤਾ ਅਤੇ ਆਪਸੀ ਸਤਿਕਾਰ ਦੇ ਆਧਾਰ 'ਤੇ ਮੈਂਬਰ ਦੇਸ਼ਾਂ ਵਿਚਕਾਰ ਸਹਿਯੋਗ ਇਸ ਸੰਗਠਨ ਨੂੰ ਉਮੀਦ ਅਤੇ ਸ਼ਾਂਤੀ ਦਾ ਪ੍ਰਤੀਕ ਬਣਾ ਸਕਦਾ ਹੈ। ਬੈਠਕ ਦੌਰਾਨ 2026 ਦੇ ਪ੍ਰਤੀਕਾਤਮਕ ਮਹੱਤਵ 'ਤੇ ਵੀ ਜ਼ੋਰ ਦਿੱਤਾ ਗਿਆ, ਜੋ ਕਿ ਸੰਗਠਨ ਦੀ ਸਥਾਪਨਾ ਦੀ 25ਵੀਂ ਵਰ੍ਹੇਗੰਢ ਹੈ।

ਮਾਨ ਵੱਲੋਂ ਆਪਣੇ ਜੱਦੀ ਪਿੰਡ ਸਤੌਜ ਤੋਂ ਜਨਗਣਨਾ

ਸੰਗਰੂਰ ਨੇ ਸਹਿਯੋਗ ਕੀਤਾ।

ਨਿਰਧਾਰਿਤ ਡਿਜੀਟਲ ਪਲੇਟਫਾਰਮ ਦੀ ਵਰਤੋਂ ਕਰਦੇ ਹੋਏ ਸਵੈ-ਗਣਨਾ ਦੀ ਪ੍ਰਕਿਰਿਆ ਨੂੰ ਨਿੱਜੀ ਤੌਰ ਤੇ ਅਪਣਾ ਕੇ, ਮਾਨਯੋਗ ਮੁੱਖ ਮੰਤਰੀ ਨੇ ਇਸ ਪਹਿਲਕਦਮੀ ਦੀ ਸੰਖ, ਪਹੁੰਚਯੋਗਤਾ ਅਤੇ ਨਾਗਰਿਕ-ਕੇਂਦਰਿਤ ਰੁਝਾਨ ਦਾ ਪ੍ਰਦਰਸ਼ਨ ਦਰਸ਼ਨ ਕੀਤਾ। ਉਨ੍ਹਾਂ ਨੇ ਪੰਜਾਬ ਦੇ ਸਮੂਹ ਨਿਵਾਸੀਆਂ ਨੂੰ ਜਨਗਣਨਾ ਕਾਰਜਾਂ ਵਿਚ ਸਰਗਰਮੀ ਨਾਲ ਹਿੱਸਾ ਲੈਣ ਅਤੇ ਇਸ ਤਕਨਾਲੋਜੀ ਅਧਾਰਿਤ ਪ੍ਰਕਿਰਿਆ ਨੂੰ ਅਪਣਾਉਣ ਦਾ ਸੱਦਾ ਦਿੱਤਾ। ਉਨ੍ਹਾਂ ਦੀ ਇਸ ਸਰਗਰਮ ਸ਼ਮੂਲੀਅਤ ਨੇ ਇੱਕ ਮਜਬੂਤ ਮਿਸਾਲ ਕਾਇਮ ਕੀਤੀ ਹੈ, ਜੋ ਸੂਬੇ ਭਰ ਦੇ ਲੋਕਾਂ ਨੂੰ ਜਨਗਣਨਾ-2027 ਲਈ ਸਹੀ ਅਤੇ ਸਮੇਂ ਸਿਰ ਜਾਣਕਾਰੀ ਪ੍ਰਦਾਨ ਕਰਨ ਲਈ ਉਤਸ਼ਾਹਿਤ ਕਰਦੀ ਹੈ।

ਮੁੱਖ ਮੰਤਰੀ ਨੇ ਪੰਜਾਬ ਦੇ ਸਮੂਹ ਨਿਵਾਸੀਆਂ ਨੂੰ 30 ਅਪ੍ਰੈਲ 2026 ਤੋਂ 14 ਮਈ 2026 ਤੱਕ ਸਵੈ-ਗਣਨਾ ਦੀ ਸਹੂਲਤ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ, ਤਾਂ ਜੋਇੱਕ ਵਿਆਪਕ ਅਤੇ ਭਰੋਸੇਮੰਦ ਰਾਸ਼ਟਰੀ ਡਾਟਾਬੇਸ ਬਣਾਉਣ ਵਿੱਚ ਯੋਗਦਾਨ ਪਾਇਆ ਜਾ ਸਕੇ, ਜੋ ਪ੍ਰਭਾਵਸ਼ਾਲੀ ਯੋਜਨਾਬੰਦੀ ਅਤੇ ਨੀਤੀ ਨਿਰਮਾਣ ਲਈ ਜ਼ਰੂਰੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜਨਗਣਨਾ ਦਾ ਸਹੀ ਡਾਟਾ ਸ਼ਾਸ਼ਨ ਲਈ ਰੀੜ੍ਹ ਦੀ ਹੱਡੀ ਹੁੰਦਾ ਹੈ, ਜੋ ਭਲਾਈ ਸਕੀਮਾਂ, ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਸਰੋਤਾਂ ਦੀ ਬਰਾਬਰ ਵੰਡ ਨੂੰ ਯਕੀਨੀ ਬਣਾਉਂਦਾ ਹੈ।

'ਸਵੈ-ਗਣਨਾ' ਜਨਗਣਨਾ 2027 ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਹੈ, ਜਿਸ ਨਾਲ ਵਿਅਕਤੀ ਆਪਣੇ ਜਨਸੰਖਿਆਤਮਕ ਅਤੇ ਸਮਾਜਿਕ-ਆਰਥਿਕ ਵੇਰਵੇ ਸੁਵਿਧਾਜਨਕ ਢੰਗ ਨਾਲ ਆਨਲਾਈਨ ਭਰ ਸਕਦੇ ਹਨ। ਇਹ ਪਹਿਲਕਦਮੀ ਪਾਰਦਰਸ਼ਤਾ ਕੁਸ਼ਲਤਾ ਅਤੇ ਡਾਟਾ ਦੀ ਸੁੱਧਤਾ ਨੂੰ ਵਧਾਉਂਦੀ ਹੈ, ਜੋ ਜਨਗਣਨਾ ਕਾਰਜਾਂ ਨੂੰ ਪੂਰੀ ਤਰ੍ਹਾਂ ਡਿਜੀਟਲ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਹ ਦਸਤੀ ਪ੍ਰਕਿਰਿਆ ਤੇ ਨਿਰਭਰਤਾ ਨੂੰ ਘਟਾਉਂਦੀ ਹੈ, ਤੇਜੀ ਨਾਲ ਡਾਟਾ ਸੰਕਲਨ ਨੂੰ ਯਕੀਨੀ ਬਣਾਉਂਦੀ ਹੈ ਅਤੇ ਰਾਸ਼ਟਰੀ ਡਾਟਾਬੇਸ ਦੀ ਪੂਰੀ ਇੱਕਸਾਰਤਾ ਨੂੰ ਮਜ਼ਬੂਤ ਬਣਾਉਂਦੀ ਹੈ।

ਇਸ ਮੌਕੇ ਡਾ. ਨਵਜੋਤ ਖੋਸਾ ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਮਾਨਯੋਗ ਮੁੱਖ ਮੰਤਰੀ ਵਰਗੀਆਂ ਸਤਿਕਾਰਯੋਗ ਸ਼ਖ਼ਸੀਅਤਾਂ ਦੀ ਸ਼ਮੂਲੀਅਤ ਜਨਗਣਨਾ ਪ੍ਰਕਿਰਿਆ ਵਿੱਚ ਜਨਤਾ ਦੇ ਵਿਸ਼ਵਾਸ਼ ਨੂੰ ਮਜ਼ਬੂਤ ਕਰਦੀ ਹੈ ਅਤੇ ਸਮਾਜ ਦੇ ਵੱਡੇ ਸੰਗਠਨ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਸਵੈ-ਗਣਨਾ ਨੂੰ ਵਿਆਪਕ ਪੱਧਰ 'ਤੇ ਅਪਣਾਉਣਾ ਸ਼ਹਿਰੀ ਅਤੇ ਪੇਂਡੂ ਦੋਵੇਂ ਖੇਤਰਾਂ ਵਿੱਚ ਸਮਾਵੇਸ਼ੀ ਅਤੇ ਵਿਆਪਕ ਕਵਰੇਜ ਨੂੰ ਯਕੀਨੀ ਬਣਾਉਣ ਵਿੱ

ਯੂਰਪ ਫੇਰੀ ਨੇ ਪੰਜਾਬ ਦੇ ਕਿਸਾਨਾਂ, ਉਦਯੋਗ ਤੇ ਨੌਜਵਾਨਾਂ ਲਈ ਨਵੇਂ ਬੂਹੇ ਖੋਲ੍ਹੇ : ਮਾਨ

ਜ਼ਾਇਕਾ ਕੰਪਨੀ ਦੇ 1300 ਕਰੋੜ ਦੇ ਨਿਵੇਸ਼ ਨਾਲ ਸੂਬੇ 'ਚ ਉੱਚ ਗੁਣਵੱਤਾ ਵਾਲੀ ਖੇਤੀ ਤੇ ਉਦਯੋਗ ਨੂੰ ਹੁਲਾਰਾ ਮਿਲੇਗਾ: ਮੁੱਖ ਮੰਤਰੀ



ਚੰਡੀਗੜ੍ਹ, 28 ਅਪ੍ਰੈਲ (ਅੰਮ੍ਰਿਤਪਾਲ ਸਿੰਘ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੇ ਨੀਦਰਲੈਂਡ-ਫਿਨਲੈਂਡ ਦੌਰੇ ਦਾ ਵਿਆਪਕ ਰਿਪੋਰਟ ਕਾਰਡ ਪੇਸ਼ ਕੀਤਾ, ਜਿਸ ਵਿੱਚ ਕਿਹਾ ਗਿਆ ਕਿ ਪੰਜਾਬ ਸਰਕਾਰ ਨੇ ਖੇਤੀਬਾੜੀ, ਉਦਯੋਗ ਤੇ ਨਵੀਨਤਾ ਵਿੱਚ ਵਿਸ਼ਵ ਭਰ ਤੋਂ ਮਜ਼ਬੂਤ ਸਹਿਯੋਗ ਹਾਸਲ ਕੀਤਾ ਹੈ, ਜਿਸ ਨਾਲ ਕਿਸਾਨਾਂ, ਨੌਜਵਾਨਾਂ ਤੇ ਸੂਬੇ ਦੀ ਆਰਥਿਕਤਾ ਨੂੰ ਸਿੱਧਾ ਲਾਭ ਹੋਵੇਗਾ। ਜ਼ਾਇਕਾ ਕੰਪਨੀ ਦੇ 1300 ਕਰੋੜ ਰੁਪਏ ਦੇ ਨਿਵੇਸ਼, ਵਿਸ਼ਵ-ਵਿਆਪੀ ਕੰਪਨੀਆਂ ਦੀ ਦਿਲਚਸਪੀ ਤੇ ਕੇਉਕੇਨਹੌਫ ਤੋਂ ਫਿਨਲੈਂਡ ਤੱਕ ਉੱਨਤ ਖੇਤੀਬਾੜੀ-ਤਕਨੀਕੀ ਸਹਿਯੋਗ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਰਣਨੀਤਕ ਗੱਠਜੋੜ ਫਸਲੀ ਵਿਭਿੰਨਤਾ ਨੂੰ ਤੇਜ਼ ਕਰਨਗੇ, ਨਿਵੇਸ਼ ਨੂੰ ਆਕਰਸ਼ਿਤ ਕਰਨਗੇ ਤੇ ਪੰਜਾਬ ਨੂੰ ਨਵੀਨਤਾ, ਖੋਜ ਅਤੇ ਵਿਕਾਸ ਤੇ ਉੱਚ ਗੁਣਵੱਤਾ ਵਾਲੀ ਖੇਤੀ ਲਈ ਵਿਸ਼ਵ-ਵਿਆਪੀ ਕੇਂਦਰ ਵਜੋਂ ਮਜ਼ਬੂਤੀ ਨਾਲ ਸਥਾਪਤ ਕਰਨਗੇ। ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪਹਿਲੇ ਦਿਨ ਨੀਦਰਲੈਂਡ ਵਿੱਚ ਭਾਰਤ ਦੇ ਸਫ਼ੀਰ ਨੇ ਪੰਜਾਬ ਦੇ ਵਫ਼ਦ ਦਾ ਸਵਾਗਤ ਕੀਤਾ ਤੇ 19 ਅਪ੍ਰੈਲ ਨੂੰ ਵਫ਼ਦ ਨੇ ਵਿਸ਼ਵ-ਪ੍ਰਸਿੱਧ ਬਾਗਬਾਨੀ ਮਾਡਲ ਕੇਉਕੇਨਹੌਫ ਦਾ ਦੌਰਾ ਕੀਤਾ, ਜਿੱਥੇ ਰੋਜ਼ਾਨਾ 40,000 ਸੈਲਾਨੀ ਆਉਂਦੇ ਹਨ ਤੇ ਇਸ ਦੇ ਪ੍ਰਤੀਨਿਧੀਆਂ ਨਾਲ ਗੱਲਬਾਤ ਕੀਤੀ।" ਮੁੱਖ ਮੰਤਰੀ ਨੇ ਅੱਗੇ ਕਿਹਾ, "ਇਸ ਦੌਰੇ ਦਾ ਮੰਤਵ ਖੇਤੀਬਾੜੀ ਖੇਤਰ ਵਿੱਚ ਭਾਈਵਾਲੀ ਦੇ ਮੌਕਿਆਂ ਦੀ ਪੜਚੋਲ ਕਰਨਾ ਸੀ ਤੇ ਬਾਗਬਾਨੀ ਦੇ ਵਿਕਾਸ ਲਈ ਸਹਿਯੋਗ ਬਾਰੇ ਚਰਚਾ ਕੀਤੀ ਗਈ ਤੇ ਪੰਜਾਬ ਤੋਂ ਗੁਲਾਬ ਦੀ ਬਰਾਮਦ ਦੀ ਸੰਭਾਵਨਾ ਦਾ ਪਤਾ ਲਾਇਆ ਗਿਆ।" ਉਨ੍ਹਾਂ ਅੱਗੇ ਕਿਹਾ, "ਜ਼ਾਇਕਾ ਵੱਲੋਂ ਕੀਤੇ ਜਾ ਰਹੇ 1300 ਕਰੋੜ ਰੁਪਏ ਦੇ ਨਿਵੇਸ਼ ਤੋਂ ਇਲਾਵਾ ਇਹ ਸਮਝੌਤਾ ਫਸਲੀ ਵਿਭਿੰਨਤਾ ਨੂੰ ਵੱਡਾ ਹੁਲਾਰਾ ਦੇਣ ਵਿੱਚ ਮੁੱਖ ਭੂਮਿਕਾ ਨਿਭਾਏਗਾ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਸ ਦੌਰੇ ਦਾ ਉਦੇਸ਼ ਉਦਯੋਗਿਕ ਨਿਵੇਸ਼ ਤੇ ਭਾਈਵਾਲੀ ਨੂੰ ਉਤਸ਼ਾਹਿਤ ਕਰਨਾ, ਸਿੱਖਿਆ ਤੇ ਖੋਜ ਅਦਾਨ-ਪ੍ਰਦਾਨ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨਾ, ਤਕਨਾਲੋਜੀ ਦੇ ਪਰਸਪਰ ਵਟਾਂਦਰੇ `ਤੇ ਧਿਆਨ ਕੇਂਦਰਿਤ ਕਰਨਾ ਅਤੇ ਪੰਜਾਬ ਦੇ ਸੰਪੂਰਨ ਵਿਕਾਸ ਲਈ ਯੋਜਨਾ ਬਣਾਉਣਾ ਵੀ ਸੀ।" ਉਨ੍ਹਾਂ ਅੱਗੇ ਕਿਹਾ, "ਗੱਲਬਾਤ ਦੌਰਾਨ ਆਧੁਨਿਕ ਖੇਤੀਬਾੜੀ ਤਕਨੀਕਾਂ ਅਤੇ ਟਿਕਾਊ ਖੇਤੀ ਵਿੱਚ ਸਾਂਝੇ ਪ੍ਰਾਜੈਕਟਾਂ ਦੀ ਸੰਭਾਵਨਾ ਦੀ ਪੜਚੋਲ ਕੀਤੀ ਗਈ ਅਤੇ ਇਸ ਗੱਲ `ਤੇ ਸਹਿਮਤੀ ਬਣੀ ਕਿ ਉੱਚ-ਮੁੱਲ ਵਾਲੀਆਂ ਫਸਲਾਂ ਤੇ ਗੁਣਵੱਤਾ ਭਰਪੂਰ ਬਰਾਮਦ ਉਤਪਾਦਨ ਲਈ ਸਹਿਯੋਗ ਕੀਤਾ ਜਾਵੇਗਾ। ਇਸ ਦੌਰੇ ਨੇ ਹੁਨਰ ਵਿਕਾਸ ਅਤੇ ਵਿਦਿਅਕ ਅਦਾਨ-ਪ੍ਰਦਾਨ ਦੇ ਮੌਕਿਆਂ ਦੇ ਨਾਲ-ਨਾਲ ਨਵੇਂ ਉਦਯੋਗਿਕ ਨਿਵੇਸ਼ਾਂ ਅਤੇ ਗੱਠਜੋੜਾਂ ਲਈ ਰਾਹ ਖੋਲ੍ਹੇ।" ਉਨ੍ਹਾਂ ਰਣਨੀਤਕ ਭਾਈਵਾਲੀ ਬਣਾਉਣ `ਤੇ ਜ਼ੋਰ ਦਿੰਦੇ ਹੋਏ ਤਕਨਾਲੋਜੀ ਅਤੇ ਨਵੀਨਤਾ ਅਦਾਨ-ਪ੍ਰਦਾਨ `ਤੇ ਵੀ ਸਮਝੌਤਾ ਕੀਤਾ। ਨੀਦਰਲੈਂਡ ਵਰਟੀਕਲ (ਲੰਬਕਾਰੀ) ਖੇਤੀਬਾੜੀ ਲਈ ਮਸ਼ਹੂਰ ਹੈ, ਜਿਸ ਨੂੰ ਪੰਜਾਬ ਵਿੱਚ ਦੁਹਰਾਇਆ ਜਾ ਸਕਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ, "20 ਅਪ੍ਰੈਲ ਨੂੰ ਵਫ਼ਦ ਨੇ ਵਿਸ਼ਵ ਬਾਗਬਾਨੀ ਕੇਂਦਰ ਦਾ ਦੌਰਾ ਕੀਤਾ ਤੇ ਨੀਦਰਲੈਂਡਜ਼ ਇੰਡੀਆ ਚੈਂਬਰ ਆਫ਼ ਕਾਮਰਸ ਐਂਡ ਟਰੇਡ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਕੀਤੀ ਅਤੇ ਪੰਜਾਬੀ ਭਾਈਚਾਰੇ ਨਾਲ ਗੱਲਬਾਤ ਕੀਤੀ।" ਉਨ੍ਹਾਂ ਦੱਸਿਆ ਕਿ ਵਫ਼ਦ ਨੂੰ ਦੱਸਿਆ ਗਿਆ ਕਿ ਸਾਡੇ ਵਾਂਗ ਖੁੱਲ੍ਹੇ ਵਿੱਚ ਖੇਤੀ ਕਰਨ ਨਾਲ ਇਕ ਵਰਗ ਮੀਟਰ ਵਿੱਚ ਛੇ ਕਿਲੋ ਟਮਾਟਰ ਪੈਦਾ ਹੁੰਦੇ ਹਨ, ਜਦੋਂ ਕਿ ਉੱਥੇ ਪੌਲੀ ਹਾਊਸ ਵਿੱਚ ਇਕ ਵਰਗ ਮੀਟਰ ਵਿੱਚ ਟਮਾਟਰ ਦਾ ਉਤਪਾਦਨ 100 ਕਿਲੋ ਹੈ। ਉਨ੍ਹਾਂ ਅੱਗੇ ਕਿਹਾ, "ਵਫ਼ਦ ਨੇ ਵਿਦੇਸ਼ੀ ਨਿਵੇਸ਼ ਤੇ ਵਿਸ਼ਵ-ਵਿਆਪੀ ਭਾਈਵਾਲੀ ਨੂੰ ਉਤਸ਼ਾਹਿਤ ਕਰਨ ਤੇ ਸੈਮੀਕੰਡਕਟਰ, ਇਲੈਕਟ੍ਰਾਨਿਕਸ ਤੇ ਨਵੀਨਤਾ ਖੇਤਰਾਂ ਵਿੱਚ ਮੌਕਿਆਂ ਦੀ ਪੜਚੋਲ ਕਰਨ ਦੇ ਉਦੇਸ਼ ਨਾਲ ਨਿਵੇਸ਼ ਰੋਡ ਸ਼ੋਅ ਵੀ ਕੀਤਾ।" ਉਨ੍ਹਾਂ ਕਿਹਾ, "ਆਧੁਨਿਕ ਖੇਤੀਬਾੜੀ ਤਕਨਾਲੋਜੀ ਤੇ ਬਾਗਬਾਨੀ ਮਾਡਲਾਂ ਨੂੰ ਅਪਨਾਉਣ, ਸਟਾਰਟ-ਅੱਪਸ, ਖੋਜ ਤੇ ਹੁਨਰ ਵਿਕਾਸ ਨੂੰ ਉਤਸ਼ਾਹਿਤ ਕਰਨ ਤੇ ਪੰਜਾਬ ਨੂੰ ਵਿਸ਼ਵ-ਵਿਆਪੀ ਨਿਵੇਸ਼ ਅਤੇ ਤਕਨੀਕੀ ਕੇਂਦਰ ਵਜੋਂ ਸਥਾਪਤ ਕਰਨ `ਤੇ ਧਿਆਨ ਕੇਂਦਰਿਤ ਕੀਤਾ ਗਿਆ।"

ਮੁੱਖ ਮੰਤਰੀ ਨੇ ਕਿਹਾ, "ਪੰਜਾਬ ਸਰਕਾਰ ਦੇ ਯਤਨਾਂ ਨੇ ਲੋੜੀਂਦੇ ਨਤੀਜੇ ਦਿੱਤੇ ਕਿਉਂਕਿ ਮੋਹਾਲੀ 'ਚ ਇਕ ਖੋਜ ਤੇ ਵਿਕਾਸ ਕੇਂਦਰ ਤੇ ਨਵੀਨਤਾ ਹੱਬ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਸੀ।" ਉਨ੍ਹਾਂ ਅੱਗੇ ਕਿਹਾ, "ਪੰਜਾਬ ਵਿੱਚ ਇਕ ਬਾਗਬਾਨੀ ਅਨੁਭਵ ਤੇ ਸਿਖਲਾਈ ਕੇਂਦਰ ਸਥਾਪਤ ਕਰਨ ਦੀ ਯੋਜਨਾ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਗਈ ਹੈ, ਨਾਲ ਹੀ ਕਿਹਾ ਕਿ ਪਰਵਾਸੀ ਪੰਜਾਬੀ ਬੇਅਦਬੀ ਵਿਰੋਧੀ ਕਾਨੂੰਨ ਬਣਾਉਣ ਤੇ ਪਹਿਲੀ ਵਾਰ ਕਿਸੇ ਪੰਜਾਬੀ ਵਫ਼ਦ ਵੱਲੋਂ ਨੀਦਰਲੈਂਡ ਦਾ ਦੌਰਾ ਕਰਨ ਨਾਲ ਬਹੁਤ ਖ਼ੁਸ਼ ਹਨ।" ਮਾਨ ਨੇ ਕਿਹਾ, "ਇਹ ਫਸਲੀ ਵਿਭਿੰਨਤਾ ਅਤੇ ਉੱਚ-ਤਕਨੀਕੀ ਖੇਤੀ ਨੂੰ ਵੀ ਉਤਸ਼ਾਹਿਤ ਕਰੇਗਾ, ਜਿਸ ਨਾਲ ਪੰਜਾਬ ਦਾ ਅਕਸ ਇਕ ਵਿਸ਼ਵ-ਵਿਆਪੀ, ਨਵੀਨਤਾ-ਆਧਾਰਤ ਤੇ ਨਿਵੇਸ਼ਕ-ਅਨੁਕੂਲ ਰਾਜ ਵਜੋਂ ਮਜ਼ਬੂਤ ਹੋਵੇਗੀ।" ਉਨ੍ਹਾਂ ਅੱਗੇ ਕਿਹਾ, "20 ਅਪ੍ਰੈਲ ਨੂੰ ਮੈਂ ਮਹਾਨ ਡੱਚ ਹਾਕੀ ਖਿਡਾਰੀ ਫਲੋਰਿਸ ਜਾਨ ਬੋਵਲੈਂਡਰ ਨੂੰ ਮਿਲਿਆ ਅਤੇ ਪੰਜਾਬ ਵਿੱਚ ਹਾਕੀ ਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਬਾਰੇ ਚਰਚਾ ਕੀਤੀ ਤੇ ਕਿਹਾ ਕਿ ਉਹ ਜਲਦੀ ਹਾਕੀ ਨੂੰ ਵੱਡਾ ਹੁਲਾਰਾ ਦੇਣ ਲਈ ਪੰਜਾਬ ਦਾ ਦੌਰਾ ਕਰਨਗੇ।" ਉਨ੍ਹਾਂ ਕਿਹਾ, "ਬੋਵਲੈਂਡਰ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ ਗਿਆ ਸੀ ਤੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਪੰਜਾਬ ਪਹਿਲੀ ਵਾਰ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਦੀ ਮੇਜ਼ਬਾਨੀ ਕਰੇਗਾ ਅਤੇ ਇਹ ਸੂਬੇ ਤੇ ਹਾਕੀ ਲਈ ਵੱਡਾ ਹੁਲਾਰਾ ਹੋਵੇਗਾ।"

ਮਾਨ ਨੇ ਕਿਹਾ, "ਇਸ ਦੌਰੇ ਨੂੰ ਜਾਰੀ ਰੱਖਦਿਆਂ 21 ਅਪ੍ਰੈਲ ਨੂੰ ਵਫ਼ਦ ਨੇ ਐਨ.ਐਕਸ.ਪੀ. ਸੈਮੀਕੰਡਕਟਰ, ਆਲਸਮੀਰ ਫਲਾਵਰ ਆਕਸ਼ਨ ਦਾ ਦੌਰਾ ਕੀਤਾ ਤੇ ਐਲ.ਟੀ. ਫੂਡਜ਼ ਦੇ ਪ੍ਰਤੀਨਿਧੀਆਂ ਨਾਲ ਮੁਲਾਕਾਤ ਕੀਤੀ ਤੇ ਖੇਤੀਬਾੜੀ, ਮੱਛੀ ਪਾਲਣ, ਫੂਡ ਸਕਿਊਰਿਟੀਜ਼ ਤੇ ਨੇਚਰ ਮੰਤਰਾਲੇ ਨਾਲ ਗੱਲਬਾਤ ਕੀਤੀ।" ਉਨ੍ਹਾਂ ਅੱਗੇ ਕਿਹਾ, "ਇਹ ਚਰਚਾ ਵਪਾਰ ਤੇ ਨਿਵੇਸ਼ ਦੇ ਮੌਕਿਆਂ ਨੂੰ ਵਧਾਉਣ, ਗਲੋਬਲ ਸਪਲਾਈ ਚੇਨਾਂ ਵਿੱਚ ਭਾਈਵਾਲੀ ਨੂੰ ਮਜ਼ਬੂਤ ਕਰਨ, ਖੇਤੀਬਾੜੀ ਅਤੇ ਫੂਡਜ਼ ਦੀ ਖੇਤੀ ਵਿੱਚ ਵਿਸ਼ਵ ਪੱਧਰੀ ਮਾਡਲਾਂ ਨੂੰ ਅਪਣਾਉਣ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਦੇ ਨਾਲ-ਨਾਲ ਨੌਜਵਾਨਾਂ ਲਈ ਨਵੇਂ ਮੌਕੇ ਪੈਦਾ ਕਰਨ 'ਤੇ ਅਧਾਰਤ ਸੀ।" ਉਨ੍ਹਾਂ ਕਿਹਾ, "ਨਿਵੇਸ਼ਾਂ ਅਤੇ ਤਾਲਮੇਲ ਲਈ ਇਨ੍ਹਾਂ ਨਵੀਆਂ ਸੰਭਾਵਨਾਵਾਂ ਦੀ ਖੋਜ ਤੋਂ ਬਾਅਦ ਪੰਜਾਬ ਨੂੰ ਗਲੋਬਲ ਸਪਲਾਈ ਚੇਨਾਂ ਨਾਲ ਜੋੜਨ ਵੱਲ ਮਹੱਤਵਪੂਰਨ ਕਦਮ ਚੁੱਕੇ ਗਏ, ਫੁੱਲਾਂ ਦੀ ਖੇਤੀ ਅਤੇ ਆਧੁਨਿਕ ਖੇਤੀਬਾੜੀ ਮਾਡਲਾਂ ਬਾਰੇ ਜਾਣਕਾਰੀ ਲਈ ਗਈ, ਖੇਤੀਬਾੜੀ ਵਿੱਚ ਨਵੀਨਤਾ ਤੇ ਤਕਨਾਲੋਜੀ ਲਈ ਗੱਲਬਾਤ ਕੀਤੀ ਗਈ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਆਰਥਿਕਤਾ ਨੂੰ ਮਜ਼ਬੂਤ ਕਰਨ ਦੇ ਰਾਹ ਪੱਧਰੇ ਕੀਤੇ ਗਏ।"

ਮੁੱਖ ਮੰਤਰੀ ਮਾਨ ਨੇ ਕਿਹਾ, "ਐਨ. ਐਕਸ.ਪੀ. ਨੇ ਨਿਵੇਸ਼ਾਂ ਦੀਆਂ ਹੋਰ ਸੰਭਾਵਨਾਵਾਂ ਦੀ ਪੜਚੋਲ ਕਰਨ ਦੇ ਨਾਲ-ਨਾਲ ਸੂਬੇ ਵਿੱਚ ਖੋਜ ਤੇ ਵਿਕਾਸ ਨੂੰ ਹੁਲਾਰਾ ਦੇਣ ਵਿੱਚ ਡੂੰਘੀ ਦਿਲਚਸਪੀ ਦਿਖਾਈ ਹੈ।" ਮਾਨ ਨੇ ਕਿਹਾ, "ਦਾਵਤ ਰਾਈਸ ਬ੍ਰਾਂਡ ਨਾਮੀ ਐਲਟੀ ਫੂਡਜ਼ ਨੇ ਵੀ ਰਾਜਪੁਰਾ ਵਿੱਚ ਨਿਵੇਸ਼ ਕਰਨ ਲਈ ਸਹਿਮਤੀ ਦਿੱਤੀ ਹੈ।" ਉਨ੍ਹਾਂ ਅੱਗੇ ਕਿਹਾ, "ਕੰਪਨੀ ਦੁਨੀਆ ਭਰ ਦੇ 80 ਦੇਸ਼ਾਂ ਨੂੰ ਚੌਲ ਨਿਰਯਾਤ ਕਰਦੀ ਹੈ ਅਤੇ ਇਹ ਸੂਬੇ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਵੱਲ ਇੱਕ ਵੱਡਾ ਕਦਮ ਹੋਵੇਗਾ।" ਉਨ੍ਹਾਂ ਅੱਗੇ ਕਿਹਾ, "ਚੌਲਾਂ ਲਈ ਵਰਤੀ ਜਾਣ ਵਾਲੀ ਤਕਨਾਲੋਜੀ ਵਿਸ਼ਵ ਭਰ ਵਿੱਚ ਸ਼ਲਾਘਾਯੋਗ ਰਹੀ ਅਤੇ ਇਸ ਨਾਲ ਸੂਬੇ ਨੂੰ ਵੱਡਾ ਹੁਲਾਰਾ ਮਿਲੇਗਾ।" ਉਨ੍ਹਾਂ ਨੇ ਫਲਾਵਰ ਆਕਸ਼ਨ ਦਾ ਵੀ ਦੌਰਾ ਕੀਤਾ ਜਿੱਥੇ ਇਕ ਸੁਚੱਜੀ ਪ੍ਰਣਾਲੀ ਰਾਹੀਂ ਰੋਜ਼ਾਨਾ 4 ਕਰੋੜ ਤੋਂ ਵੱਧ ਫੁੱਲਾਂ ਦਾ ਵਪਾਰ ਕੀਤਾ ਜਾਂਦਾ ਹੈ।" ਮਾਨ ਨੇ ਕਿਹਾ, "ਇਸ ਦੌਰਾਨ 22 ਅਪ੍ਰੈਲ ਨੂੰ ਵਫ਼ਦ ਫਿਨਲੈਂਡ ਦੌਰੇ 'ਤੇ ਗਿਆ ਜਿੱਥੇ ਵਫ਼ਦ ਨੇ ਪੰਜਾਬੀ ਭਾਈਚਾਰੇ ਨਾਲ ਗੱਲਬਾਤ ਕੀਤੀ ਅਤੇ ਫਿਨਲੈਂਡ ਦੇ ਰਾਜਦੂਤ ਹੇਮੰਤ ਐਚ. ਕੋਟਲਵਾੜ ਨਾਲ ਮੁਲਾਕਾਤ ਕੀਤੀ।" ਉਨ੍ਹਾਂ ਕਿਹਾ, "ਇਸ ਦੌਰੇ ਦਾ ਉਦੇਸ਼ ਪਰਵਾਸੀ ਪੰਜਾਬੀਆਂ ਨਾਲ ਜੁੜਨਾ, ਲੋਕਾਂ ਦਰਮਿਆਨ ਸੰਪਰਕ ਨੂੰ ਮਜ਼ਬੂਤ ਕਰਨਾ, ਸਿੱਖਿਆ, ਹੁਨਰ ਵਿਕਾਸ ਅਤੇ ਉੱਦਮਤਾ ਵਿੱਚ ਪਰਵਾਸੀਆਂ ਦੀ ਭੂਮਿਕਾ ਬਾਰੇ ਚਰਚਾ ਕਰਨਾ, ਨਿਵੇਸ਼, ਨਵੀਨਤਾ ਅਤੇ ਸਟਾਰਟ-ਅੱਪ ਲਈ ਮੌਕਿਆਂ ਦੀ ਪੜਚੋਲ ਕਰਨਾ ਅਤੇ ਪੰਜਾਬ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਬਾਰੇ ਜਾਣਕਾਰੀ ਸਾਂਝੀ ਕਰਨਾ ਸੀ।" ਉਨ੍ਹਾਂ ਕਿਹਾ, "ਇਸ ਨਾਲ ਪੰਜਾਬੀ ਭਾਈਚਾਰੇ ਨਾਲ ਸਬੰਧਾਂ ਅਤੇ ਭਰੋਸੇ ਨੂੰ ਹੋਰ ਮਜ਼ਬੂਤ ਕਰਨ ਵਿੱਚ ਮਦਦ ਮਿਲੀ ਹੈ, ਸਿੱਖਿਆ ਤੇ ਹੁਨਰ ਵਿਕਾਸ ਵਿੱਚ ਸਹਿਯੋਗ ਲਈ ਰਾਹ ਪੱਧਰਾ ਹੋਇਆ ਹੈ ਤੇ ਨਿਵੇਸ਼ ਤੇ ਨਵੀਨਤਾ ਸਬੰਧੀ ਨਵੇਂ ਰਾਹ ਖੁੱਲ੍ਹੇ ਹਨ। ਉਨ੍ਹਾਂ ਕਿਹਾ ਕਿ ਫਿਨਲੈਂਡ ਦੀ ਹਾਕੀ ਟੀਮ ਵਿੱਚ ਪੰਜ ਖਿਡਾਰੀ ਪੰਜਾਬੀ ਹਨ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਹਾਕੀ ਕਲੱਬ ਨੇ ਫਿਨਲੈਂਡ ਹਾਕੀ ਕਲੱਬ ਵੱਲੋਂ ਜਿੱਤਿਆ ਸੋਨ ਤਗਮਾ ਪਿਆਰ ਅਤੇ ਸਤਿਕਾਰ ਦੇ ਪ੍ਰਤੀਕ ਵਜੋਂ ਉਨ੍ਹਾਂ ਨੂੰ ਭੇਟ ਕੀਤਾ।" ਮੁੱਖ ਮੰਤਰੀ ਨੇ ਕਿਹਾ, "ਪੰਜਾਬ ਦੀਆਂ ਨੀਤੀਆਂ ਤੇ ਪ੍ਰਾਪਤੀਆਂ ਦੀ ਵਿਸ਼ਵ ਪੱਧਰ 'ਤੇ ਮਾਨਤਾ ਦੇ ਨਾਲ-ਨਾਲ ਸਟਾਰਟ-ਅੱਪਸ ਅਤੇ ਉੱਦਮਤਾ ਵਿੱਚ ਸੰਭਾਵੀ ਭਾਈਵਾਲੀ ਦੀ ਵੀ ਪੜਚੋਲ ਕੀਤੀ ਗਈ।" ਉਨ੍ਹਾਂ ਅੱਗੇ ਕਿਹਾ, "23 ਅਪ੍ਰੈਲ ਨੂੰ ਵਫ਼ਦ ਨੇ ਫਿਨਲੈਂਡ ਦੇ ਆਧੁਨਿਕ ਸਿੱਖਿਆ ਮਾਡਲ ਦਾ ਅਧਿਐਨ ਕੀਤਾ ਤੇ ਪ੍ਰੀ-ਸਰਵਿਸ ਟ੍ਰੇਨਿੰਗ ਅਤੇ ਨਿਰੰਤਰ ਪੇਸ਼ੇਵਰ ਵਿਕਾਸ ਬਾਰੇ ਡੂੰਘੀ ਸੂਝ ਪ੍ਰਾਪਤ ਕੀਤੀ।" ਉਨ੍ਹਾਂ ਕਿਹਾ, "ਵਫ਼ਦ ਨੇ ਕਲਾਸਰੂਮ ਅਭਿਆਸਾਂ, ਮੁਲਾਂਕਣ ਪ੍ਰਣਾਲੀਆਂ ਤੇ ਸਿੱਖਣ ਦੇ ਮਾਹੌਲ ਸਬੰਧੀ ਡਿਜ਼ਾਇਨ ਦੀ ਘੋਖ ਤੋਂ ਇਲਾਵਾ ਬਾਲ-ਕੇਂਦ੍ਰਿਤ ਅਤੇ ਖੇਡ-ਅਧਾਰਤ ਸਿਖਲਾਈ ਪ੍ਰਣਾਲੀਆਂ ਦਾ ਵੀ ਅਧਿਐਨ ਕੀਤਾ।" ਮਾਨ ਨੇ ਕਿਹਾ, "ਅਧਿਆਪਕ ਸਿਖਲਾਈ ਤੇ ਈਸੀਸੀਈ ਵਿੱਚ ਭਾਈਵਾਲੀ ਦੀ ਪੜਚੋਲ ਕਰਨ ਦੇ ਨਾਲ-ਨਾਲ ਪੰਜਾਬ ਵਿੱਚ ਅਧਿਆਪਕ ਸਮਰੱਥਾ, ਮੈਂਟਰਿੰਗ ਅਤੇ ਲੀਡਰਸ਼ਿਪ ਨੂੰ ਮਜ਼ਬੂਤ ਕਰਨ ਲਈ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।" ਮੁੱਖ ਮੰਤਰੀ ਨੇ ਕਿਹਾ, "ਮੀਟਿੰਗਾਂ ਦੌਰਾਨ ਸਿੱਖਿਆ ਖੇਤਰ ਵਿੱਚ ਨਵੀਨਤਾ ਦੇ ਭਵਿੱਖੀ ਮੌਕਿਆਂ ਬਾਰੇ ਵੀ ਵਿਆਪਕ ਚਰਚਾ ਕੀਤੀ ਗਈ।" ਉਨ੍ਹਾਂ ਅੱਗੇ ਕਿਹਾ, "ਵਫ਼ਦ ਨੇ ਤਾਂ ਰਕੁ ਯੂਨੀਵਰਸਿਟੀ ਅਤੇ ਇਸਦੇ ਅਰਲੀ ਚਾਈਲਡਹੁੱਡ ਐਜੂਕੇਸ਼ਨ ਐਂਡ ਕੇਅਰ ਸੈਂਟਰ ਦਾ ਵੀ ਦੌਰਾ ਕੀਤਾ। ਪੰਜਾਬ ਵੱਲੋਂ ਪਹਿਲਾਂ ਹੀ ਤਿੰਨ ਬੈਚਾਂ ਰਾਹੀਂ 216 ਪ੍ਰਾਇਮਰੀ ਅਧਿਆਪਕਾਂ ਨੂੰ ਸਿਖਲਾਈ ਲਈ ਭੇਜਿਆ ਜਾ ਚੁੱਕਾ ਹੈ।" ਉਨ੍ਹਾਂ ਅੱਗੇ ਕਿਹਾ, "ਪਹਿਲਾ ਬੈਚ 20 ਅਕਤੂਬਰ ਤੋਂ 8 ਨਵੰਬਰ, 2024 ਨੂੰ, ਦੂਜਾ ਬੈਚ 17 ਤੋਂ 28 ਮਾਰਚ, 2025 ਨੂੰ, ਤੀਜਾ ਬੈਚ 17 ਤੋਂ 18 ਨਵੰਬਰ, 2025 ਨੂੰ ਭੇਜਿਆ ਗਿਆ ਸੀ ਅਤੇ 72 ਅਧਿਆਪਕਾਂ ਦਾ ਚੌਥਾ ਬੈਚ 18 ਮਈ, 2026 ਨੂੰ ਭੇਜਿਆ ਜਾਵੇਗਾ।"

ਮਾਨ ਨੇ ਕਿਹਾ, "ਪੰਜਾਬ ਸਰਕਾਰ ਨੇ ਪੰਜਾਬ ਨੂੰ ਦੁਨੀਆ ਭਰ ਵਿੱਚ ਸਭ ਤੋਂ ਪਸੰਦੀਦਾ ਨਿਵੇਸ਼ ਸਥਾਨ ਵਜੋਂ ਦਰਸਾਇਆ।" ਉਨ੍ਹਾਂ ਅੱਗੇ ਕਿਹਾ, "ਪਹਿਲਾਂ ਜਾਪਾਨ ਅਤੇ ਕੋਰੀਆ ਦੇ ਦੌਰੇ ਦੇ ਸਾਰਥਕ ਨਤੀਜੇ ਸਾਹਮਣੇ ਆਏ ਕਿਉਂਕਿ ਸੂਬਾ ਸਰਕਾਰ ਇਨ੍ਹਾਂ ਦੋਵਾਂ ਦੇਸ਼ਾਂ ਤੋਂ ਨਿਵੇਸ਼ ਆਕਰਸ਼ਿਤ ਕਰਨ ਵਿੱਚ ਸਫਲ ਰਹੀ ਸੀ।" ਉਨ੍ਹਾਂ ਅੱਗੇ ਕਿਹਾ, "ਮੈਨੂੰ ਉਮੀਦ ਹੈ ਕਿ ਨੀਦਰਲੈਂਡ ਤੇ ਫਿਨਲੈਂਡ ਦੀ ਇਹ ਫੇਰੀ ਵੀ ਸੂਬੇ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਦੇਵੇਗੀ।" ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ

ਸੰਪਾਦਕੀ

ਟਰੰਪ ਉਤੇ ਹਮਲਾ

ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿੱਚ ਮੀਡੀਆ ਕਰਮਚਾਰੀਆਂ ਲਈ ਇੱਕ ਰਾਤ ਦੇ ਖਾਣੇ ਦੌਰਾਨ ਹੋਈ ਗੋਲੀਬਾਰੀ ਨੇ ਦੁਨੀਆ ਭਰ ਦੇ ਲੋਕਾਂ ਦੀਆਂ ਅੱਖਾਂ ਨੂੰ ਛੋਹਿਆ ਹੈ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਰਾਸ਼ਟਰਪਤੀ ਡੋਨਾਲਡ ਟਰੰਪ, ਉਨ੍ਹਾਂ ਦੀ ਪਤਨੀ ਅਤੇ ਪਹਿਲੀ ਮਹਿਲਾ ਮੇਲਾਨੀਆ ਟਰੰਪ ਸਮੇਤ ਕਈ ਹੋਰ ਪ੍ਰਮੁੱਖ ਨੇਤਾ ਮੌਜੂਦ ਸਨ। ਹਾਲਾਂਕਿ ਸੁਰੱਖਿਆ ਕਰਮਚਾਰੀਆਂ ਨੇ ਬਾਅਦ ਵਿੱਚ ਹਮਲਾਵਰ ਨੂੰ ਗ੍ਰਿਫ਼ਤਾਰ ਕਰ ਲਿਆ, ਪਰ ਸਵਾਲ ਇਹ ਹੈ ਕਿ ਅਮਰੀਕਾ ਦੇ ਅੰਦਰ ਸੁਰੱਖਿਆ ਦੀ ਅਜਿਹੀ ਉਲੰਘਣਾ ਕਿਵੇਂ ਹੋ ਸਕਦੀ ਹੈ, ਇੱਕ ਅਜਿਹਾ ਦੇਸ਼ ਜੋ ਇੱਕ ਵਿਸ਼ਵਵਿਆਪੀ ਮਹਾਂਸ਼ਕਤੀ ਹੋਣ ਦਾ ਮਾਣ ਕਰਦਾ ਹੈ? ਹਮਲਾਵਰ ਸਖ਼ਤ ਸੁਰੱਖਿਆ ਦੇ ਬਾਵਜੂਦ ਸਥਾਨ ਵਿੱਚ ਕਿਵੇਂ ਦਾਖਲ ਹੋਣ ਵਿੱਚ ਕਾਮਯਾਬ ਹੋਇਆ? ਗੋਲੀਬਾਰੀ ਨੇ ਪੂਰੇ ਕੰਪਲੈਕਸ ਵਿੱਚ ਦਹਿਸ਼ਤ ਫੈਲਾ ਦਿੱਤੀ ਅਤੇ ਟਰੰਪ ਅਤੇ ਉਨ੍ਹਾਂ ਦੀ ਪਤਨੀ ਨੂੰ ਤੁਰੰਤ ਸੁਰੱਖਿਅਤ ਸਥਾਨ 'ਤੇ ਲਿਜਾਣਾ ਪਿਆ। ਇਹ ਘਟਨਾ ਨਾ ਸਿਰਫ਼ ਅਮਰੀਕਾ ਲਈ, ਸਗੋਂ ਉਨ੍ਹਾਂ ਸਾਰੇ ਦੇਸ਼ਾਂ ਲਈ ਵੀ ਇੱਕ ਸਬਕ ਹੈ ਜੋ ਮੰਨਦੇ ਹਨ ਕਿ ਉਨ੍ਹਾਂ ਦੀ ਸਿਖਰਲੀ ਲੀਡਰਸ਼ਿਪ ਅਭੇਦ ਹੈ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਹਮਲਾਵਰ ਦਾ ਇਰਾਦਾ ਟਰੰਪ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਉਣਾ ਸੀ ਪਰ ਰਾਸ਼ਟਰਪਤੀ ਦੀ ਉੱਥੇ ਮੌਜੂਦਗੀ ਸਥਿਤੀ ਦੀ ਗੰਭੀਰਤਾ ਨੂੰ ਸਪੱਸ਼ਟ ਕਰਦੀ ਹੈ। ਇਹ ਧਿਆਨ ਦੇਣ ਯੋਗ ਹੈ ਕਿ ਡੋਨਾਲਡ ਟਰੰਪ 'ਤੇ ਪਹਿਲਾਂ ਵੀ ਦੋ ਵਾਰ ਹਮਲਾ ਹੋ ਚੁੱਕਾ ਹੈ, ਹਾਲਾਂਕਿ ਉਹ ਉਸ ਸਮੇਂ ਅਮਰੀਕੀ ਰਾਸ਼ਟਰਪਤੀ ਨਹੀਂ ਸਨ। ਮਾਰਚ 2016 ਵਿੱਚ, ਲਾਸ ਵੇਗਾਸ ਵਿੱਚ ਇੱਕ ਰਾਸ਼ਟਰਪਤੀ ਚੋਣ ਰੈਲੀ ਦੌਰਾਨ, ਇੱਕ ਵਿਅਕਤੀ ਸਟੇਜ 'ਤੇ ਆਇਆ ਅਤੇ ਟਰੰਪ ਦੀ ਸੁਰੱਖਿਆ ਕਰ ਰਹੇ ਇੱਕ ਪੁਲਿਸ ਅਧਿਕਾਰੀ ਤੋਂ ਹਥਿਆਰ ਖੋਹਣ ਦੀ ਕੋਸ਼ਿਸ਼ ਕੀਤੀ। ਹਿਰਾਸਤ ਵਿੱਚ ਪੁੱਛਗਿੱਛ ਦੌਰਾਨ ਉਸਨੇ ਟਰੰਪ ਨੂੰ ਨੁਕਸਾਨ ਪਹੁੰਚਾਉਣ ਦਾ ਇਰਾਦਾ ਮੰਨਿਆ। ਇਸ ਤੋਂ ਬਾਅਦ ਜੁਲਾਈ 2024 ਵਿੱਚ ਇੱਕ ਚੋਣ ਰੈਲੀ ਵਿੱਚ ਸਟੇਜ ਤੋਂ ਭਾਸ਼ਣ ਦਿੰਦੇ ਸਮੇਂ ਟਰੰਪ 'ਤੇ ਹਮਲਾ ਕੀਤਾ ਗਿਆ ਸੀ। ਖੁਸ਼ਕਿਸਮਤੀ ਨਾਲ, ਹਮਲਾਵਰ ਦੁਆਰਾ ਚਲਾਈ ਗਈ ਗੋਲੀ ਉਸਦੇ ਸੱਜੇ ਕੰਨ ਨੂੰ ਛੂਹ ਗਈ। ਇਹ ਸਮਝਣ ਯੋਗ ਹੈ ਕਿ ਟਰੰਪ ਇਨ੍ਹਾਂ ਦੋ ਘਟਨਾਵਾਂ ਦੌਰਾਨ ਰਾਸ਼ਟਰਪਤੀ ਨਹੀਂ ਸਨ, ਇਸ ਲਈ ਉਨ੍ਹਾਂ ਦੀ ਸੁਰੱਖਿਆ ਜਾਣਕਾਰੀ ਇੰਨੀ ਵਿਆਪਕ ਨਹੀਂ ਸੀ। ਹਾਲਾਂਕਿ, ਜੇਕਰ ਉਨ੍ਹਾਂ ਦੇ ਰਾਸ਼ਟਰਪਤੀ ਹੋਣ ਦੌਰਾਨ ਸੁਰੱਖਿਆ ਉਲੰਘਣਾ ਹੁੰਦੀ ਹੈ, ਤਾਂ ਸਿਸਟਮ ਬਾਰੇ ਗੰਭੀਰ ਸਵਾਲ ਉੱਠਣੇ ਲਾਜ਼ਮੀ ਹਨ। ਇਸ ਘਟਨਾ ਦੀ ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਹਮਲਾਵਰ ਸੋਸ਼ਲ ਮੀਡੀਆ 'ਤੇ ਟਰੰਪ ਵਿਰੋਧੀ ਟਿੱਪਣੀਆਂ ਪੋਸਟ ਕਰ ਰਿਹਾ ਹੈ ਅਤੇ ਕੁਝ ਦਿਨ ਪਹਿਲਾਂ ਉਸ ਹੋਟਲ ਵਿੱਚ ਠਹਿਰਿਆ ਸੀ, ਜਿੱਥੇ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਸੀ। ਇਸਦਾ ਮਤਲਬ ਹੈ ਕਿ ਉਸਨੇ ਪਹਿਲਾਂ ਹੀ ਸਥਾਨ ਦੀ ਚੰਗੀ ਤਰ੍ਹਾਂ ਖੋਜ ਕੀਤੀ ਸੀ ਅਤੇ ਫਿਰ ਪ੍ਰੋਗਰਾਮ ਵਿੱਚ ਆਪਣੀ ਘੁਸਪੈਠ ਦੀ ਯੋਜਨਾ ਬਣਾਈ ਸੀ। ਇਸ ਤੋਂ ਇਲਾਵਾ, ਰਿਪੋਰਟਾਂ ਦੇ ਅਨੁਸਾਰ ਹਮਲਾਵਰ ਦੇ ਪਰਿਵਾਰ ਨੇ ਪਹਿਲਾਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਉਸਦੇ ਇਰਾਦਿਆਂ ਬਾਰੇ ਸੁਚੇਤ ਕੀਤਾ ਸੀ, ਪਰ ਇਹ ਸਪੱਸ਼ਟ ਹੈ ਕਿ ਇਸ ਚੇਤਾਵਨੀ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ ਸੀ। ਇਸ ਘਟਨਾ ਤੋਂ ਬਾਅਦ, ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਜੇਕਰ ਇਹ ਸਮਾਗਮ ਵਹਾਈਟ ਹਾਊਸ ਵਿੱਚ ਨਿਰਮਾਣ ਅਧੀਨ ਫੌਜੀ ਤੌਰ 'ਤੇ ਗੁਪਤ ਬਾਲਰੂਮ ਵਿੱਚ ਹੋਇਆ ਹੁੰਦਾ, ਤਾਂ ਅਜਿਹੀ ਘਟਨਾ ਨਾ ਵਾਪਰਦੀ। ਅਦਾਲਤ ਨੇ ਇਸ ਸਮੇਂ ਇਸ ਨਿਰਮਾਣ 'ਤੇ ਰੋਕ ਲਗਾ ਦਿੱਤੀ ਹੈ। ਹਾਲਾਂਕਿ, ਮੁੱਦਾ ਸਿਰਫ਼ ਇੱਕ ਸੁਰੱਖਿਅਤ ਸਥਾਨ ਦਾ ਨਹੀਂ ਹੈ। ਰਾਸ਼ਟਰਪਤੀ ਨੂੰ ਦਿਨ ਭਰ ਕਈ ਥਾਵਾਂ 'ਤੇ ਸਮਾਗਮਾਂ ਅਤੇ ਮੀਟਿੰਗਾਂ ਵਿੱਚ ਸ਼ਾਮਲ ਹੋਣਾ ਪੈਂਦਾ ਹੈ। ਸੰਯੁਕਤ ਰਾਜ ਅਮਰੀਕਾ ਵਰਗੇ ਦੇਸ਼ ਵਿੱਚ, ਇੱਕ ਰਾਜ ਦੇ ਮੁਖੀ ਲਈ ਸੁਰੱਖਿਆ ਘੇਰਾ ਦੁਨੀਆ ਵਿੱਚ ਸਭ ਤੋਂ ਮਜ਼ਬੂਤ ਮੰਨਿਆ ਜਾਂਦਾ ਹੈ, ਪਰ ਜੇਕਰ ਸੁਰੱਖਿਆ ਉਲੰਘਣਾ ਹੁੰਦੀ ਹੈ ਤਾਂ ਇਸਦੇ ਨਤੀਜੇ ਕੀ ਹੋਣਗੇ? ਟਾਈਮਜ਼ ਦੇ ਅਨੁਸਾਰ, ਸ਼ਨੀਵਾਰ ਰਾਤ ਨੂੰ ਵਹਾਈਟ ਹਾਊਸ ਕੌਰਸਪੌਂਡੈਂਟਸ ਐਸੋਸੀਏਸ਼ਨ ਦੇ ਡਿਨਰ ਵਿੱਚ ਗੋਲੀਬਾਰੀ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸੁਰੱਖਿਆ ਵਿੱਚ ਇੱਕ ਵੱਡੀ ਉਲੰਘਣਾ ਹੋਈ। ਗੁਪਤ ਸੇਵਾ ਦੇ ਕਰਮਚਾਰੀਆਂ ਨੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਨੂੰ ਸੁਰੱਖਿਅਤ ਸਥਾਨ 'ਤੇ ਪਹੁੰਚਾਇਆ, ਜਦੋਂ ਕਿ ਮਹਿਮਾਨ ਮੇਜ਼ਾਂ ਦੇ ਹੇਠਾਂ ਲੁਕ ਗਏ। ਡਿਨਰ ਪਾਰਟੀ ਦੌਰਾਨ, ਇੱਕ ਵਿਅਕਤੀ ਨੇ ਗੋਲੀਬਾਰੀ ਕੀਤੀ, ਜਿਸ ਨਾਲ ਸਾਰੇ ਹੈਰਾਨ ਰਹਿ ਗਏ।

-ਜਗਜੀਤ ਸਿੰਘ ਦਰਦੀ

ਅੱਜ ਪੰਜਾਬ: ਇੱਕ ਵਾਰ ਫਿਰ ਉੱਠਣ ਦਾ ਵੇਲਾ

ਡੇਰਾਵਾਦ ਅਤੇ ਬਰਾਦਰੀਵਾਦ ਦਾ ਖਤਰਨਾਕ ਜਾਲ, ਰਾਜਨੀਤੀ ਦਾ ਖੋਖਲਾਪਣ ਅਤੇ ਲੋਕਾਂ ਦੀ ਨਿਰਾਸ਼ਾ ਉਬਾਲ 'ਤੇ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਪੰਜਾਬ ਲਾਵਾਰਿਸ ਹੋ ਕੇ ਆਪਣੀ ਉਦਾਸੀ ਤੇ ਨਿਰਾਸ਼ਾ 'ਤੇ ਝੂਰ ਰਿਹਾ ਹੈ। ਪੰਜਾਬ ਸਿਰਫ਼ ਇੱਕ ਭੂਗੋਲਿਕ ਇਕਾਈ ਨਹੀਂ, ਇਹ ਇੱਕ ਜਜ਼ਬਾ ਹੈ, ਇੱਕ ਰੂਹ ਹੈ, ਇੱਕ ਇਤਿਹਾਸ ਹੈ। ਇਹ ਉਹ ਧਰਤੀ ਹੈ, ਜਿਸ ਨੇ ਸਦੀ ਦਰ ਸਦੀ ਸੰਘਰਸ਼ ਕੀਤਾ, ਜ਼ੁਲਮ ਦੇ ਸਾਹਮਣੇ ਸੀਨਾ ਤਾਣ ਕੇ ਖੜ੍ਹੀ ਰਹੀ, ਆਪਣੀ ਮਿੱਟੀ ਲਈ ਕੁਰਬਾਨੀਆਂ ਦਿੱਤੀਆਂ ਅਤੇ ਦੁਨੀਆ ਨੂੰ ਦੱਸਿਆ ਕਿ ਹੌਸਲਾ ਕੀ ਹੁੰਦਾ ਹੈ। ਇਹ ਉਹ ਧਰਤੀ ਹੈ, ਜਿੱਥੇ ਗੁਰੂਆਂ ਦੀ ਬਾਣੀ ਗੂੰਜਦੀ ਹੈ, ਜਿੱਥੇ ਖੇਤਾਂ ਦੀ ਹਰਿਆਵਲੀ ਵਿੱਚ ਮਿਹਨਤ ਦੀ ਮਹਿਕ ਹੁੰਦੀ ਹੈ, ਜਿੱਥੇ ਲੋਕ ਸਿਰਫ਼ ਜਿਊਂਦੇ ਨਹੀਂ—ਸਨਮਾਨ ਨਾਲ ਜਿਊਂਦੇ ਹਨ। ਪਰ ਅੱਜ ਇਹੀ ਪੰਜਾਬ ਇੱਕ ਵਾਰ ਫਿਰ ਚਿੰਤਾ, ਅਸਥਿਰਤਾ ਅਤੇ ਅੰਦਰੂਨੀ ਟੁੱਟ ਦੇ ਦੌਰ ਵਿਚੋਂ ਲੰਘ ਰਿਹਾ ਹੈ। ਮਾਹੌਲ ਵਿੱਚ ਬੇਚੈਨੀ ਹੈ। ਥਾਂ-ਥਾਂ 'ਤੇ ਝਗੜੇ, ਹਿੰਸਾ, ਲੁੱਟ-ਖਸੁੱਟ, ਨਸ਼ਿਆਂ ਦੀ ਵਧਦੀ ਲਪੇਟ, ਬੇਰੁਜ਼ਗਾਰੀ ਦਾ ਦਬਾਅ, ਕਿਸਾਨਾਂ ਦੀ ਬੇਬਸੀ, ਨੌਜਵਾਨਾਂ ਦਾ ਵਿਦੇਸ਼ਾਂ ਵੱਲ ਰੁਝਾਨ ਅਤੇ ਰਾਜਨੀਤਿਕ ਪੱਖਾਂ ਦੀ ਖੁਦਗਰਜ਼ੀ—ਇਹ ਸਭ ਮਿਲ ਕੇ ਪੰਜਾਬ ਦੀ ਰੂਹ ਨੂੰ ਝੰਜੋੜ ਰਹੇ ਹਨ। ਅੱਜ ਲੋਕਾਂ ਦੀਆਂ ਆਵਾਜ਼ਾਂ ਵਿੱਚ ਇੱਕੋ ਵਾਰ ਗੁੱਸਾ ਵੀ ਹੈ ਅਤੇ ਬੇਬਸੀ ਵੀ। ਲੋਕ ਪੁੱਛ ਰਹੇ ਹਨ—ਇਹ ਉਹ ਪੰਜਾਬ ਤਾਂ ਨਹੀਂ ਸੀ ਜਿਸਦਾ ਅਸੀਂ ਸੁਪਨਾ ਦੇਖਿਆ ਸੀ। ਇਹ ਉਹ ਧਰਤੀ ਨਹੀਂ ਸੀ, ਜਿਸਨੂੰ ਅਸੀਂ ਨਵੀਂ ਸਦੀ ਦਾ ਮਿਸਾਲ ਬਣਾਉਣਾ ਚਾਹੁੰਦੇ ਸੀ। ਅੱਜ ਸਵਾਲ ਇਹ ਨਹੀਂ ਕਿ ਪੰਜਾਬ ਮੁਸ਼ਕਲ ਵਿੱਚ ਹੈ; ਸਵਾਲ ਇਹ ਹੈ ਕਿ ਪੰਜਾਬ ਨੂੰ ਇਸ ਹਾਲਤ ਵਿੱਚ ਲਿਆਇਆ ਕੌਣ ਅਤੇ ਇਸ ਨੂੰ ਬਚਾਏਗਾ ਕੌਣ?

ਅੱਜ ਇਹ ਸਮਾਂ ਸਿਰਫ਼ ਚਿੰਤਾ ਕਰਨ ਦਾ ਨਹੀਂ, ਜਾਗਣ ਦਾ ਹੈ। ਇਹ ਸਮਾਂ ਸਿਰਫ਼ ਦੋਸ਼ ਲਗਾਉਣ ਦਾ ਨਹੀਂ, ਹੱਲ ਲੱਭਣ ਦਾ ਹੈ। ਇਹ ਸਮਾਂ ਇੱਕ ਵਾਰ ਫਿਰ ਉੱਠਣ ਦਾ ਹੈ। ਅੱਜ ਪੰਜਾਬ ਦਾ ਵਰਤਮਾਨ ਇੱਕ ਗੰਭੀਰ ਸੰਕਟਮਈ ਸਥਿਤੀ ਵਿੱਚ ਹੈ। ਪੰਜਾਬ ਅੱਜ ਬਹੁਪੱਖੀ ਸੰਕਟ ਵਿੱਚ ਘਿਰਿਆ ਹੋਇਆ ਹੈ। ਰਾਜਨੀਤਿਕ ਅਸਥਿਰਤਾ ਨੇ ਪ੍ਰਸ਼ਾਸਨਿਕ ਵਿਵਸਥਾ ਨੂੰ ਕਮਜ਼ੋਰ ਕੀਤਾ ਹੈ। ਆਰਥਿਕ ਮੰਦੀ ਨੇ ਘਰਾਂ ਦੇ ਚੁੱਲ੍ਹੇ ਠੰਢੇ ਕੀਤੇ ਹਨ। ਨਸ਼ਿਆਂ ਨੇ ਪਰਿਵਾਰਾਂ ਦੀਆਂ ਨੀਂਹਾਂ ਹਿਲਾ ਦਿੱਤੀਆਂ ਹਨ। ਬੇਰੁਜ਼ਗਾਰੀ ਨੇ ਨੌਜਵਾਨਾਂ ਦੀਆਂ ਅੱਖਾਂ ਤੋਂ ਚਮਕ ਖੋਹ ਲਈ ਹੈ। ਡੇਰਾਵਾਦ ਅਤੇ ਬਰਾਦਰੀਵਾਦ ਨੇ ਸਮਾਜਕ ਏਕਤਾ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ। ਇੱਕ ਸਮਾਂ ਸੀ ਜਦੋਂ ਪੰਜਾਬ ਨੂੰ ਭਾਰਤ ਦਾ ਅਨਾਜ ਦਾ ਘਰ ਕਿਹਾ ਜਾਂਦਾ ਸੀ। ਪੰਜਾਬ ਦੇ ਕਿਸਾਨ ਦੇਸ਼ ਦੀ ਗੰਜ਼ ਦੀ ਹੱਡੀ ਮੰਨੇ ਜਾਂਦੇ ਸਨ। ਅੱਜ ਉਹੀ ਕਿਸਾਨ ਕਰਜ਼ੇ, ਮਹਿੰਗੇ ਖੇਤੀ ਖਰਚੇ, ਘੱਟ ਆਮਦਨ ਅਤੇ ਅਨਿਸਚਿਤ ਭਵਿੱਖ ਦੇ ਬੋਝ ਹੇਠ ਕੁਚਲੇ ਹੋਏ ਹਨ। ਖੇਤੀ ਸਿਰਫ਼ ਰੋਜ਼ਗਾਰ ਨਹੀਂ ਸੀ; ਇਹ ਪੰਜਾਬ ਦੀ ਪਹਿਚਾਣ ਸੀ। ਜਦੋਂ ਪਹਿਚਾਣ ਹੀ ਸੰਕਟ ਵਿੱਚ ਹੋਵੇ, ਤਾਂ ਸਮਾਜ ਦੀ ਰੂਹ ਵੀ ਡੋਲ ਜਾਂਦੀ ਹੈ। ਨੌਜਵਾਨ ਪੰਜਾਬ ਦਾ ਭਵਿੱਖ ਹੈ ਪਰ ਅੱਜ ਉਹਨਾਂ ਵਿੱਚੋਂ ਵੱਡਾ ਹਿੱਸਾ ਜਾਂ ਤਾਂ ਨਸ਼ਿਆਂ ਦੀ ਲਪੇਟ ਵਿੱਚ ਹੈ ਜਾਂ ਵਿਦੇਸ਼ ਜਾਣ ਦੇ ਸੁਪਨੇ ਵਿੱਚ। ਉਹ ਆਪਣੇ ਹੀ ਘਰ ਵਿੱਚ ਮੌਕਿਆਂ ਦੀ ਕਮੀ ਮਹਿਸੂਸ ਕਰਦੇ ਹਨ। ਉਹਨਾਂ ਨੂੰ ਲੱਗਦਾ ਹੈ ਕਿ ਇੱਥੇ ਉਨ੍ਹਾਂ ਲਈ ਸਿਰਫ਼ ਸੰਘਰਸ਼ ਹੈ, ਉਮੀਦ ਨਹੀਂ। ਅੱਜ ਇਹ ਹਾਲਤ ਸਿਰਫ਼ ਇੱਕ ਸਰਕਾਰ ਦੀ ਨਾਕਾਮੀ ਨਹੀਂ, ਇਹ ਸਾਲਾਂ ਤੋਂ ਬਣਦੀ ਆ ਰਹੀ ਇੱਕ ਸਮਾਜਕ ਅਤੇ ਰਾਜਨੀਤਿਕ ਅਣਦੇਖੀ ਦਾ ਨਤੀਜਾ ਹੈ। ਅੱਜ ਰਾਜਨੀਤੀ ਦਾ ਖੋਖਲਾਪਨ ਅਤੇ ਲੋਕਾਂ ਦੀ ਨਿਰਾਸ਼ਾ ਵੱਧ ਰਹੀ ਹੈ। ਅੱਜ ਪੰਜਾਬ ਦੀ ਰਾਜਨੀਤੀ ਅੱਜ ਲੋਕਾਂ ਦੇ ਮੁੱਦਿਆਂ ਤੋਂ ਵੱਧ ਕੁਰਸੀਆਂ ਦੀ ਲੜਾਈ ਵਿੱਚ ਫਸੀ ਹੋਈ ਨਜ਼ਰ ਆਉਂਦੀ ਹੈ। ਹਰ ਪਾਰਟੀ ਆਪਣੀ ਜਗ੍ਹਾ ਮਜ਼ਬੂਤ ਕਰਨ ਵਿੱਚ ਲੱਗੀ ਹੈ, ਪਰ ਪੰਜਾਬ ਨੂੰ ਮਜ਼ਬੂਤ ਕਰਨ ਦਾ ਸੰਕਲਪ ਕਿਤੇ ਗੁੰਮ ਹੁੰਦਾ ਜਾ ਰਿਹਾ ਹੈ। ਅੱਜ ਸਰਕਾਰਾਂ ਬਦਲਦੀਆਂ ਰਹੀਆਂ, ਚਿਹਰੇ ਬਦਲਦੇ ਰਹੇ, ਨਾਅਰੇ ਬਦਲਦੇ ਰਹੇ, ਪਰ ਆਮ ਲੋਕਾਂ ਦੀ ਜ਼ਿੰਦਗੀ ਵਿੱਚ ਬੁਨਿਆਦੀ ਬਦਲਾਅ ਨਹੀਂ ਆਇਆ। ਲੋਕ ਅੱਜ ਵੀ ਉਹੀ ਸਵਾਲ ਪੁੱਛ ਰਹੇ ਹਨ—ਰੋਜ਼ਗਾਰ ਕਿੱਥੇ ਹੈ? ਨਸ਼ਾ ਕਦੋਂ ਰੁਕੇਗਾ? ਸਿੱਖਿਆ ਅਤੇ ਸਿਹਤ ਕਦੋਂ ਸਸਤੀ ਅਤੇ ਪਹੁੰਚਯੋਗ ਹੋਣਗੀਆਂ? ਭ੍ਰਿਸ਼ਟਾਚਾਰ ਕਦੋਂ ਖਤਮ ਹੋਵੇਗਾ? ਰਾਜਨੀਤਿਕ ਪਾਰਟੀਆਂ ਆਪਸੀ ਦੋਸ਼ਾਰੋਪਣ ਵਿੱਚ ਲੱਗੀਆਂ ਹਨ। ਆਪ ਆਪਣੀਆਂ ਅੰਦਰੂਨੀ ਚੁਣੌਤੀਆਂ ਨਾਲ ਜੂਝ ਰਹੀ ਹੈ। ਭਾਜਪਾ ਆਪਣੀ ਪਕੜ ਮਜ਼ਬੂਤ ਕਰਨ ਲਈ ਨਵੀਆਂ ਰਣਨੀਤੀਆਂ ਬਣਾ ਰਹੀ ਹੈ। ਕਾਂਗਰਸ ਅਤੇ ਅਕਾਲੀ ਦਲ ਆਪਣੀ ਪੁਰਾਣੀ ਲੀਡਰਸ਼ਿਪ ਅਤੇ ਨਵੀਂ ਹਕੀਕਤ ਦੇ ਵਿਚਕਾਰ ਫਸੇ ਹੋਏ ਹਨ ਪਰ ਲੋਕਾਂ ਲਈ ਇਹ ਸਿਆਸੀ ਖੇਡ ਹੁਣ ਥਕਾਵਟ ਬਣ ਚੁੱਕੀ ਹੈ। ਉਹਨਾਂ ਨੂੰ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਦੀ ਆਵਾਜ਼ ਸਿਰਫ਼ ਚੋਣਾਂ ਤੱਕ ਸੁਣੀ ਜਾਂਦੀ ਹੈ। ਬਾਅਦ ਵਿੱਚ ਉਹ ਮੁੜ ਭੁੱਲੇ ਜਾਂਦੇ ਹਨ। ਅੱਜ ਰਾਜਨੀਤਿਕ ਗਦਾਰੀ, ਅੰਦਰੂਨੀ ਫੁੱਟ ਅਤੇ ਭ੍ਰਿਸ਼ਟ ਅਫਸਰਸ਼ਾਹੀ ਨੇ ਲੋਕਾਂ ਦੇ ਭਰੋਸੇ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਇਆ ਹੈ। ਜਦੋਂ ਲੋਕਾਂ ਦਾ ਭਰੋਸਾ ਟੁੱਟਦਾ ਹੈ, ਤਦੋਂ ਲੋਕਤੰਤਰ ਦੀ ਰੂਹ ਕਮਜ਼ੋਰ ਹੋ ਜਾਂਦੀ ਹੈ। ਹੁਣ ਸਵਾਲ ਇਹ ਹੈ ਕਿ ਕੀ ਅਸੀਂ ਇਸ ਬੇਈਮਾਨ ਰਾਜਨੀਤੀ ਨੂੰ ਹੋਰ ਕਿੰਨਾ ਸਮਾਂ ਸਹਿਣਾ ਹੈ? ਕੀ ਹੁਣ ਸਮਾਂ ਨਹੀਂ ਆ ਗਿਆ ਕਿ ਲੋਕ ਸਿਰਫ਼ ਵੋਟਰ ਨਹੀਂ, ਜਵਾਬ ਮੰਗਣ ਵਾਲੇ ਨਾਗਰਿਕ ਬਣਨ?

ਅੱਜ ਗਰੀਬੀ ਅਤੇ ਅਮੀਰੀ ਵਿਚਕਾਰ ਵਧਦੀ ਖਾਈ ਹੈ।

ਪੰਜਾਬ ਵਿੱਚ ਇੱਕ ਹੋਰ ਖਤਰਨਾਕ ਵੰਡ ਤੇਜ਼ੀ ਨਾਲ ਵਧ ਰਹੀ ਹੈ—ਗਰੀਬੀ ਅਤੇ ਅਮੀਰੀ ਦੀ ਵੰਡ। ਇੱਕ ਪਾਸੇ ਉਹ ਲੋਕ ਹਨ ਜਿਨ੍ਹਾਂ ਕੋਲ ਰਾਜਨੀਤਿਕ ਪਹੁੰਚ, ਪੈਸਾ ਅਤੇ ਪ੍ਰਭਾਵ ਹੈ। ਦੂਜੇ ਪਾਸੇ ਉਹ ਲੋਕ ਹਨ ਜੋ ਦਿਨ-ਰਾਤ ਮਿਹਨਤ ਕਰਦੇ ਹਨ ਪਰ ਫਿਰ ਵੀ ਬੁਨਿਆਦੀ ਜ਼ਰੂਰਤਾਂ ਲਈ ਸੰਘਰਸ਼ ਕਰਦੇ ਹਨ। ਇਹ ਸਿਰਫ਼ ਆਰਥਿਕ ਅਸਮਾਨਤਾ ਨਹੀਂ, ਇਹ ਮਨੋਵਿਗਿਆਨਕ ਅਤੇ ਸਮਾਜਕ ਦੂਰੀ ਵੀ ਪੈਦਾ ਕਰ ਰਹੀ ਹੈ। ਗਰੀਬ ਨੂੰ ਲੱਗਦਾ ਹੈ ਕਿ ਸਿਸਟਮ ਉਸਦਾ ਨਹੀਂ। ਅਮੀਰ ਨੂੰ ਲੱਗਦਾ ਹੈ ਕਿ ਉਹ ਸਿਸਟਮ ਤੋਂ ਉੱਪਰ ਹੈ। ਇਸ ਨਾਲ ਨਿਆਂ ਅਤੇ ਸਮਾਨਤਾ ਦੀ ਭਾਵਨਾ ਖਤਮ ਹੁੰਦੀ ਹੈ। ਪਿੰਡਾਂ ਵਿੱਚ ਛੋਟੇ ਕਿਸਾਨ ਕਰਜ਼ੇ ਹੇਠ ਦਬੇ ਹੋਏ ਹਨ। ਸ਼ਹਿਰਾਂ ਵਿੱਚ ਛੋਟੇ ਵਪਾਰੀ ਮਹਿੰਗਾਈ ਅਤੇ ਮੰਦੀਆਂ ਨਾਲ ਜੂਝ ਰਹੇ ਹਨ। ਮਜ਼ਦੂਰ ਵਰਗ ਨੂੰ ਸੁਰੱਖਿਆ ਨਹੀਂ ਅਤੇ ਮੱਧ ਵਰਗ ਨੂੰ ਸਥਿਰਤਾ ਨਹੀਂ ਮਿਲ ਰਹੀ। ਜਦੋਂ ਸਮਾਜ ਦੇ ਵੱਡੇ ਹਿੱਸੇ ਨੂੰ ਇਹ ਮਹਿਸੂਸ ਹੋਵੇ ਕਿ ਉਹਨਾਂ ਦਾ ਭਵਿੱਖ ਅੰਧਕਾਰਮਈ ਹੈ, ਤਾਂ ਗੁੱਸਾ ਅਤੇ ਨਿਰਾਸ਼ਾ ਕੁਦਰਤੀ ਹਨ। ਇਹੀ ਗੁੱਸਾ ਕਈ ਵਾਰ ਅਸ਼ਾਂਤੀ, ਹਿੰਸਾ ਅਤੇ ਟੁੱਟ ਵਿੱਚ ਬਦਲ ਜਾਂਦਾ ਹੈ। ਜੇ ਪੰਜਾਬ ਦੇ ਸੰਕਟ ਦੀ ਸਭ ਤੋਂ ਦਰਦਨਾਕ ਤਸਵੀਰ ਦੇਖਣੀ ਹੋਵੇ, ਤਾਂ ਨਸ਼ਿਆਂ ਦੀ ਲਪੇਟ ਵਿੱਚ ਫਸੇ ਨੌਜਵਾਨਾਂ ਵੱਲ ਦੇਖੋ। ਇਹ ਸਿਰਫ਼ ਇੱਕ ਕਾਨੂੰਨੀ ਜਾਂ ਸਿਹਤ ਸਬੰਧੀ ਮੁੱਦਾ ਨਹੀਂ; ਇਹ ਇੱਕ ਪੀੜ੍ਹੀ ਦੇ ਟੁੱਟਣ ਦੀ ਕਹਾਣੀ ਹੈ। ਅੱਜ ਨਸ਼ਾ ਘਰਾਂ ਵਿੱਚ ਦਾਖਲ ਹੋ ਚੁੱਕਾ ਹੈ। ਮਾਵਾਂ ਦੀਆਂ ਅੱਖਾਂ ਵਿੱਚ ਡਰ ਹੈ, ਪਿਉਆਂ ਦੇ ਦਿਲ ਵਿੱਚ ਬੇਬਸੀ ਹੈ, ਭੈਣਾਂ ਦੀਆਂ ਦੁਆਵਾਂ ਵਿੱਚ ਦਰਦ ਹੈ। ਪ

ਮਹਾਨ ਗੁਰਮਤਿ ਸਮਾਗਮ 1 ਤੋਂ

ਮਿਲਾਨ, 28 ਅਪ੍ਰੈਲ (ਦਲਜੀਤ ਮੱਕੜ) : ਇਟਲੀ ਦੇ ਸ਼ਹਿਰ ਕਸਤੀਲਿਓਨੇ ਦੇ ਗੁਰਦੁਆਰਾ ਸ਼੍ਰੀ ਕਲਗੀਧਰ ਸਿੰਘ ਸਭਾ ਕਸਤੀਲਿਓਨੇ ਦੇਲੇ ਸਤੀਏਵੇਰੇ (ਮਾਨਤੋਵਾ) ਵਿਖੇ ਧੰਨ ਧੰਨ ਸ਼੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਅਵਤਾਰ ਪੁਰਬ ਅਤੇ ਖਾਲਸਾ ਪੰਥ ਸਾਜਨਾ ਦਿਵਸ ਨੂੰ ਸਮਰਪਿਤ ਤਿੰਨ ਰੋਜਾ ਮਹਾਨ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਨੂੰ ਸਮਰਪਿਤ 1 ਮਈ ਦਿਨ ਸ਼ੁੱਕਰਵਾਰ ਸਵੇਰੇ ਨੂੰ ਸ਼੍ਰੀ ਆਖੰਡ ਪਾਠ ਸਾਹਿਬ ਜੀ ਆਰੰਭ ਹੋਣਗੇ, ਸ਼ੁੱਕਰਵਾਰ, ਸ਼ਨੀਵਾਰ ਸ਼ਾਮ ਨੂੰ ਦੀਵਾਨ ਸਜਾਇਆ ਜਾਵੇਗਾ। ਐਤਵਾਰ 3 ਮਈ ਨੂੰ ਸ਼੍ਰੀ ਗਿਆ ਕਿ ਸਮੂਹ ਇਲਾਕਾ ਨਿਵਾਸੀ ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪਰਾਲੇ ਸਦਕਾ ਧੰਨ ਧੰਨ ਸ਼੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਅਵਤਾਰ ਪੁਰਬ ਅਤੇ ਖਾਲਸੇ ਦੇ ਸਿਰਜਣਾ ਦਿਹਾੜੇ ਨੂੰ ਸਮਰਪਿਤ ਤਿੰਨ ਰੋਜਾ ਮਹਾਨ ਗੁਰਮਤਿ ਸਮਾਗਮ 1 ਤੋਂ 3 ਮਈ ਨੂੰ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਪੱਤਰਕਾਰ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਆਖੰਡ ਪਾਠ ਸਾਹਿਬ ਜੀ ਦੇ ਭੋਗ ਪੈਣਗੇ। ਉਪਰੰਤ ਦੀਵਾਨ ਸਜਾਇਆ ਜਾਵੇਗਾ। ਇਸ ਮੌਕੇ ਵੱਖ ਵੱਖ ਰਾਗੀ, ਢਾਡੀ, ਕਥਾਵਾਚਕ ਅਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕਰਨਗੇ। ਸ਼ਨੀਵਾਰ ਸ਼ਾਮ ਨੂੰ ਗੱਤਕੇ ਵਾਲੇ ਸਿੰਘਾਂ ਵੱਲੋਂ ਗੱਤਕੇ ਦੇ ਜੌਹਰ ਦਿਖਾਏ ਜਾਣਗੇ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਟਲੀ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਮੂਹ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਤਿੰਨੇ ਦਿਨ ਹੁੰਮ ਹੁੰਮਾ ਕੇ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਗੁਰਮਤਿ ਸਮਾਗਮ ਦੀਆਂ ਰੌਣਕਾਂ ਨੂੰ ਵਧਾਓ ਅਤੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਇਸ ਮੌਕੇ ਦੂਰੋਂ ਨੇੜਿਓ ਆਈਆਂ ਸੰਗਤਾਂ ਲਈ ਗੁਰੂ ਸਾਹਿਬ ਜੀ ਦੇ ਬਖਸ਼ਿਸ਼ ਕੀਤੇ ਹੋਏ ਭੰਡਾਰਿਆਂ ਵਿੱਚੋਂ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

ਰਿਕਵਰੀ ਅਧਿਕਾਰੀ ਦਾ ਦਫ਼ਤਰ

ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)

ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

ਵਿਕਰੀ ਦਾ ਐਲਾਨ

ਆਮਦਨ ਟੈਕਸ ਐਕਟ, 1961 ਦੇ ਦੂਜੇ ਸ਼ਡਿਊਲ ਦੇ ਨਿਯਮ 37, 38 ਅਤੇ 52 (1)(2) ਦੇ ਤਹਿਤ ਵਿਕਰੀ ਦਾ ਐਲਾਨ, ਕਰਜ਼ਿਆਂ ਦੀ ਰਿਕਵਰੀ ਅਤੇ ਦੀਵਾਲੀਆਪਨ ਐਕਟ, 1993 ਦੇ ਨਾਲ ਪੜ੍ਹਿਆ ਜਾਂਦਾ ਹੈ

ਮਾਮਲੇ ਦਾ ਸਿਰਲੇਖ ਅਤੇ ਆਰਸੀ ਨੰਬਰ	ਵਸੂਲੀਯੋਗ ਰਕਮ	ਰਾਖਵੀਂ ਕੀਮਤ	ਬਿਆਨਾ ਰਕਮ	ਨਿਲਾਮੀ ਦੀ ਮਿਤੀ ਅਤੇ ਸਮਾਂ	ਨਿਲਾਮੀ ਅਦਾਲਤ ਦਾ ਨਾਮ
ਯੂਕੋ ਬੈਂਕ ਬਨਾਮ ਮੈਸਰਜ਼ ਪਬਲਿਕ ਸਰਵਿਸ ਸਟੇਸ਼ਨ ਅਤੇ ਹੋਰ ਆਰਸੀ ਨੰ. 314/2017	1,93,06,807.55 ਰੁਪਏ (ਇੱਕ ਕਰੋੜ ਤੀਰਾਨਵੇਂ ਲੱਖ ਛੇ ਹਜ਼ਾਰ ਅੱਠ ਸੌ ਸੱਤ ਅਤੇ ਸਿਰਫ਼ ਪਚਵੰਜਾ ਪੈਸੇ (ਸਾਧਾਰਨ ਵਿਆਜ 0 14.50% ਸਾਲਾਨਾ ਮਾਸਿਕ ਬਕਾਇਆ 28.09.2011 ਤੋਂ ਅਤੇ 1,50,000.00 ਰੁਪਏ (ਇੱਕ ਲੱਖ ਪੰਜਾਹ ਹਜ਼ਾਰ ਰੁਪਏ ਸਿਰਫ਼) ਦੀ ਲਾਗਤ CD(s) ਤੋਂ ਸਾਂਝੇ ਤੌਰ 'ਤੇ ਅਤੇ ਵੱਖਰੇ ਤੌਰ 'ਤੇ 1,93,06,807.55	Rs. 2,18,74,000/-	Rs. 21,87,000/- ਬੋਲੀ ਵਾਧਾ ਰਕਮ Rs. 1,00,000/-	04.06.2026 ਨੂੰ 11.00 ਵਜੇ ਤੋਂ 15.00 ਵਜੇ ਦੇ ਵਿਚਾਲੇ ਅਤੇ ਬੋਲੀ ਬੈਂਕ ਕੈਪਲੈਕਸ ਯੂਕੋ ਬੈਂਕ, ਮਾਂਗਟ ਸ਼ਾਖਾ ਵਿਖੇ ਆਯੋਜਿਤ ਕੀਤੀ ਜਾਵੇਗੀ।	ਸ਼੍ਰੀਮਤੀ ਕਮਲਜੀਤ ਕੌਰ ਸੀਨੀਅਰ ਪ੍ਰਬੰਧਕ ਯੂਕੋ ਬੈਂਕ, ਮਾਂਗਟ ਲੁਧਿਆਣਾ Mob. 88724-70865

(ਸੀਡੀ 1) ਮੈਸਰਜ਼ ਪਬਲਿਕ ਸਰਵਿਸ ਸਟੇਸ਼ਨ, ਰਾਹੋਂ ਰੋਡ, ਪਿੰਡ ਮੇਹਰਬਾਨ, ਪਿੰਡ ਤ ਡਾਕਖਾਨਾ ਬਸਤੀ ਜੋਧੇਵਾਲ, ਲੁਧਿਆਣਾ। (ਸੀਡੀ 2) ਸ਼੍ਰੀ ਈਸ਼ਰ ਸਿੰਘ ਪੁੱਤਰ ਸ਼੍ਰੀ ਮੰਗੂ ਰਾਮ, ਕੋਰ ਮੈਸਰਜ਼ ਪਬਲਿਕ ਸਰਵਿਸ ਸਟੇਸ਼ਨ, ਰਾਹੋਂ ਰੋਡ, ਪਿੰਡ ਮੇਹਰਬਾਨ, ਪੀ.ਓ. ਬਸਤੀ ਜੋਧੇਵਾਲ, ਲੁਧਿਆਣਾ। (ਸੀਡੀ 3) ਸ਼੍ਰੀ ਗੁਰਿੰਦਰ ਸਿੰਘ ਪੁੱਤਰ ਸ਼੍ਰੀ ਪਿਆਰਾ ਸਿੰਘ, ਕੋਰ ਮੈਸਰਜ਼ ਪਬਲਿਕ ਸਰਵਿਸ ਸਟੇਸ਼ਨ, ਰਾਹੋਂ ਰੋਡ, ਪਿੰਡ ਮੇਹਰਬਾਨ, ਡਾਕਖਾਨਾ ਬਸਤੀ ਜੋਧੇਵਾਲ, ਲੁਧਿਆਣਾ।

ਵੇਚੀ ਜਾਣ ਵਾਲੀ ਸੰਪੱਤੀ ਦੇ ਵੇਰਵੇ

ਪੈਟਰੋਲ ਪੰਪ ਅਤੇ ਰਿਹਾਇਸ਼ੀ ਘਰ, 3660.25 ਵਰਗ ਗਜ਼ ਦੀ ਜਾਇਦਾਦ (ਸ਼੍ਰੀ ਈਸ਼ਰ ਸਿੰਘ ਪੁੱਤਰ ਸ਼੍ਰੀ ਮੰਗੂ ਰਾਮ ਦੇ ਹੱਕ ਵਿੱਚ ਮਿਤੀ 03.02.1978 ਨੂੰ ਵਸੀਕਾ ਨੰਬਰ 3493 ਵਾਲੀ ਵਿਕਰੀ ਡੀਡ 1K-8M ਜਾਂ 847 ਵਰਗ ਗਜ਼ ਹੈ ਅਤੇ ਸ਼੍ਰੀ ਈਸ਼ਰ ਸਿੰਘ ਪੁੱਤਰ ਸ਼੍ਰੀ ਮੰਗੂ ਰਾਮ ਦੇ ਹੱਕ ਵਿੱਚ ਮਿਤੀ 06.07.1997 ਨੂੰ ਵਸੀਕਾ ਨੰਬਰ 1078 ਵਾਲੀ ਵਿਕਰੀ ਡੀਡ 4K-13M 2813.25 ਵਰਗ ਗਜ਼ ਹੈ) ਖਸਰਾ ਨੰਬਰ 9//6/2-15, ਖਾਤਾ ਨੰਬਰ 81/84, ਰਾਹੋਂ ਰੋਡ, ਪਿੰਡ ਮੇਹਰਬਾਨ, ਮੇਹਰਬਾਨ ਪੋਸਟ ਦੇ ਨੇੜੇ, ਰਾਹੋਂ ਰੋਡ, ਸੰਗਮ ਰਿਜ਼ੋਰਟ ਦੇ ਸਾਹਮਣੇ, ਲੁਧਿਆਣਾ। ਜਮ੍ਹਾਂਬੰਦੀ ਸਾਲ 1974-75। ਸ਼੍ਰੀ ਈਸ਼ਰ ਸਿੰਘ ਪੁੱਤਰ ਸ਼੍ਰੀ ਮੰਗੂ ਰਾਮ ਦੀ ਮਲਕੀਅਤ।

ਨਿਯਮ ਅਤੇ ਸ਼ਰਤਾਂ: ਜਾਇਦਾਦ "ਜਿਵੇਂ ਹੈ ਜਿੱਥੇ ਹੈ ਅਤੇ ਜਿਵੇਂ ਹੈ ਜਿਸ ਦੇ ਆਧਾਰ" 'ਤੇ ਵੇਚੀ ਜਾ ਰਹੀ ਹੈ। 1. ਨਿਲਾਮੀ "ਆਨਲਾਈਨ ਈ-ਨਿਲਾਮੀ" ਵੈੱਬਸਾਈਟ https://www.bankeauctions.com ਰਾਹੀਂ ਕੀਤੀ ਜਾਵੇਗੀ। 2. ਨਾਲ ਦਿੱਤੇ ਗਏ ਸ਼ਡਿਊਲ ਵਿੱਚ ਦੱਸੇ ਗਏ ਵੇਰਵੇ ਹੇਠਾਂ ਹਸਤਾਖਰ ਕਰਨ ਵਾਲੇ ਦੀ ਸਭ ਤੋਂ ਵਧੀਆ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਹੇਠਾਂ ਹਸਤਾਖਰ ਕਰਨ ਵਾਲਾ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। 3. ਰਾਖਵੀਂ ਕੀਮਤ ਜਿਸ ਤੋਂ ਘੱਟ ਜਾਇਦਾਦ ਨਹੀਂ ਵੇਚੀ ਜਾਵੇਗੀ ਉਹ ਸ਼ਡਿਊਲ ਵਿੱਚ ਦੱਸੇ ਅਨੁਸਾਰ ਹੈ। 4. ਜਿਸ ਰਕਮ ਨਾਲ ਬੋਲੀ ਵਧਾਈ ਜਾਣੀ ਹੈ। ਬੋਲੀ ਦੀ ਰਕਮ ਜਾਂ ਬੋਲੀਕਾਰ ਦੇ ਸੰਬੰਧ ਵਿੱਚ ਕੋਈ ਵਿਵਾਦ ਪੈਦਾ ਹੋਣ ਦੀ ਸਥਿਤੀ ਵਿੱਚ, ਲਾਟ ਨੂੰ ਤੁਰੰਤ ਨਿਲਾਮੀ ਲਈ ਰੱਖਿਆ ਜਾਵੇਗਾ ਜਾਂ ਰੱਦ ਕੀਤਾ ਜਾ ਸਕਦਾ ਹੈ। 5. ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਨੂੰ ਕਿਸੇ ਵੀ ਲਾਟ ਦਾ ਧਰੋਦਾਰ ਘੋਸ਼ਿਤ ਕੀਤਾ ਜਾਵੇਗਾ ਬਸ਼ਰਤੇ ਕਿ ਉਹ ਕਾਨੂੰਨੀ ਤੌਰ 'ਤੇ ਬੋਲੀ ਲਗਾਉਣ ਦੇ ਯੋਗ ਹਨ ਅਤੇ ਅੱਗੇ ਪ੍ਰਦਾਨ ਕੀਤਾ ਜਾਵੇ ਕਿ ਉਸ ਦੁਆਰਾ ਬੋਲੀ ਗਈ ਰਕਮ ਰਿਜ਼ਰਵ ਕੀਮਤ ਤੋਂ ਘੱਟ ਨਹੀਂ ਹੈ। ਇਹ ਸਵੀਕ੍ਰਿਤੀ ਨੂੰ ਅਸਵੀਕਾਰ ਕਰਨ ਲਈ ਨਿਮਨ ਹਸਤਾਖਰ ਕਰਨ ਵਾਲੇ ਦੇ ਵਿਵੇਕ ਵਿੱਚ ਹੋਵੇਗਾ। ਸਭ ਤੋਂ ਉੱਚੀ ਬੋਲੀ ਉਦੋਂ ਦਿੱਤੀ ਜਾਵੇਗੀ ਜਦੋਂ ਪੇਸ਼ ਕੀਤੀ ਗਈ ਕੀਮਤ ਇਨੀ ਸਪੱਸ਼ਟ ਤੌਰ 'ਤੇ ਨਾਕਾਫ਼ੀ ਜਾਪਦੀ ਹੈ ਕਿ ਅਜਿਹਾ ਕਰਨਾ ਅਸੰਭਵ ਹੋ ਜਾਂਦਾ ਹੈ। 6. ਹਰੇਕ ਇੱਛੁਕ ਬੋਲੀਕਾਰ ਨੂੰ ਆਰਓ/ਨਿਲਾਮੀਕਰਤਾ ਅਦਾਲਤ, ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3) ਕੋਲ ਜਮ੍ਹਾਂ ਕੀਤੀ ਜਾਣ ਵਾਲੀ ਚੰਡੀਗੜ੍ਹ ਵਿਖੇ ਅਦਾਇਗੀਯੋਗ **''ਵਸੂਲੀ ਅਧਿਕਾਰੀ, ਡੀਆਰਟੀ-3, ਚੰਡੀਗੜ੍ਹ''** ਦੇ ਪੱਖ ਵਿਚ ਡੀਡੀ/ਭੁਗਤਾਨ ਆਦੇਸ਼ ਦੇ ਮਾਧਿਅਮ ਦੁਆਰਾ ਬਿਆਨਾ ਰਕਮ ਜਮ੍ਹਾਂ (ਈਐਮਡੀ) ਅਦਾ ਕਰਨੀ ਹੋਵੇਗੀ ਅਤੇ ਪੈਨ ਕਾਰਡ, ਪਤੇ ਦਾ ਸਬੂਤ ਅਤੇ ਪਛਾਣ ਦਾ ਸਬੂਤ ਦਾ ਉਤਾਰਾ, ਈ-ਮੇਲ ਆਈਡੀ, ਮੋਬਾਇਲ ਨੰਬਰ ਸਮੇਤ ਸੰਪੱਤੀ ਦੇ ਵੇਰਵੇ ਅਤੇ ਕੰਪਨੀ ਦੇ ਮਾਮਲਾ ਵਿਚ ਜਾਂ ਕੰਪਨੀ ਦੀ ਪ੍ਰਤੀਨਿਧਤਾ ਜਾਂ ਮੁਖਤਿਆਰਨਾਮੇ ਦੀ ਪੁਸ਼ਟੀ ਵਾਲਾ ਕੋਈ ਵੀ ਹੋਰ ਦਸਤਾਵੇਜ਼ ਅਤੇ ਅਜਿਹੇ ਜਮ੍ਹਾਂ ਦੀ ਰਸੀਦ/ਕਾਊਂਟਰ ਫਾਈਲ, ਇਸ ਉਪਰੰਤ ਜਮ੍ਹਾਂ ਬਿਆਨਾ ਰਕਮ ਨਿਲਾਮੀ ਵਿਚ ਭਾਗ ਲੈਣ ਲਈ ਪਾਤਰ ਨਹੀਂ ਵਿਚਾਰੀ ਜਾਵੇਗੀ। 7. ਬਿਆਨਾ ਰਕਮ ਆਨਲਾਈਟ ਜਾਂ ਸਾਈਟ 'ਤੇ ਨਿਲਾਮੀ ਕਰਤਾ ਨੂੰ ਜਮ੍ਹਾਂ ਕੀਤੀ ਜਾਵੇਗੀ। 8. ਨਿਯਤ ਮਿਤੀ ਅਤੇ ਸਮੇਂ ਤੋਂ ਬਾਅਦ ਪ੍ਰਾਪਤ ਹੋਈ EMD ਨੂੰ ਰੱਦ ਕਰ ਦਿੱਤਾ ਜਾਵੇਗਾ ਅਤੇ ਭੁਗਤਾਨ ਕੀਤੀ ਗਈ ਰਕਮ ਨੂੰ ਰੱਦ ਕਰ ਦਿੱਤਾ ਜਾਵੇਗਾ। EMD ਉਹਨਾਂ ਨੂੰ ਵਾਪਸ ਕਰ ਦਿੱਤਾ ਜਾਵੇਗਾ। 9 ਸਫਲ ਬੋਲੀਕਾਰ ਨੂੰ EMD ਦੇ ਸਮਾਯੋਜਨ ਤੋਂ ਬਾਅਦ ਵਿਕਰੀ ਦੀ ਰਕਮ ਦਾ 25% ਉਪਰੋਕਤ ਵੇਰਵੇ ਅਨੁਸਾਰ ਅਗਲੇ ਦਿਨ ਉਕਤ ਖਾਤੇ/ਡਿਮਾਂਡ ਡਰਾਫਟ/ਬੈਂਕਰ ਚੈੱਕ/ਪੇਅ ਆਰਡਰ ਵਿੱਚ ਅਦਾ ਕਰਨਾ ਹੋਵੇਗਾ। ਜੇਕਰ ਅਗਲਾ ਦਿਨ ਛੁੱਟੀ ਜਾਂ ਐਤਵਾਰ ਹੈ, ਤਾਂ ਅਗਲੇ ਪਹਿਲੇ ਦਫਤਰ ਵਾਲੇ ਦਿਨ। 10. ਖਰੀਦਾਰ ਨੂੰ ਵਿਕਰੀ ਪ੍ਰਕਿਰਿਆ ਦਾ ਬਕਾਇਆ 75% ਸੰਪੱਤੀ ਦੀ ਵਿਕਰੀ ਦੀ ਮਿਤੀ ਤੋਂ 15ਵੇਂ ਦਿਨ ਜਾਂ ਪਹਿਲਾਂ ਜਾਂ ਅਜਿਹੇ ਦਿਨ ਨੂੰ ਛੱਡ ਕੇ, ਜਾਂ 15ਵਾਂ ਦਿਨ ਐਤਵਾਰ ਜਾਂ ਹੋਰ ਛੁੱਟੀ ਹੋਣ ਦੀ ਸੂਰਤ ਵਿਚ 15ਵੇਂ ਦਿਨ ਤੋਂ ਬਾਅਦ ਪਹਿਲੇ ਦਫਤਰ ਵਾਲੇ ਦਿਨ ਉੱਪਰ ਦੱਸੇ ਅਨੁਸਾਰ ਨਿਰਧਾਰਤ ਢੰਗ ਨਾਲ ਜਮ੍ਹਾਂ ਕਰਨੀ ਹੋਵੇਗੀ। ਉਪਰੋਕਤ ਤੋਂ ਇਲਾਵਾ, ਖਰੀਦਦਾਰ ਵਸੂਲੀ ਅਧਿਕਾਰੀ ਕਰਜ਼ਾ ਰਿਕਵਰੀ ਟ੍ਰਿਬਿਊਨਲ ਚੰਡੀਗੜ੍ਹ (DRT 3) ਕੋਲ ਰੁ. 1,000/- ਰੁਪਏ ਤੱਕ 2% ਦੀ ਦਰ 'ਤੇ ਅਤੇ ਰੁ. 1,000/- ਦੀ ਦਰ 'ਤੇ 1% ਦੀ ਦਰ 'ਤੇ ਰਜਿਸਟਰਾਰ, ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3) ਦੇ ਪੱਖ ਵਿਚ ਵਿਚ ਡੀਡੀ ਰਾਹੀਂ ਜਾਂ ਨਿਲਾਮੀ ਵਿਕਰੀ ਦੀ ਮਿਤੀ ਤੋਂ 15 ਦਿਨ ਜਾਂ ਪਹਿਲਾਂ ਜਮ੍ਹਾਂ ਕਰਨੀ ਹੋਵੇਗੀ। 11. ਨਿਰਧਾਰਤ ਅਵਧੀ ਦੇ ਅੰਦਰ ਭੁਗਤਾਨ ਵਿੱਚ ਅਸਫਲ ਹੋਣ ਦੀ ਸਥਿਤੀ ਵਿੱਚ, ਵਿਕਰੀ ਦੇ ਖਰਚਿਆਂ ਨੂੰ ਪੂਰਾ ਕਰਨ ਤੋਂ ਬਾਅਦ ਜੇ ਹੋਰ ਰਕਮ, ਜੇਕਰ ਹੇਠਾਂ ਹਸਤਾਖਰ ਕਰਨ ਵਾਲਾ ਯੋਗ ਸਮਝਦਾ ਹੈ, ਤਾਂ ਸਰਕਾਰ ਨੂੰ ਜ਼ਬਤ ਕਰ ਲਈ ਵਾਜਬੀ ਅਤੇ ਡਿਫਾਲਟ ਧਰੋਦਾਰ ਜਾਇਦਾਦ ਜਾਂ ਉਸ ਰਕਮ ਦੇ ਕਿਸੇ ਵੀ ਹਿੱਸੇ ਦੇ ਸਾਰੇ ਦਾਅਵੇ ਜ਼ਬਤ ਕਰ ਲਵੇਗਾ ਜਿਸ ਲਈ ਇਸਨੂੰ ਬਾਅਦ ਵਿੱਚ ਵੇਚਿਆ ਜਾ ਸਕਦਾ ਹੈ। ਵਿਕਰੀ ਦੀ ਨਵੀਂ ਘੋਸ਼ਣਾ ਜਾਰੀ ਹੋਣ ਤੋਂ ਬਾਅਦ, ਜਾਇਦਾਦ ਨੂੰ ਦੁਬਾਰਾ ਵੇਚ ਦਿੱਤਾ ਜਾਵੇਗਾ। 12. ਸਭ ਤੋਂ ਉੱਚੀ ਬੋਲੀਕਾਰ ਦਾ ਜਾਇਦਾਦ 'ਤੇ ਕੋਈ ਅਧਿਕਾਰ/ਟਾਈਟਲ ਨਹੀਂ ਹੋਵੇਗਾ ਜਦੋਂ ਤੱਕ ਕਿ ਕਰਜ਼ਦਾਰ ਅਫਸਰ, ਕਰਜ਼ ਰਿਕਵਰੀ ਟ੍ਰਿਬਿਊਨਲ ਚੰਡੀਗੜ੍ਹ (DRT 3) ਦੁਆਰਾ ਵਿਕਰੀ ਦੀ ਪੁਸ਼ਟੀ ਨਹੀਂ ਹੋ ਜਾਂਦੀ। 13. ਅਸਫਲ ਬੋਲੀਕਾਰਾਂ ਦੁਆਰਾ ਜਮ੍ਹਾ ਕੀਤੀ ਗਈ EMD ਦੀ ਰਕਮ ਔਨਲਾਈਨ ਮੋਡ ਰਾਹੀਂ ਵਾਪਸ ਕੀਤੀ ਜਾਵੇਗੀ ਜੇਕਰ EMD ਔਨਲਾਈਨ ਰਾਹੀਂ ਜਮ੍ਹਾ ਕੀਤੀ ਜਾਂਦੀ ਹੈ। ਜੇਕਰ EMD DD/BC/ਪੇ ਆਰਡਰ ਦੇ ਰੂਪ ਵਿੱਚ ਜਮ ਹੋਈ ਕੀਤੀ ਜਾਂਦੀ ਹੈ ਤਾਂ ਉਹੀ ਹੱਥੀਂ ਵਾਪਸ ਕੀਤੀ ਜਾਵੇਗੀ। ਨਿਲਾਮੀ ਦੇ ਨਾਲ ਭੇਜੀ ਗਈ ਫੋਟੋਕਾਪੀ ਦਾ ਅਸਲ ID ਸਬੂਤ। ਈਐਮਡੀ ਫਾਰਮ ਲਿਆਉਣਾ ਪਵੇਗਾ। ਈਐਮਡੀ ਰਕਮ 'ਤੇ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ। 14. ਨਿਲਾਮੀ ਈਐਮਡੀ ਫਾਰਮ ਵਿੱਚ ਦੱਸੇ ਗਏ ਵਿਅਕਤੀਆਂ ਤੋਂ ਇਲਾਵਾ ਕਿਸੇ ਵੀ ਵਿਅਕਤੀ (ਵਿਅਕਤੀਆਂ) ਦੇ ਨਾਵਾਂ ਦੇ ਵਿਕਰੀ ਸਰਟੀਫਿਕੇਟ ਵਿੱਚ ਸ਼ਾਮਲ/ਬਦਲਣ ਦੀ ਕੋਈ ਬੇਨਤੀ ਸਵੀਕਾਰ ਨਹੀਂ ਕੀਤੀ ਜਾਵੇਗੀ। ਵਿਕਰੀ ਲਈ ਲਿਆਂਦੀਆਂ ਗਈਆਂ ਜਾਇਦਾਦ ਦੀਆਂ ਇੱਕ ਤੋਂ ਵੱਧ ਚੀਜ਼ਾਂ ਦੇ ਮਾਮਲੇ ਵਿੱਚ, ਅਜਿਹੀਆਂ ਜਾਇਦਾਦਾਂ ਦੀ ਵਿਕਰੀ ਸਹੂਲਤ ਅਨੁਸਾਰ ਹੋਵੇਗੀ ਅਤੇ ਵਿਕਰੀ ਨੋਟਿਸ ਵਿੱਚ ਦੱਸੇ ਅਨੁਸਾਰ ਲੜੀਵਾਰ ਜਾਣਾ ਲਾਜ਼ਮੀ ਨਹੀਂ ਹੈ। 15. ਐਨਆਰਆਈ ਬੋਲੀਕਾਰਾਂ ਨੂੰ ਲਾਜ਼ਮੀ ਤੌਰ 'ਤੇ ਆਪਣੇ ਪਾਸਪੋਰਟ ਦੇ ਫੋਟੋ ਪੰਨੇ ਦੀ ਇੱਕ ਕਾਪੀ ਨੱਥੀ ਕਰਨੀ ਚਾਹੀਦੀ ਹੈ ਅਤੇ ਆਪਣੀ ਬੋਲੀ ਨੂੰ ਭਾਰਤੀ ਮਿਸ਼ਨ (ਦੂਤਾਵਾਸ) ਦੁਆਰਾ ਸਹੀ ਢੰਗ ਨਾਲ ਸਮਰਥਿਤ ਕਰਨਾ ਚਾਹੀਦਾ ਹੈ। ਚੱਲ/ਅਚੱਲ ਜਾਇਦਾਦ ÷ਜਿਵੇਂ ਹੈ, ਜਿੱਥੇ ਹੈ ਅਤੇ ਜਿਵੇਂ ਹੈ, ਕਿਸ ਆਧਾਰ 'ਤੇ ਵੇਚੀ ਜਾ ਰਹੀ ਹੈ÷ ਅਤੇ ਨਿਯਮਾਂ ਅਨੁਸਾਰ ਪ੍ਰਕਾਸ਼ਨ ਖਰਚੇ, ਮਾਲੀਆ ਅਤੇ ਹੋਰ ਬੋਝ ਦੇ ਅਧੀਨ ਹੈ। ਹੇਠ ਹਸਤਾਖਰ ਕਰਨ ਵਾਲੇ ਕੋਲ ਕਿਸੇ ਵੀ ਜਾਂ ਸਾਰੀਆਂ ਬੋਲੀਆਂ ਨੂੰ ਸਵੀਕਾਰ ਜਾਂ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੈ, ਜੇਕਰ ਗੈਰ-ਵਾਜਬ ਪਾਇਆ ਜਾਂਦਾ ਹੈ ਜਾਂ ਬਿਨਾਂ ਕਿਸੇ ਕਾਰਨ ਦੱਸੇ ਕਿਸੇ ਵੀ ਸਮੇਂ ਨਿਲਾਮੀ ਨੂੰ ਮੁਲਤਵੀ ਕਰ ਸਕਦਾ ਹੈ। ਕਿਸੇ ਵੀ ਹੋਰ ਜਾਣਕਾਰੀ ਲਈ, ਹੇਠ ਹਸਤਾਖਰ ਕਰਨ ਵਾਲੇ ਜਾਂ ਅਦਾਲਤੀ ਨਿਲਾਮੀਆਂ ਨਾਲ ਸੰਪਰਕ ਕਰੋ। ਸ਼੍ਰੀਮਤੀ ਕਮਲਜੀਤ ਕੌਰ, ਸੀਨੀਅਰ ਮੈਨੇਜਰ, ਯੂਕੋ ਬੈਂਕ, ਮਾਂਗਟ ਲੁਧਿਆਣਾ ਮੋਬਾਇਲ : 8872470865

ਵਸੂਲੀ ਅਧਿਕਾਰੀ, ਡੀਆਰਟੀ 3, ਚੰਡੀਗੜ੍ਹ

ROHA HOUSING FINANCE — ਰੋਹਾ ਹਾਊਸਿੰਗ ਫਾਇਨਾਂਸ ਪ੍ਰਾਈਵੇਟ ਲਿਮਟਿਡ

ਕਾਰਪੋਰੇਟ ਦਫ਼ਤਰ: ਯੂਨਿਟ ਨੰ. 1117 ਅਤੇ 1118, 11ਵੀਂ ਮੰਜ਼ਿਲ, ਵਰਲਡ ਟਰੇਡ ਟਾਵਰ ਸੈਕਟਰ 16, ਨੋਇਡਾ, ਉੱਤਰ ਪ੍ਰਦੇਸ਼ 201301

ਮੰਗ ਨੋਟਿਸ

ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਲਾਗੂਕਰਨ ਦੀ ਧਾਰਾ 13 (2) ਦੇ ਤਹਿਤ ਕਰਜ਼ਦਾਰ ਨੂੰ ਨੋਟਿਸ।

ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਹੇਠ ਲਿਖੇ ਕਰਜ਼ਦਾਰ/ਾਂ ਜਿਨ੍ਹਾਂ ਨੇ ਰੋਹਾ ਹਾਊਸਿੰਗ ਫਾਈਨੈਂਸ ਪ੍ਰਾਈਵੇਟ ਲਿਮਟਿਡ (RHFPL) ਤੋਂ ਕਰਜ਼ਾ ਲਿਆ ਹੈ, RHFPL ਨੂੰ ਆਪਣੇ ਕਰਜ਼ੇ ਦੀਆਂ ਸਮਾਨ ਮਾਸਿਕ ਕਿਸ਼ਤਾ

ਕੈਨੇਡਾ 'ਚ ਸਿੱਖ ਭਾਈਚਾਰੇ ਖ਼ਿਲਾਫ਼ ਵੱਧਦੀ ਨਫ਼ਰਤ ਤੇ ਵਿਤਕਰੇ ਨੇ ਵਧਾਈ ਚਿੰਤਾ

ਜਲੰਧਰ/ਓਟਾਵਾ, 28 ਅਪ੍ਰੈਲ (ਚ.ਨ.ਸ): ਕੈਨੇਡਾ ਵਿੱਚ ਪਿਛਲੇ ਕੁਝ ਸਮੇਂ ਤੋਂ ਸਿੱਖ ਭਾਈਚਾਰੇ ਵਿਰੁੱਧ ਨਫ਼ਰਤ, ਵਿਤਕਰੇ ਤੇ ਨਸਲੀ ਹਮਲਿਆਂ ਦੀਆਂ ਘਟਨਾਵਾਂ ਵਿੱਚ ਹੋਇਆ ਭਾਰੀ ਵਾਧਾ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਵਿਸ਼ਵ ਸਿੱਖ ਸੰਗਠਨ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਇੱਕ ਤਾਜ਼ਾ ਤੇ ਵਿਸਥਾਰਪੂਰਵਕ ਰਿਪੋਰਟ ਨੇ ਇਸ ਗੰਭੀਰ ਸਮੱਸਿਆ ਵੱਲ ਦੁਨੀਆਂ ਦਾ ਧਿਆਨ ਖਿੱਚਿਆ ਹੈ। ਇਸ 78 ਪੰਨਿਆਂ ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਦੇਸ਼ ਭਰ ਵਿੱਚ ਸਿੱਖ ਆਬਾਦੀ ਨੂੰ ਲਗਾਤਾਰ ਵੱਧਦੇ ਸਮਾਜਿਕ ਵਿਤਕਰੇ ਤੇ ਨਫ਼ਰਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਕਿ ਕੈਨੇਡਾ ਦੇ ਬਹੁ-ਸੱਭਿਆਚਾਰਕ ਸਰੂਪ ਲਈ ਇੱਕ ਵੱਡੀ ਚੁਣੌਤੀ ਹੈ। ਵਿਸ਼ਵ ਸਿੱਖ ਸੰਗਠਨ ਦੀ ਇਹ ਰਿਪੋਰਟ 1,600 ਤੋਂ ਵੱਧ ਸਿੱਖ-ਕੈਨੇਡੀਅਨ ਨਾਗਰਿਕਾਂ ਦੇ ਸਰਵੇਖਣ ਤੇ ਵੱਖ-ਵੱਖ ਭਾਈਚਾਰਕ ਚਰਚਾਵਾਂ 'ਤੇ ਆਧਾਰਿਤ ਹੈ। ਰਿਪੋਰਟ ਦੇ ਅੰਕੜੇ ਬੇਹੱਦ ਹੈਰਾਨ ਕਰਨ ਵਾਲੇ ਹਨ, ਜਿਸ ਅਨੁਸਾਰ 80 ਪ੍ਰਤੀਸ਼ਤ ਤੋਂ ਵੱਧ ਸਿੱਖ ਨਾਗਰਿਕਾਂ ਨੇ ਮੰਨਿਆ ਹੈ ਕਿ ਪਿਛਲੇ ਪੰਜ ਸਾਲਾਂ ਦੌਰਾਨ ਉਨ੍ਹਾਂ ਖ਼ਿਲਾਫ਼ ਨਫ਼ਰਤ ਤੇ ਵਿਤਕਰੇ ਦੀਆਂ ਘਟਨਾਵਾਂ ਵਿੱਚ ਜ਼ਿਕਰਯੋਗ ਵਾਧਾ ਹੋਇਆ ਹੈ। ਸਰਵੇਖਣ ਵਿੱਚ ਸ਼ਾਮਲ 65 ਪ੍ਰਤੀਸ਼ਤ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਜਨਤਕ ਥਾਵਾਂ 'ਤੇ ਸ਼ਬਦੀ ਨਫ਼ਰਤ ਦਾ ਸਾਹਮਣਾ ਕਰਨਾ ਪਿਆ, ਤੰਗ-ਪ੍ਰੇਸ਼ਾਨ ਕੀਤਾ ਗਿਆ ਜਾਂ ਅਪਮਾਨਿਤ ਕੀਤਾ ਗਿਆ। ਇਸ ਤੋਂ ਵੀ ਵੱਧ ਚਿੰਤਾ ਵਾਲੀ ਗੱਲ ਇਹ ਹੈ ਕਿ 91 ਪ੍ਰਤੀਸ਼ਤ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਸਿਰਫ਼ ਇਸ ਲਈ ਨਿਸ਼ਾਨਾ ਬਣਾਇਆ ਗਿਆ ਕਿਉਂਕਿ ਉਹ ਦਿੱਖ ਤੋਂ ਸਿੱਖ ਸਨ, ਜਿਵੇਂ ਕਿ ਦਸਤਾਰ ਸਜਾਉਣੀ, ਸਿਰ 'ਤੇ ਦੁਪੱਟਾ ਬੰਨ੍ਹਣਾ ਜਾਂ ਕੜਾ ਪਹਿਨਣਾ।ਜਸਵਿੰਦਰ ਸਿੰਘ ਕੈਨੇਡਾ ਨੇ ਇਸ ਸਥਿਤੀ ਨੂੰ ਨਿਰਾਸ਼ਾਜਨਕ ਦੱਸਦਿਆਂ ਕਿਹਾ ਕਿ ਸਿੱਖ ਭਾਈਚਾਰਾ ਇੱਕ ਸਦੀ ਤੋਂ ਵੱਧ ਸਮੇਂ ਤੋਂ ਕੈਨੇਡਾ ਵਿੱਚ ਰਹਿ ਰਿਹਾ ਹੈ ਤੇ ਦੇਸ਼ ਦੀ ਸਮਾਜਿਕ-ਆਰਥਿਕ ਤਰੱਕੀ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇੰਨੇ ਲੰਬੇ ਇਤਿਹਾਸ ਦੇ ਬਾਵਜੂਦ ਜੇਕਰ ਭਾਈਚਾਰਾ ਅਸੁਰੱਖਿਅਤ ਮਹਿਸੂਸ ਕਰਦਾ ਹੈ ਤਾਂ ਇਹ ਦੇਸ਼ ਦੇ ਲੋਕਤੰਤਰੀ ਢਾਂਚੇ ਲਈ ਇੱਕ ਖ਼ਤਰਨਾਕ ਸੰਕੇਤ ਹੈ। ਰਿਪੋਰਟ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਬ੍ਰਿਟਿਸ਼ ਕੋਲੰਬੀਆ ਦੇ ਫ੍ਰੇਜ਼ਰ ਵੈਲੀ ਵਰਗੇ ਖੇਤਰਾਂ ਵਿੱਚ ਜਿੱਥੇ ਸਿੱਖਾਂ ਦੀ ਵੱਡੀ ਗਿਣਤੀ ਹੈ, ਉਥੇ ਨਫ਼ਰਤੀ ਅਪਰਾਧਾਂ ਦੇ ਮਾਮਲੇ ਤੇਜ਼ੀ ਨਾਲ ਵਧੇ ਹਨ।



ਬਜ਼ੁਰਗ ਸਿੱਖ ਵਿਅਕਤੀ 'ਤੇ ਨਸਲੀ ਹਮਲਾ, ਪੁਲਿਸ ਵੱਲੋਂ ਮੁਲਜ਼ਮ ਗ੍ਰਿਫ਼ਤਾਰ

ਟੋਰਾਂਟੋ/ਕੈਨੇਡਾ, 28 ਅਪ੍ਰੈਲ (ਚ.ਨ.ਸ): ਕੈਨੇਡਾ ਦੇ ਓਂਟਾਰੀਓ ਸੂਬੇ ਵਿੱਚ ਇੱਕ ਮੰਦਭਾਗੀ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਬਜ਼ੁਰਗ ਸਿੱਖ ਵਿਅਕਤੀ 'ਤੇ ਨਸਲੀ ਹਮਲਾ ਕੀਤਾ ਗਿਆ। ਵੁੱਡਸਟੌਕ ਸ਼ਹਿਰ ਵਿੱਚ ਵਾਪਰੀ ਇਸ ਘਟਨਾ ਦੌਰਾਨ ਇੱਕ ਨੌਜਵਾਨ ਨੇ ਬਜ਼ੁਰਗ ਸਿੱਖ ਨੂੰ ਨਿਸ਼ਾਨਾ ਬਣਾਉਂਦੇ ਹੋਏ ਨਾ ਸਿਰਫ਼ ਸਰੀਰਕ ਤੌਰ 'ਤੇ ਧੱਕਾ-ਮੁੱਕੀ ਕੀਤੀ, ਸਗੋਂ ਉਸ 'ਤੇ ਨਸਲੀ ਟਿੱਪਣੀਆਂ ਕਰਦਿਆਂ ਉਸ ਨੂੰ ਦੇਸ਼ ਛੱਡ ਕੇ ਜਾਣ ਦੀਆਂ ਧਮਕੀਆਂ ਵੀ ਦਿੱਤੀਆਂ। ਪੁਲਿਸ ਨੇ ਇਸ ਨੂੰ ਨਫ਼ਰਤ ਤੋਂ ਪ੍ਰੇਰਿਤ ਹਮਲਾ ਕਰਾਰ ਦਿੰਦੇ ਹੋਏ ਮੁਲਜ਼ਮ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ 22 ਅਪ੍ਰੈਲ ਨੂੰ ਸਵੇਰੇ ਕਰੀਬ 11:35 ਵਜੇ ਵੁੱਡਸਟੌਕ ਦੇ ਨਾਈਟਸ ਲੇਨ ਇਲਾਕੇ ਵਿੱਚ ਵਾਪਰੀ। ਪੀੜਤ ਬਜ਼ੁਰਗ ਜਿਨ੍ਹਾਂ ਦੀ ਪਛਾਣ ਸ਼ਿੰਗਾਰਾ ਸਿੰਘ ਵਜੋਂ ਹੋਈ ਹੈ, ਸੜਕ ਕਿਨਾਰੇ ਪੈਦਲ ਚੱਲ ਰਹੇ ਸਨ। ਉਹ ਆਪਣੇ ਰੋਜ਼ਾਨਾ ਦੇ ਨੇਮ ਅਨੁਸਾਰ ਗੁਰਦੁਆਰਾ ਸਾਹਿਬ ਵੱਲ ਜਾ ਰਹੇ ਸਨ ਕਿ ਅਚਾਨਕ ਇੱਕ ਨੌਜਵਾਨ ਨੇ ਉਨ੍ਹਾਂ ਨੂੰ ਰੋਕ ਕੇ ਧੱਕਾ ਦਿੱਤਾ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਹਮਲਾ ਪੂਰੀ ਤਰ੍ਹਾਂ ਬਿਨਾਂ ਕਿਸੇ ਉਕਸਾਵੇ ਦੇ ਕੀਤਾ ਗਿਆ ਸੀ ਤੇ ਮੁਲਜ਼ਮ ਨੇ ਪੀੜਤ ਦੀ ਨਸਲ ਤੇ ਪਛਾਣ ਨੂੰ ਦੇਖਦੇ ਹੋਏ ਉਸ ਨੂੰ ਨਿਸ਼ਾਨਾ ਬਣਾਇਆ।



ਈਰਾਨ ਕੋਲ ਜਮ੍ਹਾਂ ਹੋ ਗਿਆ ਇੰਨਾ ਤੇਲ, ਰੱਖਣ ਲਈ ਨਹੀਂ ਬਚੀ ਥਾਂ

ਨਵੀਂ ਦਿੱਲੀ, 28 ਅਪ੍ਰੈਲ (ਚ.ਨ.ਸ): ਜਿਵੇਂ-ਜਿਵੇਂ ਅਮਰੀਕਾ ਈਰਾਨੀ ਤੇਲ ਬਰਾਮਦ 'ਤੇ ਆਪਣੀ ਨਾਕੇਬੰਦੀ ਨੂੰ ਹੋਰ ਸਖ਼ਤ ਕਰ ਰਿਹਾ ਹੈ, ਤਹਿਰਾਨ ਹੋਰ ਕੱਚੇ ਤੇਲ ਨੂੰ ਸੰਭਾਲਣ ਦੀ ਭਰਪੂਰ ਕੋਸ਼ਿਸ਼ ਕਰ ਰਿਹਾ ਹੈ। ਈਰਾਨ ਦਾ ਮੁੱਖ ਬਰਾਮਦ ਕੇਂਦਰ ਖਰਗ ਟਾਪੂ ਤੇਜ਼ੀ ਨਾਲ ਆਪਣੀ ਸਟੋਰੇਜ ਸਮਰੱਥਾ ਦੀ ਹੱਦ ਤੱਕ ਪਹੁੰਚ ਰਿਹਾ ਹੈ। ਅਜਿਹੇ 'ਚ ਈਰਾਨ ਹੁਣ 30 ਸਾਲ ਪੁਰਾਣੇ ਕਰੂਡ ਕੈਰੀਅਰ ਐਮ/ਟੀ ਨਾਸ਼ਾ ਨੂੰ ਮੁੜ ਸਰਗਰਮ ਕਰਨ ਦੀ ਤਿਆਰੀ 'ਚ ਹੈ ਤਾਂ ਜੋ ਟਾਪੂ 'ਤੇ ਕੱਚੇ ਤੇਲ ਦੀ ਸਟੋਰੇਜ ਵਧਾਈ ਜਾ ਸਕੇ। ਇਹ ਕਦਮ ਅਮਰੀਕੀ ਪਾਬੰਦੀਆਂ ਦੇ ਕਾਰਨ ਚੁੱਕਿਆ ਗਿਆ ਹੈ, ਕਿਉਂਕਿ ਈਰਾਨ ਨਾਕੇਬੰਦੀ ਦੇ ਕਾਰਨ ਤੇਲ ਬਰਾਮਦ ਨਹੀਂ ਹੋ ਪਾ ਰਿਹਾ। ਗਲਫ ਨਿਊਜ਼ ਦੀ ਰਿਪੋਰਟ ਮੁਤਾਬਿਕ ਸਮੁੰਦਰੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਪਾਬੰਦੀਆਂ ਤੋਂ ਬਰਾਮਦ 'ਚ ਰੁਕਾਵਟ ਦੇ ਬਾਵਜੂਦ ਖਰਗ ਟਾਪੂ ਤੱਕ ਕੱਚੇ ਤੇਲ ਦਾ ਵਹਾਅ 10 ਤੋਂ 11 ਲੱਖ ਬੈਰਲ ਹਰ ਰੋਜ਼ ਦੀ ਦਰ ਨਾਲ-ਨਾਲ ਜਾਰੀ ਹੈ। ਜ਼ਮੀਨ 'ਤੇ ਬਣੀ ਸਟੋਰੇਜ 'ਚ ਕਰੀਬ 1.3 ਕਰੋੜ ਬੈਰਲ ਦੀ ਹੋਰ ਸਮਰੱਥਾ ਬਚੀ ਹੈ। ਇਸ ਰਫਤਾਰ ਨਾਲ ਇਹ ਸਮਰੱਥਾ ਸਿਰਫ਼ ਦੋ ਹਫਤਿਆਂ 'ਚ ਪੂਰੀ ਤਰ੍ਹਾਂ ਭਰ ਸਕਦੀ ਹੈ, ਜਿਸ ਨਾਲ ਟਰਮੀਨਲ ਆਪਣੀ ਵੱਧ ਤੋਂ ਵੱਧ ਸਮਰੱਥਾ ਤੱਕ ਪਹੁੰਚ ਜਾਵੇਗਾ।ਈਰਾਨ ਸਮੁੰਦਰ 'ਚ ਕਰੇਗਾ ਫਲੋਟਿੰਗ ਸਟੋਰੇਜ: ਇਸ ਵੱਧਦੇ ਦਬਾਅ ਨੂੰ ਘੱਟ ਕਰਨ ਲਈ ਈਰਾਨ ਨੇ ਫਲੋਟਿੰਗ ਸਟੋਰੇਜ ਯਾਨੀ ਸਮੁੰਦਰ 'ਚ ਤੈਰਦੇ ਟੈਂਕਰਾਂ ਜ਼ਰੀਏ ਹੋਰ ਤੇਲ ਜਮ੍ਹਾਂ ਕਰਨ ਦਾ ਰਸਤਾ ਅਪਣਾਇਆ ਹੈ। ਇਸੇ ਕੜੀ 'ਚ ਐਮਟੀ ਨਾਸ਼ਾ ਇੱਕ ਬਹੁਤ ਵੱਡਾ ਕਰੀਅਰ ਸਾਬਿਤ ਹੋ ਸਕਦਾ ਹੈ। ਇਸਨੂੰ 1996 'ਚ ਬਣਾਇਆ ਗਿਆ ਸੀ। ਇਹ 330 ਮੀਟਰ ਤੋਂ ਜ਼ਿਆਦਾ ਲੰਬਾ ਹੈ। ਸੇਵਾ 'ਚ ਵਾਪਸ ਲਿਆਂਦੇ ਜਾਣ ਤੋਂ ਪਹਿਲਾਂ ਇਹ ਕਈ ਸਾਲਾਂ ਤੱਕ ਜ਼ਿਆਦਾਤਰ ਨਕਾਰਾ ਹੀ ਪਿਆ ਰਿਹਾ ਸੀ। ਫਾਰਸ ਦੀ ਖਾੜੀ 'ਚ ਸਥਿਤ ਇਸ ਟਾਪੂ ਦੇ ਡੂੰਘੇ ਪਾਣੀ 'ਚ ਵਿਸ਼ਾਲ ਸੁਪਰਟੈਂਕ ਆਸਾਨੀ ਨਾਲ ਲੰਗਰ ਲਾ ਕੇ ਤੇਲ ਲੋਡ ਕਰ ਸਕਦੇ ਹਨ, ਜਿਹੜਾ ਮੁੱਖ ਤੌਰ 'ਤੇ ਏਸ਼ਿਆਈ ਬਾਜ਼ਾਰ ਨੂੰ ਜਾਂਦਾ ਹੈ। ਅਬੂਜਰ, ਫੋਰੂਜਨ ਤੇ ਦੋਰੂਦ ਵਰਗੀ ਵਾਲਾ ਕੱਚਾ ਤੇਲ ਇੱਥੇ ਪ੍ਰੋਸੈਸ ਹੁੰਦਾ ਹੈ। ਪ੍ਰਮੁੱਖ ਆਫਸ਼ੋਰ ਫੀਲਡ ਤੋਂ ਆਉਣ ਖਰਗ 'ਚ ਕੋਈ ਵੀ ਰੁਕਾਵਟ ਜਾਂ ਭੀੜ ਭੜੱਕਾ ਤੇਜ਼ੀ ਨਾਲ ਰਾਸ਼ਟਰੀ ਆਰਥਿਕ ਚੁਣੌਤੀ ਬਣ ਜਾਂਦੀ ਹੈ।





ਮੈਂ ਬਲਾਤਕਾਰੀ ਨਹੀਂ ਹਾਂ, ਹਮਲਾਵਰ ਦੇ ਇਲਜ਼ਾਮਾਂ 'ਤੇ ਭੜਕੇ ਟਰੰਪ

ਵਾਸ਼ਿੰਗਟਨ, 28 ਅਪ੍ਰੈਲ (ਚ.ਨ.ਸ): ਵਾਸ਼ਿੰਗਟਨ ਵਿੱਚ ਵ੍ਹਾਈਟ ਹਾਊਸ ਕੋਰਸਪੌਂਡੈਂਟਸ ਐਸੋਸੀਏਸ਼ਨ ਦੇ



ਸਾਲਾਨਾ ਡਿਨਰ ਦੌਰਾਨ ਹੋਈ ਗੋਲੀਬਾਰੀ ਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਹੱਤਿਆ ਦੀ ਕੋਸ਼ਿਸ਼ ਤੋਂ ਬਾਅਦ ਅਮਰੀਕਾ ਦੀ ਸਿਆਸਤ ਵਿੱਚ ਭੂਚਾਲ ਆ ਗਿਆ ਹੈ। ਇਸ ਘਟਨਾ ਦੇ ਕੁਝ ਹੀ ਘੰਟਿਆਂ ਬਾਅਦ ਸੀ.ਬੀ.ਐਸ. ਦੇ ਮਸ਼ਹੂਰ ਪ੍ਰੋਗਰਾਮ 60 ਮਿੰਟ ਲਈ ਦਿੱਤੇ ਇੱਕ ਇੰਟਰਵਿਊ ਦੌਰਾਨ ਰਾਸ਼ਟਰਪਤੀ ਟਰੰਪ ਤੇ ਪੱਤਰਕਾਰ ਨੋਰਾ ਓਡੋਨਲ ਵਿਚਾਲੇ ਤਿੱਖੀ ਬਹਿਸ ਹੋਈ, ਜਿਸ ਨੇ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ ਹੈ। ਇੰਟਰਵਿਊ ਦੌਰਾਨ ਜਦੋਂ ਪੱਤਰਕਾਰ ਨੋਰਾ ਓਡੋਨਲ ਨੇ ਹਮਲਾਵਰ ਕੋਲ ਟੋਮਸ ਐਲਨ ਦੁਆਰਾ ਲਿਖੇ ਗਏ ਮੈਨੀਫੈਸਟੋ (ਘੋਸ਼ਣਾ ਪੱਤਰ) ਦੇ ਕੁਝ ਅੰਸ਼ ਪੜ੍ਹ ਕੇ ਸੁਣਾਏ ਤਾਂ ਰਾਸ਼ਟਰਪਤੀ ਟਰੰਪ ਅੱਗ-ਬਬੂਲਾ ਹੋ ਗਏ। ਇਸ ਮੈਨੀਫੈਸਟੋ ਵਿੱਚ ਹਮਲਾਵਰ ਨੇ ਟਰੰਪ 'ਤੇ ਕਈ ਗੰਭੀਰ ਇਲਜ਼ਾਮ ਲਗਾਏ ਸਨ। ਇਨ੍ਹਾਂ ਇਲਜ਼ਾਮਾਂ ਦਾ ਜਵਾਬ ਦਿੰਦਿਆਂ ਟਰੰਪ ਨੇ ਬੜੀ ਸਖ਼ਤੀ ਨਾਲ ਕਿਹਾ ਕਿ ਮੈਂ ਕੋਈ ਬਲਾਤਕਾਰੀ ਨਹੀਂ ਹਾਂ ਤੇ ਨਾ ਹੀ ਮੈਂ ਕਦੇ ਕਿਸੇ ਨਾਲ ਅਜਿਹਾ ਕੁਝ ਕੀਤਾ ਹੈ।ਉਨ੍ਹਾਂ ਨੇ ਪੱਤਰਕਾਰ ਨੂੰ ਅੱਧ ਵਿਚਾਲੇ ਟੋਕਦਿਆਂ ਉਸ ਨੂੰ ਅਪਮਾਨਜਨਕ ਕਰਾਰ ਦਿੱਤਾ ਤੇ ਕਿਹਾ ਕਿ ਇੱਕ ਬਿਮਾਰ ਮਾਨਸਿਕਤਾ ਵਾਲੇ ਵਿਅਕਤੀ ਦੀਆਂ ਗੱਲਾਂ ਨੂੰ ਰਾਸ਼ਟਰੀ ਟੀਵੀ 'ਤੇ ਪ੍ਰਸਾਰਿਤ ਕਰਨਾ ਮੀਡੀਆ ਦੀ ਗਿਰਾਵਟ ਦਾ ਸਬੂਤ ਹੈ।

ਕਣਕ ਖ਼ਰੀਦ ਦੀਆਂ ਸ਼ਰਤਾਂ ਨਰਮ ਕਰਕੇ ਕੇਂਦਰ ਨੇ ਕਿਸਾਨਾਂ ਨੂੰ ਦਿੱਤੀ ਰਾਹਤ: ਰਾਜ ਕੁਮਾਰ

ਗੜ੍ਹਸ਼ੰਕਰ, 28 ਅਪ੍ਰੈਲ (ਅਜਮੇਰ ਸਿੰਘ ਭਨੋਟ): ਭਾਜਪਾ ਦੀ ਕੇਂਦਰ ਸਰਕਾਰ ਕਿਸਾਨ ਪੱਖੀ ਹੈ। ਇਸ ਗੱਲ ਦਾ ਇਹ ਪ੍ਰਤੱਖ ਸਬੂਤ ਹੈ ਕਿ ਬੇਮੌਸਮੇ ਮੀਂਹ ਨਾਲ ਨੁਕਸਾਨੀ ਗਈ ਕਣਕ ਦੀ ਫ਼ਸਲ ਦੀ ਖ਼ਰੀਦ 'ਚ ਕਈ ਪੱਖਾਂ ਤੋਂ ਭਾਰੀ ਛੋਟ ਦਿੱਤੀ ਗਈ ਹੈ। ਇਹ ਵਿਚਾਰ ਭਾਜਪਾ ਦੇ ਸੀਨੀਅਰ ਆਗੂ ਰਾਜ ਕੁਮਾਰ ਨੇ ਕਹੇ।



ਉਨ੍ਹਾਂ ਕਿਹਾ ਕਿ ਇਸ ਵਾਰ ਬੇਮੌਸਮੇ ਮੀਂਹ ਨਾਲ ਕਈ ਜਗ੍ਹਾ 'ਤੇ ਕਣਕ ਦੀ ਫ਼ਸਲ ਦਾ ਭਾਰੀ ਨੁਕਸਾਨ ਹੋਇਆ ਹੈ ਤੇ ਕਈ ਥਾਵਾਂ 'ਤੇ ਦਾਣਾ ਵੀ ਬੇਰੰਗਾ ਹੋ ਗਿਆ ਸੀ, ਜਿਸਦੇ ਚੱਲਦਿਆਂ ਸਰਕਾਰੀ ਖ਼ਰੀਦ ਪ੍ਰਭਾਵਿਤ ਹੋ ਰਹੀ ਸੀ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਮੰਗ ਨੂੰ ਦੇਖਦਿਆਂ ਕੇਂਦਰ ਸਰਕਾਰ ਵੱਲੋਂ ਲਏ ਗਏ ਫ਼ੈਸਲੇ ਅਨੁਸਾਰ 70 ਫ਼ੀਸਦੀ ਤੱਕ ਕਿਸਾਨਾਂ ਦੀ ਫ਼ਸਲ ਦਾ ਬੇਰੰਗਾ ਦਾਣਾ ਤੇ 15 ਫ਼ੀਸਦੀ ਤੱਕ ਟੁੱਟਿਆ ਹੋਇਆ ਦਾਣਾ ਵੀ ਐਮ.ਐਸ.ਪੀ. 'ਤੇ ਖ਼ਰੀਦਿਆ ਜਾਵੇਗਾ। ਰਾਜ ਕੁਮਾਰ ਨੇ ਕਿਹਾ ਕਿ ਇਸ ਨਾਲ ਕਿਸਾਨਾਂ ਨੂੰ ਭਾਰੀ ਰਾਹਤ ਮਿਲੇਗੀ ਤੇ ਕਣਕ ਦੀ ਫ਼ਸਲ ਵੇਚਣ 'ਚ ਦਿੱਕਤ ਪੇਸ਼ ਨਹੀਂ ਆਵੇਗੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਕਿਸਾਨ ਹਿਤੈਸ਼ੀ ਦੱਸਣ ਵਾਲੀ ਸੂਬਾ ਸਰਕਾਰ ਕਣਕ ਦੇ ਮੰਡੀਕਰਨ 'ਚ ਪੂਰੀ ਤਰ੍ਹਾਂ ਫ਼ੇਲ੍ਹ ਸਾਬਤ ਹੋ ਰਹੀ ਹੈ ਤੇ ਹੁਣ ਜਗ੍ਹਾ-ਜਗ੍ਹਾ ਕਿਸਾਨ ਅੰਦੋਲਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸੈਂਟਰ ਦੀ ਭਾਜਪਾ ਸਰਕਾਰ ਕਿਸਾਨਾਂ ਦੇ ਹੱਕਾਂ ਲਈ ਹਮੇਸ਼ਾ ਯਤਨਸ਼ੀਲ ਹੈ।

ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਲੋਕ ਅਦਾਲਤ/ਖੁੱਲ੍ਹਾ ਦਰਬਾਰ 30 ਨੂੰ

ਗੁਰਦਾਸਪੁਰ, 28 ਅਪ੍ਰੈਲ (ਜਗੀਰ ਸਿੰਘ ਮੰਡ/ਨਾਹਰ): ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਚੇਅਰਪਰਸਨ ਰਾਜ ਲਾਲੀ ਗਿੱਲ ਦੀ ਅਗਵਾਈ ਹੇਠ 30 ਅਪ੍ਰੈਲ (ਵੀਰਵਾਰ) ਨੂੰ ਸਵੇਰੇ 10.30 ਵਜੇ ਪੰਚਾਇਤ ਭਵਨ, ਗੁਰਦਾਸਪੁਰ ਵਿਖੇ ਲੋਕ ਅਦਾਲਤ ਲਗਾਈ ਜਾਵੇਗੀ। ਇਸ ਲੋਕ ਅਦਾਲਤ ਦਾ ਉਦੇਸ਼ ਮਹਿਲਾਵਾਂ ਨੂੰ ਆਪਣੀਆਂ ਸਮੱਸਿਆਵਾਂ ਤੇ ਸ਼ਿਕਾਇਤਾਂ ਨੂੰ ਸਿੱਧਾ ਕਮਿਸ਼ਨ ਤੇ ਪੁਲਿਸ ਅਧਿਕਾਰੀਆਂ ਦੇ ਸਾਹਮਣੇ ਰੱਖਣ ਲਈ ਇੱਕ ਸਿੱਧਾ ਤੇ ਸੁਗਮ ਮੰਚ ਉਪਲਬਧ ਕਰਵਾਉਣਾ ਹੈ। ਇਸ ਦੌਰਾਨ ਲਗਾਏ ਗਏ ਮਾਮਲਿਆਂ ਦਾ ਮੌਕੇ 'ਤੇ ਨਿਪਟਾਰਾ ਕਰਵਾਉਣ ਲਈ ਉਚ ਅਧਿਕਾਰੀ ਮੌਜੂਦ ਰਹਿਣਗੇ। ਚੇਅਰਪਰਸਨ ਰਾਜ ਲਾਲੀ ਗਿੱਲ ਨੇ ਕਿਹਾ ਕਿ ਮਹਿਲਾਵਾਂ ਦੇ ਹੱਕਾਂ ਦੀ ਰਾਖੀ ਕਰਨਾ ਤੇ ਉਨ੍ਹਾਂ ਦੀਆਂ ਗੁੰਝਲਦਾਰ ਸਮੱਸਿਆਵਾਂ ਦਾ ਤੁਰੰਤ ਹੱਲ ਕਰਵਾਉਣਾ ਕਮਿਸ਼ਨ ਦੀ ਪ੍ਰਾਥਮਿਕਤਾ ਹੈ। ਇਹ ਖੁੱਲ੍ਹਾ ਦਰਬਾਰ ਪੀੜਤ ਮਹਿਲਾਵਾਂ ਨੂੰ ਇਨਸਾਫ਼ ਦਿਵਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੋਵੇਗਾ। ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਸਮੂਹ ਜਨਤਾ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਲੋਕ ਅਦਾਲਤ ਵਿੱਚ ਹਿੱਸਾ ਲੈ ਕੇ ਆਪਣੀਆਂ ਸਮੱਸਿਆਵਾਂ ਸਿੱਧਾ ਕਮਿਸ਼ਨ ਅੱਗੇ ਰੱਖਣ ਦਾ ਲਾਭ ਉਠਾਇਆ ਜਾਵੇ।



ਜ਼ਿਲ੍ਹੇ ਦੀਆਂ ਮੰਡੀਆਂ 'ਚ ਕਣਕ ਦੀ ਖਰੀਦ 4 ਲੱਖ ਮੀਟ੍ਰਿਕ ਟਨ ਤੱਕ ਪਹੁੰਚੀ

ਬਟਾਲਾ, 28 ਅਪ੍ਰੈਲ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਪ੍ਰਕਿਰਿਆ ਨਿਰਵਿਘਨ ਜਾਰੀ ਹੈ ਤੇ ਬੀਤੀ ਸ਼ਾਮ ਤੱਕ 404330 ਮੀਟ੍ਰਿਕ ਟਨ ਕਣਕ ਦੀ ਫਸਲ ਦੀ ਆਮਦ ਹੋਈ ਸੀ, ਜਿਸ ਵਿੱਚੋਂ 397445 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ ਤੇ ਫਸਲ ਦੀ ਚੁਕਾਈ ਵੀ ਜਾਰੀ ਹੈ। ਕਿਸਾਨਾਂ ਦੇ ਖਾਤਿਆਂ ਵਿੱਚ 929 ਕਰੋੜ 08 ਲੱਖ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ, ਜੋ 98 ਫੀਸਦੀ ਬਣਦੀ ਹੈ। ਡਿਪਟੀ ਕਮਿਸ਼ਨਰ ਆਦਿੱਤਿਆ ਉਪਲ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਫਸਲ ਦੀ ਖਰੀਦ ਤੇ ਚੁਕਾਈ ਪ੍ਰਕਿਰਿਆ ਨਿਰਵਿਘਨ ਚੱਲ ਰਹੀ ਹੈ ਤੇ ਨਿਰਧਾਰਿਤ ਸਮੇਂ ਅ

ਦਿਲਜੀਤ ਦੋਸਾਂਝ ਦੇ ਸ਼ੋਅ 'ਚ ਹੰਗਾਮਾ, ਗਰਮਖਿਆਲੀਆਂ ਨੇ ਲਗਾਏ ਨਾਅਰੇ

ਵੈਨਕੂਵਰ, 28 ਅਪ੍ਰੈਲ (ਚ.ਨ.ਸ): ਕੈਨੇਡਾ ਵਿੱਚ ਪੰਜਾਬੀ ਤੇ ਬਾਲੀਵੁੱਡ ਗਾਇਕ ਦਿਲਜੀਤ ਦੋਸਾਂਝ ਦੇ ਇੱਕ 'ਲਾਈਵ ਕੰਸਰਟ' ਵਿੱਚ ਵਿਘਨ ਪਿਆ। ਵੈਨਕੂਵਰ ਵਿੱਚ ਅੱਗਾ 2026 ਲਾਈਵ



ਕੰਸਰਟ ਵਿੱਚ ਗਰਮਖਿਆਲੀ ਆ ਗਏ ਤੇ ਨਾਅਰੇਬਾਜ਼ੀ ਕੀਤੀ ਤੇ ਝੰਡੇ ਲਹਿਰਾਉਣੇ ਸ਼ੁਰੂ ਕਰ ਦਿੱਤੇ। ਜਦੋਂ ਸੁਰੱਖਿਆ ਕਰਮੀਆਂ ਨੇ ਉਨ੍ਹਾਂ ਨੂੰ ਰੋਕਿਆ ਤਾਂ ਉਨ੍ਹਾਂ ਨਾਲ ਵੀ ਬਹਿਸ ਕਰਨੀ ਸ਼ੁਰੂ ਕਰ ਦਿੱਤੀ। ਫਿਰ, ਇੱਕ ਪੋਸਟਰ ਜਾਰੀ ਕੀਤਾ ਗਿਆ, ਜਿਸ ਵਿੱਚ ਦਿਲਜੀਤ ਦੋਸਾਂਝ ਨੂੰ ਭਾਜਪਾ-ਆਰ.ਐਸ.ਐਸ. ਏਜੰਟ ਕਿਹਾ ਗਿਆ। ਉਨ੍ਹਾਂ ਇਲਜ਼ਾਮ ਲਗਾਇਆ ਕਿ ਦਿਲਜੀਤ ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਨੂੰ ਭਾਜਪਾ-ਆਰ.ਐਸ.ਐਸ. ਦੇ ਨੇੜੇ ਲਿਆਉਣ ਲਈ ਕੰਮ ਕਰ ਰਿਹਾ ਸੀ ਤੇ ਪ੍ਰਧਾਨ ਮੰਤਰੀ ਮੋਦੀ ਲਈ ਭਾਰਤ ਤੇ ਵਿਦੇਸ਼ਾਂ ਵਿੱਚ ਆਰ.ਐਸ.ਐਸ.-ਭਾਜਪਾ ਦੇ ਅੱਡੇ ਬਣਾ ਰਿਹਾ ਹੈ। 23 ਅਪ੍ਰੈਲ ਨੂੰ ਵੈਨਕੂਵਰ ਵਿੱਚ ਦਿਲਜੀਤ ਦੋਸਾਂਝ ਦਾ ਲਾਈਵ ਕੰਸਰਟ ਕੀਤਾ ਗਿਆ ਸੀ। ਪ੍ਰਦਰਸ਼ਨਕਾਰੀ ਗਰਮਖਿਆਲੀ ਇੱਥੇ ਹੀ ਨਹੀਂ ਰੁਕੇ, ਉਨ੍ਹਾਂ ਨੇ ਦਿਲਜੀਤ ਦੇ ਭਵਿੱਖ ਦੇ ਸੰਗੀਤ ਸਮਾਰੋਹਾਂ ਵਿੱਚ ਵਿਘਨ ਪਾਉਣ ਦੀ ਵੀ ਧਮਕੀ ਦਿੱਤੀ। ਰਿਪੋਰਟਾਂ ਅਨੁਸਾਰ ਪਵਨਦੀਪ ਸਿੰਘ ਬੱਸੀ ਤੇ ਮਨਦੀਪ ਸਿੰਘ ਰਵੀ, ਜੋ ਕਿ ਗੁਰਪਤਵੰਤ ਸਿੰਘ ਪੰਨੂੰ ਦੇ 'ਸਿੱਖਸ ਫਾਰ ਜਸਟਿਸ' ਨਾਲ ਜੁੜੇ ਹੋਏ ਹਨ, ਵੈਨਕੂਵਰ ਵਿੱਚ ਨਾਅਰੇਬਾਜ਼ੀ ਦੀ ਅਗਵਾਈ ਕਰ ਰਹੇ ਸਨ। ਗਰਮਖਿਆਲੀਆਂ ਦਾ ਕਹਿਣਾ ਹੈ ਕਿ ਕੈਲਗਰੀ, ਐਡਮਿੰਟਨ, ਵਿਨੀਪੈਗ, ਟੋਰਾਂਟੋ, ਇਲੀਨੋਇਸ, ਫਲੋਰੀਡਾ, ਟੈਕਸਾਸ, ਨਿਊਯਾਰਕ ਤੇ ਕੈਲੀਫੋਰਨੀਆ ਵਿੱਚ ਵੀ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ।

ਦੂਸਰੇ ਵਿਸ਼ਵ ਯੁੱਧ 'ਚ ਸ਼ਹੀਦ ਹੋਏ ਭਾਰਤੀ ਸਿੱਖ ਫੌਜੀਆਂ ਦੀ ਯਾਦ 'ਚ ਸਮਾਰਕ ਸਥਾਪਤ

ਮਿਲਾਨ, 28 ਅਪ੍ਰੈਲ (ਚ.ਨ.ਸ): ਇਟਲੀ ਦੇ ਸੂਬਾ ਇਮੀਲੀਆ ਰੋਮਾਨੀਆਂ 'ਚ ਪੈਂਦੇ ਜ਼ਿਲ੍ਹਾ ਰਿਜੋਮਿਲੀਆ ਦੇ ਸ਼ਹਿਰ ਲੁਜਾਰਾ ਵਿਖੇ ਦੂਸਰੇ ਵਿਸ਼ਵ ਯੁੱਧ ਵਿੱਚ ਸ਼ਹੀਦ ਹੋਏ ਭਾਰਤੀ ਸਿੱਖ ਫੌਜੀਆਂ ਦੀ ਯਾਦ 'ਚ ਸਮਾਰਕ ਦੀ ਸਥਾਪਨਾ ਕੀਤੀ ਗਈ। ਇਹ ਕਾਰਜ ਕਮੂਨੇ ਦੀ ਲੁਸਾਰਾ ਵੱਲੋਂ ਵਰਲਡ ਸਿੱਖ ਸ਼ਹੀਦ ਮਿਲਟਰੀ (ਰਜਿ.) ਦੇ ਸਹਿਯੋਗ ਨਾਲ ਕੀਤਾ ਗਿਆ। ਇਸ ਸਮਾਰਕ ਦਾ ਬੀਤੇ ਦਿਨ ਇਟਲੀ ਦੇ ਆਜ਼ਾਦੀ ਦਿਹਾੜੇ ਮੌਕੇ ਲੁਸਾਰਾ ਦੀ ਮੇਅਰ ਦੀਬੀਆ ਸਤੇਲੀ ਤੇ ਕਮੇਟੀ ਪ੍ਰਧਾਨ ਪ੍ਰਿਥੀਪਾਲ ਸਿੰਘ ਨੇ ਇਟਾਲੀਅਨ ਤੇ ਭਾਰਤੀਆ ਦੀ ਹਾਜ਼ਰੀ 'ਚ ਉਦਘਾਟਨ ਕੀਤਾ। ਇਸ ਮੌਕੇ ਸੰਗਤਾਂ ਨੇ ਬੋਲੇ ਸੋ ਨਿਹਾਲ ਦੇ ਜੈਕਾਰੇ ਲਗਾ ਕੇ ਸਮਾਰਕ ਦਾ ਸਵਾਗਤ ਕੀਤਾ। ਇਸ ਮੌਕੇ ਜਸਵੀਰ ਸਿੰਘ ਨੇ ਸ਼ਹੀਦ ਫੌਜੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਮੇਅਰ ਦੀਬੀਆ ਸਤੇਲੀ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਮੈਂ ਅੱਜ ਇਟਲੀ ਦੀ ਆਜ਼ਾਦੀ ਦੇ ਮੌਕੇ 'ਤੇ ਇੱਕ



ਸਮਾਰਕ ਭਾਰਤੀ ਭਾਈਚਾਰੇ ਨੂੰ ਤੋਹਫੇ ਦੇ ਤੌਰ 'ਤੇ ਦੇ ਰਹੀ ਹਾਂ ਕਿਉਂਕਿ ਇਟਲੀ ਨੂੰ ਹਿਟਲਰ ਤੋਂ ਆਜ਼ਾਦ ਕਰਵਾਉਣ ਲਈ ਭਾਰਤੀ ਫੌਜ ਦੀ ਬਹੁਤ ਵੱਡੀ ਦੇਣ ਹੈ। ਉਨ੍ਹਾਂ ਕਿਹਾ ਕਿ ਇਟਲੀ ਵਿੱਚ ਭਾਰਤੀ ਫੌਜ ਦੇ ਹਜ਼ਾਰਾਂ ਫੌਜੀ ਸ਼ਹੀਦ ਹੋਏ ਤੇ ਜਿਨ੍ਹਾਂ 'ਚ ਵੱਡੀ ਗਿਣਤੀ ਵਿੱਚ ਸਿੱਖ ਫੌਜੀ ਹਨ। ਉਨ੍ਹਾਂ ਕਿਹਾ ਕਿ ਸਿੱਖ ਬਹੁਤ ਹੀ ਮਿਹਨਤੀ ਤੇ ਇਮਾਨਦਾਰ ਹਨ ਤੇ ਜਿਹੜੇ ਆਪਣੀਆਂ ਜਾਨਾਂ ਦੇ ਕੇ ਦੂਜਿਆਂ ਦੀਆਂ ਜਾਨਾਂ ਬਚਾਉਂਦੇ ਹਨ। ਬਾਅਦ 'ਚ ਕਮੇਟੀ ਵਰਲਡ ਸਿੱਖ ਸ਼ਹੀਦ ਮਿਲਟਰੀ ਦੇ ਸੈਕਟਰੀ ਸਤਿਨਾਮ ਸਿੰਘ ਤੇ ਅਰਮਾਨ ਸਿੰਘ ਸਿੱਧੂ ਨੇ ਬੋਲਦਿਆਂ ਸ਼ਹੀਦ ਫੌਜੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਸਮਾਗਮ ਵਿੱਚ ਇਮੀਲੀਆ ਰਮਾਨੀਆਂ ਸੂਬੇ ਦੇ ਮੈਂਬਰ ਅੰਦਰੀਆ ਕੌਸਤਾ ਤੇ ਲੁਜਾਰਾ ਸ਼ਹਿਰ ਤੋਂ ਸਟੇਫਨੀ ਮੁਸੀ ਤੋਂ ਇਲਾਵਾ ਸ਼ਹਿਰ ਦੇ ਹੋਰਨਾਂ ਇਟਾਲੀਅਨ ਸ਼ਖਸੀਅਤਾਂ ਤੇ ਪੁਲਿਸ ਪ੍ਰਸ਼ਾਸਨ ਕਾਰਾਬੇਨੇਰੀ, ਪੁਲਿਸੀਆ ਦੀ ਨਗਰ ਕੌਂਸਲ ਤੇ ਹੋਰ ਸ਼ਹਿਰ ਦੇ ਆਜ਼ਾਦੀ ਘੁਲਾਟੀਏ ਤੇ ਬਹੁਤ ਵੱਡੀ ਗਿਣਤੀ ਇਟਾਲੀਅਨ ਤੇ ਭਾਰਤੀ ਲੋਕਾਂ ਨੇ ਬਹੁਤ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ। ਇਸ ਮੌਕੇ 'ਤੇ ਇਕਬਾਲ ਸਿੰਘ ਸੋਢੀ, ਮਨਜਿੰਦਰ ਸਿੰਘ ਖ਼ਾਲਸਾ, ਜਸਵੀਰ ਸਿੰਘ ਧਨੋਤਾ, ਗੁਰਮੇਲ ਸਿੰਘ ਭੱਟੀ, ਸੋਢੀ ਸਾਹਬ ਸਿੰਘ, ਮੋਹਣ ਸਿੰਘ, ਰਾਜ ਕੁਮਾਰ ਕੋਰੇਜੋ, ਜਸਪ੍ਰੀਤ ਸਿੰਘ ਸਿੱਧੂ ਕੋਰੇਜੋ, ਮੋਹਣ ਸਿੰਘ ਲੁਜਾਰਾ, ਸਤਿਦਰ ਸਿੰਘ ਸੁਜਾਰਾ, ਮੁਖਤਿਆਰ ਸਿੰਘ ਤੇ ਮੋਤੀ ਮਹਿਰਾ ਟਰੱਸਟ, ਕੁਲਜੀਤ ਸਿੰਘ ਨੌਵੇਲਾਰਾ, ਰਾਜ ਕੁਮਾਰ ਤੇ ਜਸਪ੍ਰੀਤ ਸਿੰਘ ਸ਼ਾਮਲ ਹੋਏ। ਇਸ ਮੌਕੇ 'ਤੇ ਗੁਰਦੁਆਰਾ ਸਿੰਘ ਸਭਾ ਨੌਵੇਲਾਰਾ ਤੇ ਗੁਰਦੁਆਰਾ ਸਾਹਿਬ ਕੋਰੇਜੋ ਦੇ ਸਹਿਯੋਗ ਨਾਲ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਮੋਤੀ ਮਹਿਰਾ ਟਰੱਸਟ ਵੱਲੋਂ ਪੀਜਿਆ ਦਾ ਵਿਸ਼ੇਸ਼ ਲੰਗਰ ਲਗਾਇਆ ਗਿਆ। ਇੱਥੇ ਦੱਸਣਯੋਗ ਹੈ ਕਿ ਵਰਲਡ ਸਿਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ ਪਿਛਲੇ 20 ਸਾਲਾਂ ਤੋਂ ਦੂਸਰੇ ਵਿਸ਼ਵ ਯੁੱਧ ਦੇ ਸ਼ਹੀਦਾਂ ਦੀਆਂ ਯਾਦਗਾਰਾਂ ਬਣਾ ਰਹੀ ਹੈ, ਜੋ ਹੁਣ ਤੱਕ ਸੰਗਤਾਂ ਦੇ ਸਹਿਯੋਗ ਨਾਲ 12 ਯਾਦਗਾਰਾਂ ਸਥਾਪਤ ਹੋ ਚੁੱਕੀਆਂ ਹਨ।

ਰੂਸ ਯਾਤਰਾ ਜੰਗ ਤੋਂ ਬਾਅਦ 'ਆਪਸੀ ਤਾਲਮੇਲ' ਦਾ ਮੌਕਾ: ਈਰਾਨੀ ਵਿਦੇਸ਼ ਮੰਤਰੀ

ਦੁਬਈ, 28 ਅਪ੍ਰੈਲ (ਚ.ਨ.ਸ): ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਕਿਹਾ ਕਿ ਉਨ੍ਹਾਂ ਦੀ



ਰੂਸ ਯਾਤਰਾ ਨੇ ਉਨ੍ਹਾਂ ਨੂੰ ਇਜ਼ਰਾਈਲ ਤੇ ਅਮਰੀਕਾ ਨਾਲ ਜੰਗ ਬਾਅਦ ਮਾਸਕੋ ਨਾਲ ਆਪਸੀ ਤਾਲਮੇਲ ਸਥਾਪਤ ਕਰਨ ਦਾ ਮੌਕਾ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਾਡੇ ਲਈ ਇੱਕ ਵਧੀਆ ਮੌਕਾ ਹੈ ਕਿ ਅਸੀਂ ਆਪਣੇ ਰੂਸੀ ਦੋਸਤਾਂ ਨਾਲ ਇਸ ਸਮੇਂ ਦੌਰਾਨ ਜੰਗ ਨਾਲ ਜੁੜੇ ਘਟਨਾਕ੍ਰਮਾਂ 'ਤੇ ਵਿਚਾਰ-ਵਟਾਂਦਰਾ ਕਰ ਸਕੇ। ਅਰਾਘਚੀ ਨੇ ਇਹ ਵੀ ਕਿਹਾ ਕਿ ਅਮਰੀਕਾ ਦੇ ਰਵੱਈਏ ਕਾਰਨ ਇਸਲਾਮਾਬਾਦ ਵਿੱਚ ਹੋਣ ਵਾਲੀ ਗੱਲਬਾਤ ਵਿੱਚ ਦੇਰੀ ਹੋਈ।

ਮੰਦਰ 'ਚ ਜਸ਼ਨ ਦੌਰਾਨ ਚੱਲੀ ਗੋਲੀ ਨੇ ਲਈ ਮਹਿਲਾ ਦੀ ਜਾਨ, ਦੋ ਨੌਜਵਾਨ ਗ੍ਰਿਫ਼ਤਾਰ

ਰੋਹਰੂ/ਸ਼ਿਮਲਾ, 28 ਅਪ੍ਰੈਲ (ਚ.ਨ.ਸ): ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ ਜ਼ਿਲ੍ਹੇ ਅਧੀਨ ਪੈਂਦੇ ਰੋਹਰੂ ਸਬ-ਡਵੀਜ਼ਨ ਦੇ ਪਿੰਡ ਕੁਲਗਾਂਵ ਵਿੱਚ ਇੱਕ ਬਹੁਤ ਹੀ ਦੁਖਦਾਈ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਨਵੇਂ ਬਣੇ ਮੰਦਰ ਦੇ ਉਦਘਾਟਨ ਤੇ ਮੂਰਤੀ ਸਥਾਪਨਾ (ਪ੍ਰਾਣ ਪ੍ਰਤਿਸ਼ਠਾ) ਸਮਾਗਮ ਦੌਰਾਨ ਕੀਤੀ ਗਈ 'ਹਵਾਈ ਫਾਇਰਿੰਗ' ਨੇ 26 ਸਾਲਾ ਮਹਿਲਾ ਦੀ ਜਾਨ ਲੈ ਲਈ। ਮ੍ਰਿਤਕ ਮਹਿਲਾ ਦੀ ਪਛਾਣ ਰਿਤਿਕਾ ਵਜੋਂ ਹੋਈ ਹੈ, ਜੋ ਕਿ ਆਂਧਰਾ ਪਿੰਡ ਦੀ ਰਹਿਣ ਵਾਲੀ ਸੀ ਤੇ ਦੋ ਬੱਚਿਆਂ ਦੀ ਮਾਂ ਸੀ। ਪੁਲਿਸ ਨੇ ਇਸ ਮਾਮਲੇ ਵਿੱਚ ਦੋ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਘਟਨਾ ਦਾ ਵੇਰਵਾ ਜਾਣਕਾਰੀ ਅਨੁਸਾਰ ਕੁਲਗਾਂਵ ਪਿੰਡ ਵਿੱਚ ਸ਼ਾਲੂ ਮਹਾਰਾਜ ਦੇ ਨਵੇਂ ਬਣੇ ਮੰਦਰ ਵਿੱਚ ਭਾਈ-ਭਾਈ ਮਿਲਣ ਦੀ ਰਸਮ ਚੱਲ ਰਹੀ ਸੀ। ਐਤਵਾਰ ਰਾਤ ਕਰੀਬ 1:30 ਵਜੇ ਜਦੋਂ ਸ਼ਰਧਾਲੂ ਭਗਤੀ ਵਿੱਚ ਲੀਨ ਹੋ ਕੇ ਨੱਚ ਰਹੇ ਸਨ ਤਾਂ ਅਚਾਨਕ ਜਸ਼ਨ ਦੇ ਨਾਂ 'ਤੇ ਚੱਲੀ 12 ਬੋਰ ਦੀ ਬੰਦੂਕ ਦੀ ਗੋਲੀ ਰਿਤਿਕਾ ਨੂੰ ਲੱਗ ਗਈ। ਗੋਲੀ ਲੱਗਣ ਕਾਰਨ ਰਿਤਿਕਾ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸ਼ਿਮਲਾ ਦੇ ਸੀਨੀਅਰ ਪੁਲਿਸ ਕਪਤਾਨ ਗੌਰਵ ਸਿੰਘ ਨੇ ਦੱਸਿਆ ਕਿ ਗੋਲੀ ਚਲਾਉਣ ਤੋਂ ਬਾਅਦ ਮੁਲਜ਼ਮ ਮੌਕੇ ਤੋਂ ਫ਼ਰਾਰ ਹੋ ਗਏ ਸਨ।ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਰਜਤ ਸੋਹਤਾ (28) ਤੇ ਅਮਿਤ ਉਰਫ਼ ਰੋਹਿਤ ਭਾਪਟਾ (32) ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮਾਂ ਖ਼ਿਲਾਫ਼ ਭਾਰਤੀ ਨਿਆ ਸੰਹਿਤਾ ਦੀ ਧਾਰਾ 103 (1) ਤੇ ਅਸਲ੍ਹਾ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।ਜ਼ਿਕਰਯੋਗ ਹੈ ਕਿ ਹਿਮਾਚਲ ਪ੍ਰਦੇਸ਼ ਹਾਈ ਕੋਰਟ ਨੇ 2011 ਵਿੱਚ ਜਸ਼ਨਾਂ ਦੌਰਾਨ ਹਵਾਈ ਫਾਇਰਿੰਗ ਕਰਨ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਸੀ। ਇਸ ਦੇ ਬਾਵਜੂਦ ਸੂਬੇ ਵਿੱਚ ਅਜਿਹੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਸਾਲ 2018 ਵਿੱਚ ਮੰਡੀ ਤੇ 2022 ਵਿੱਚ ਕੋਟਖਾਈ ਵਿੱਚ ਵੀ ਅਜਿਹੇ ਹੀ ਹਾਦਸੇ ਵਾਪਰ ਚੁੱਕੇ ਹਨ।

ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

ਟੋਰਾਂਟੋ, 28 ਅਪ੍ਰੈਲ (ਚ.ਨ.ਸ): ਓਂਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ ਵੱਲੋਂ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਨਗਰ ਕੀਰਤਨ ਟੋਰਾਂਟੋ ਡਾਊਨ ਟਾਊਨ ਵਿਖੇ ਸਜਾਇਆ ਗਿਆ। ਟੋਰਾਂਟੋ ਵਿਖੇ ਨਿਖਿਨ ਫ਼ਿਲਿਪ ਸੁਕੇਅਰ ਤੋਂ ਸ਼ੁਰੂ ਹੋ ਕੇ ਨਿਰਧਾਰਿਤ ਰੂਟ ਰਾਹੀਂ ਹੁੰਦੇ ਹੋਏ ਇਹ ਨਗਰ ਕੀਰਤਨ ਦੁਬਾਰਾ ਉਸੇ ਹੀ ਸਥਾਨ 'ਤੇ ਪਹੁੰਚਿਆ, ਦੁਪਹਿਰ ਦੇ ਲਗਭਗ ਡੇਢ ਵਜੇ ਅਰਦਾਸ ਤੇ ਜੈਕਾਰਿਆਂ ਦੀ ਗੂੰਜ ਵਿੱਚ ਪੰਜ ਪਿਆਰਿਆਂ ਤੇ ਪੰਜ ਨਿਸ਼ਾਨਚੀ ਸਿੰਘਾਂ ਦੀ ਅਗਵਾਈ ਹੇਠ ਸੰਗਤਾਂ ਦੇ ਸਹਿਯੋਗ ਨਾਲ ਰਵਾਨਾ ਹੋਏ ਨਗਰ ਕੀਰਤਨ ਦੌਰਾਨ ਜਿੱਥੇ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਚੱਲ ਰਹੀਆਂ ਸਨ। ਉਥੇ ਹੀ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਇਸੇ ਦੌਰਾਨ ਓਂਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ ਵੱਲੋਂ ਸਜਾਏ ਗਏ ਇਸ ਨਗਰ ਕੀਰਤਨ ਵੱਲ ਜਿੱਥੇ ਮੁਫਤ 'ਚ ਬੱਸਾਂ ਦੇ ਇੰਤਜ਼ਾਮ ਕੀਤੇ ਗਏ ਸਨ, ਉਥੇ ਹੀ ਸਟੇਜ 'ਤੇ ਪੰਡਾਲ ਵਿੱਚ ਸੰਗਤਾਂ ਦੇ ਬੈਠਣ ਲਈ ਵੀ ਪੁਖ਼ਤਾ ਪ੍ਰਬੰਧ ਕੀਤੇ ਹੋਏ ਸਨ। ਸਮਾਗਮ ਦੌਰਾਨ ਓਂਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ ਦੇ ਸੇਵਾਦਾਰਾਂ ਵੱਲੋਂ ਸਮੁੱਚੀ ਲੁਕਾਈ ਨੂੰ ਖ਼ਾਲਸਾ ਸਾਜਨਾ ਦਿਵਸ ਦੀਆਂ



ਵਧਾਈਆਂ ਦਿੱਤੀਆਂ। ਇਸ ਦੌਰਾਨ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸੁਖਦੇਵ ਸਿੰਘ ਢਿੱਲੋਂ, ਅਜਮੇਰ ਸਿੰਘ ਮੰਦੂਰ, ਪਰਮਜੀਤ ਸਿੰਘ ਗਿੱਲ ਤੇ ਅਜਮੇਰ ਸਿੰਘ ਬਰਾੜ ਵੱਲੋਂ ਬਾਖੂਬੀ ਨਿਭਾਈ ਗਈ। ਨਗਰ ਸਾਜਨਾ ਦਿਵਸ 'ਤੇ ਸਿੱਖ ਇਤਿਹਾਸ ਬਾਰੇ ਵਿਸਥਾਰ ਸਹਿਤ ਗੱਲ ਕੀਤੀ, ਉਥੇ ਹੀ ਭਾਈ ਬਲਬੀਰ ਸਿੰਘ ਖ਼ਾਲਸਾ, ਭਾਈ ਧਰਮਜੀਤ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਜਰਨੈਲ ਸਿੰਘ ਦੇ ਜਥਿਆਂ ਵੱਲੋਂ ਕੀਰਤਨ ਦੀ ਸੇਵਾ ਨਿਭਾਈ ਗਈ, ਜਦੋਂ ਕਿ ਗਿਆਨੀ ਅਮਨਦੀਪ ਸਿੰਘ ਭੁੱਲਾਂ ਰਾਈ ਦੇ ਜਥੇ ਵੱਲੋਂ ਇਤਿਹਾਸਕ ਵਾਰਾਂ ਨਾਲ ਭਰੇ ਪੰਡਾਲ ਵਿੱਚ ਜੋਸ਼ੀਲਾ ਰੰਗ ਹੀ ਭਰ ਦਿੱਤਾ। ਇਸ ਦੌਰਾਨ ਟੋਰਾਂਟੋ ਪੁਲਿਸ, ਫਾਇਰ ਡਿਪਾਰਟਮੈਂਟ, ਐਂਬੂਲੈਂਸ ਤੇ ਹੋਰ ਸੇਵਾਵਾਂ ਵਾਲੇ ਵਿਭਾਗਾਂ ਦੇ ਅਧਿਕਾਰੀ ਬੜੀ ਮੁਸਤੈਦੀ ਨਾਲ ਆਪੋ-ਆਪਣੀ ਡਿਊਟੀ ਨਿਭਾਉਂਦੇ ਨਜ਼ਰ ਆਏ। ਇਸ ਮੌਕੇ ਕੈਨੇਡਾ ਦੇ ਕੇਂਦਰੀ, ਟਾਰੀਓ ਦੇ ਸੂਬਾਈ ਤੇ ਮਿਊਂਸੀਪਲ ਪੱਧਰ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੇ ਵੀ ਹਾਜ਼ਰੀ ਭਰੀ ਤੇ ਇਕੱਤਰ ਸੰਗਤਾਂ ਨੂੰ ਖ਼ਾਲਸਾ ਸਾਜਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ। ਨਗਰ ਕੀਰਤਨ ਦੌਰਾਨ ਪਾਲਕੀ ਸਾਹਿਬ ਦੇ ਦਰਸ਼ਨਾਂ ਲਈ ਸੰਗਤਾਂ ਦਾ ਉਤਸ਼ਾਹ ਵੇਖਣ ਵਾਲਾ ਸੀ ਤੇ ਇਸ ਦੌਰਾਨ ਨਿਹੰਗ ਸਿੱਖ ਜਥੇਬੰਦੀਆਂ ਵੱਲੋਂ ਗੱਤਕੇ ਦੇ ਜੌਹਰ ਵੀ ਵਿਖਾਏ ਗਏ। ਅੰਤ 'ਚ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਈਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਅਜੇ ਗੁਪਤਾ ਐਕਸੀਲੈਂਸ ਪੁਰਸਕਾਰ ਨਾਲ ਸਨਮਾਨਿਤ

ਮੰਡੀ ਗੋਬਿੰਦਗੜ੍ਹ, 28 ਅਪ੍ਰੈਲ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਅਜੇ ਕੁਮਾਰ ਗੁਪਤਾ ਨੂੰ ਵਿਸ਼ਵ ਧਰਤੀ ਦਿਵਸ ਮੌਕੇ ਆਈਸੀਏਆਰ-ਸੈਂਟਰਲ ਐਗਰੋਫੋਰੈਸਟਰੀ ਰਿਸਰਚ ਇੰਸਟੀਚਿਊਟ ਝਾਂਸੀ ਵਿਖੇ ਆਯੋਜਿਤ ਇੱਕ ਸਮਾਗਮ ਦੌਰਾਨ ਅਕਾਦਮਿਕ ਤੇ ਖੋਜ ਵਿੱਚ ਉਤਮਤਾ ਲਈ ਸਨਮਾਨਿਤ ਕੀਤਾ।ਇਹ ਪੁਰਸਕਾਰ 'ਵਾਤਾਵਰਨ ਸਥਿਰਤਾ, ਜਲਵਾਯੂ ਪ੍ਰਬੰਧਨ ਤੇ ਬਾਇਓਟੈਕਨਾਲੋਜੀ ਵਿੱਚ ਸਰਹੱਦਾਂ' 'ਤੇ ਦੋ-ਰੋਜ਼ਾ ਰਾਸ਼ਟਰੀ ਕਾਨਫਰੰਸ ਦੇ ਸਮਾਪਤੀ ਸੈਸ਼ਨ ਵਿੱਚ ਦਿੱਤਾ ਗਿਆ। ਪ੍ਰੋ. ਗੁਪਤਾ ਨੇ ਮੁੱਖ-ਮਹਿਮਾਨ ਡਾ. ਏ.ਕੇ. ਸਿੰਘ ਵਾਈਸ ਚਾਂਸਲਰ, ਧਰਤੀ ਵਿਗਿਆਨ ਮੰਤਰਾਲੇ ਦੇ ਸਲਾਹਕਾਰ ਡਾ. ਨਿਲੇਸ਼ ਖਰੇ, ਨਵੀਂ ਦਿੱਲੀ ਦੇ ਡਾਇਰੈਕਟਰ ਆਰ.ਸੀ.ਏ.ਆਰ.-ਸੀ.ਏ.ਐਫ.ਆਰ.ਆਈ. ਡਾ. ਏ. ਅਰੁਣਾਚਲਮ ਤੇ ਨਵੀਂ ਦਿੱਲੀ ਦੇ ਪ੍ਰਧਾਨ ਸੇਵ ਦ ਇਨਵਾਇਰਮੈਂਟ ਤੇ ਸਾਬਕਾ ਐਡੀਸ਼ਨਲ ਡਾਇਰੈਕਟਰ



ਡੀ.ਆਰ.ਡੀ.ਓ. ਡਾ. ਕਸ਼ਿਪਰਾ ਮਿਸ਼ਰਾ ਤੋਂ ਇਹ ਮਾਨਤਾ ਹਾਸਲ ਕੀਤੀ। ਇਸ ਕਾਨਫਰੰਸ ਵਿੱਚ 'ਸਾਡੀ ਸ਼ਕਤੀ ਬਨਾਮ ਸਾਡਾ ਗ੍ਰਹਿ' ਥੀਮ ਹੇਠ ਦੇਸ਼ ਭਰ ਤੋਂ 200 ਤੋਂ ਵੱਧ ਡੈਲੀਗੇਟਾਂ ਨੇ ਭਾਗ ਲਿਆ। ਇਸ ਮੌਕੇ ਵਾਤਾਵਰਨ ਚੁਣੌਤੀਆਂ ਤੇ ਟਿਕਾਊ ਹੱਲਾਂ 'ਤੇ ਚਰਚਾ ਕੀਤੀ

ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਕੇਂਦਰੀ, ਬੋਰਸਟਲ ਤੇ ਜਨਾਨਾ ਜੇਲ੍ਹਾਂ ਦੀ ਅਚਨਚੇਤ ਚੈਕਿੰਗ

ਲੁਧਿਆਣਾ, 28 ਅਪ੍ਰੈਲ (ਵਿਸ਼ਾਲ ਸ਼ਰਮਾ): ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਮੈਡਮ ਹਰਪ੍ਰੀਤ ਕੌਰ ਰੰਧਾਵਾ ਵੱਲੋਂ ਕੇਂਦਰੀ ਜੇਲ੍ਹ, ਬੋਰਸਟਲ ਜੇਲ੍ਹ ਅਤੇ ਜਨਾਨਾ ਜੇਲ੍ਹ, ਲੁਧਿਆਣਾ ਦੀ ਅਚਨਚੇਤ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਕੇਂਦਰੀ ਜੇਲ੍ਹ, ਬੋਰਸਟਲ ਜੇਲ੍ਹ ਅਤੇ ਜਨਾਨਾ ਜੇਲ੍ਹ ਦੇ ਸੁਪਰਡੰਟ ਸਾਹਿਬਾਨਾਂ ਦੀ ਦੇਖ ਰੇਖ ਹੇਠ ਵੱਖ-ਵੱਖ ਬੈਰਕਾਂ ਦੀ ਚੈਕਿੰਗ ਕੀਤੀ ਗਈ ਅਤੇ ਉੱਥੇ ਹਵਾਲਾਤੀਆਂ ਅਤੇ ਕੈਦੀਆਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਸੁਣਿਆ ਗਿਆ ਅਤੇ ਮੌਕੇ 'ਤੇ ਹੀ ਜੇਲ੍ਹ ਅਧਿਕਾਰੀਆਂ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਤੁਰੰਤ ਕਰਨ ਦੇ ਹੁਕਮ ਜਾਰੀ ਕੀਤੇ ਗਏ।

ਇਸ ਤੋਂ ਇਲਾਵਾ ਕੇਂਦਰੀ ਜੇਲ੍ਹ, ਜਨਾਨਾ ਜੇਲ੍ਹ ਅਤੇ ਬੋਰਸਟਲ ਜੇਲ੍ਹ, ਲੁਧਿਆਣਾ ਦੇ ਲੰਗਰ ਹਾਲ ਦਾ ਦੌਰਾ ਵੀ ਕੀਤਾ ਗਿਆ। ਉਪਰੰਤ ਉਨ੍ਹਾਂ ਜੇਲ੍ਹ ਬੰਦੀਆਂ ਨੂੰ ਦੱਸਿਆ ਕਿ ਜਿਹੜੇ ਬੰਦੀ ਆਪਣੇ ਕੇਸ ਦੀ ਪੈਰਵੀ ਲਈ ਆਪਣੇ ਪ੍ਰਾਈਵੇਟ ਪੱਧਰ 'ਤੇ ਐਡਵੋਕੇਟ ਹਾਇਰ ਕਰਨ ਵਿੱਚ ਅਸਮੱਰਥ ਹਨ, ਉਹ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਤੋਂ ਮੁਫਤ ਕਾਨੂੰਨੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਵੱਲੋਂ ਜੇਲ੍ਹ ਬੰਦੀਆਂ ਨੂੰ ਦੱਸਿਆ ਗਿਆ ਕਿ ਮੁਫਤ ਕਾਨੂੰਨੀ ਸਹਾਇਤਾ ਲੈਣ ਲਈ ਉਨ੍ਹਾਂ ਵੱਲੋਂ ਜੇਲ੍ਹ ਵਿੱਚ ਖੋਲ੍ਹੇ ਹੋਏ ਲੀਗਲ ਏਡ ਕਲੀਨਿਕ ਵਿੱਚ ਪੇਸ਼ ਹੋ ਕੇ ਕਾਨੂੰਨੀ ਸਹਾਇਤਾ



ਦਾ ਫਾਰਮ ਭਰਵਾਇਆ ਜਾ ਸਕਦਾ ਹੈ। ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਕੇਂਦਰੀ ਜੇਲ੍ਹ, ਬੋਰਸਟਲ ਜੇਲ੍ਹ ਅਤੇ ਜਨਾਨਾ ਜੇਲ੍ਹ ਦੇ ਸੁਪਰਡੰਟ ਨੂੰ ਜੇਲ੍ਹ ਵਿੱਚ ਪਾਈਆਂ ਗਈਆਂ ਕਮੀਆਂ ਬਾਬਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਅਤੇ ਹਦਾਇਤ ਕੀਤੀ ਗਈ ਕਿ ਪਾਈਆਂ ਗਈਆਂ ਕਮੀਆਂ 'ਤੇ ਤੁਰੰਤ ਅਮਲ ਸਬੰਧੀ ਰਿਪੋਰਟ ਪੇਸ਼ ਕੀਤੀ ਜਾਵੇ। ਇਸ ਮੌਕੇ ਮੈਡਮ ਡੋਜ਼ੀ ਬਾਂਗੜ, ਐਡੀਸ਼ਨਲ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ, ਮੈਡਮ ਪਵਲੀਨ ਸਿੰਘ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ, ਲੁਧਿਆਣਾ ਅਤੇ ਲੀਗਲ ਏਡ ਡਿਫੈਂਸ ਕੌਂਸਲ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੀ ਹਾਜ਼ਰ ਸਨ।

ਗ੍ਰੀਨ ਫੀਲਡ ਪ੍ਰੋਜੈਕਟ ਨੂੰ ਲੈ ਕੇ ਡੀ.ਸੀ. ਨੇ ਕਿਸਾਨਾਂ ਦੀਆਂ ਸੁਣੀਆਂ ਸਮੱਸਿਆਵਾਂ

ਲੁਧਿਆਣਾ, 28 ਅਪ੍ਰੈਲ (ਵਿਸ਼ਾਲ ਸ਼ਰਮਾ): ਡਿਪਟੀ ਕਮਿਸ਼ਨਰ ਲੁਧਿਆਣਾ ਹਿਮਾਂਸ਼ੂ ਜੈਨ ਨੇ ਮੰਗਲਵਾਰ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ, ਸਮਰਾਲਾ ਵਿਖੇ ਕਿਸਾਨਾਂ ਦੀਆਂ ਵੱਖ-ਵੱਖ ਸਮੱਸਿਆਂਵਾਂ ਸੁਣਨ ਲਈ ਸੁਣਨ ਲਈ ਕਿਸਾਨਾਂ ਅਤੇ ਕਿਸਾਨ ਜਥੇਬੰਦੀਆਂ ਅਤੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਉਪ ਮੰਡਲ ਮਜਿਸਟਰੇਟ ਸਮਰਾਲਾ ਗੁਰਸਿਮਰਨਜੀਤ ਕੌਰ, ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ (ਐਨ.ਐਚ.ਏ.ਆਈ) ਦੇ ਅਧਿਕਾਰੀ, ਤਹਿਸੀਲਦਾਰ ਸਮਰਾਲਾ, ਤਹਿਸੀਲਦਾਰ ਪਾਇਲ, ਨਾਇਬ ਤਹਿਸੀਲਦਾਰ ਮਾਛੀਵਾੜਾ, ਨਾਇਬ ਤਹਿਸੀਲਦਾਰ ਕੂੰਮਕਲਾਂ, ਨਾਇਬ ਤਹਿਸੀਲਦਾਰ ਸਾਹਨੇਵਾਲ ਅਤੇ ਹੋਰ ਸਬੰਧਿਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਵੱਲੋਂ ਇਸ ਮੀਟਿੰਗ ਵਿੱਚ ਲੁਧਿਆਣਾ-ਰੂਪਨਗਰ ਗਰੀਨ ਫੀਲਡ ਪ੍ਰੋਜੈਕਟ, ਪੈਕਜ-2 'ਤੇ ਕਿਸਾਨਾਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਵੀ ਸੁਣਿਆ ਗਿਆ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕੁਝ ਕਿਸਾਨਾਂ ਨੂੰ ਨੈਸ਼ਨਲ ਹਾਈਵੇਅ ਨੂੰ ਲੈ ਕੇ ਮੁਸ਼ਕਿਲਾਂ ਆ ਰਹੀਆਂ ਹਨ। ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ (ਐਨ.ਐਚ.ਏ.ਆਈ) ਵੱਲੋਂ ਇਹਨਾਂ ਕਿਸਾਨਾਂ ਵਿੱਚੋਂ ਕੁਝ ਨੂੰ



ਭੁਗਤਾਨ ਵਿੱਚ ਦੇਰੀ ਆ ਰਹੀ ਹੈ ਅਤੇ ਕੁੱਝ ਕਿਸਾਨਾਂ ਦੇ ਕੇਸ ਡਿਵੀਜ਼ਨਲ ਕਮਿਸ਼ਨਰ-ਕਮ-ਆਰਬੀਟ੍ਰੇਟਰ ਦੀ ਅਦਾਲਤ ਵਿੱਚ ਲੱਗੇ ਹੋਏ ਹਨ ਪਰ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ (ਐਨ.ਐਚ.ਏ.ਆਈ) ਵੱਲੋਂ ਜਵਾਬ ਦੇਣ ਵਿੱਚ ਦੇਰੀ ਹੋ ਰਹੀ ਹੈ। ਇਹਨਾਂ ਸਾਰੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਅਤੇ ਕੁਝ ਕਿਸਾਨਾਂ, ਜਿਨ੍ਹਾਂ ਦੀਆਂ ਜ਼ਮੀਨਾਂ ਦੋ-ਫਾੜ ਹੋਈਆਂ ਹਨ ਅਤੇ ਟਿਊਬਵੈੱਲ ਆਦਿ ਨਾਲ ਸਬੰਧਿਤ ਮੁੱਦੇ ਹਨ ਆਦਿ ਸਾਰੇ ਮੁੱਦਿਆਂ ਨੂੰ ਦੇਖਦੇ ਹੋਏ ਅੱਜ ਇੱਥੇ ਕਿਸਾਨ ਭਰਾਵਾਂ ਨਾਲ ਸਮੱਸਿਆਵਾਂ ਦੇ ਹੱਲ ਲਈ ਸਬੰਧਤ ਅਧਿਕਾਰੀਆਂ ਨੂੰ ਨਾਲ ਲੈ ਕੇ ਸਕਾਰਾਤਮਿਕ ਵਾਤਾਵਰਨ ਵਿੱਚ ਮੀਟਿੰਗ ਕੀਤੀ ਗਈ ਹੈ।

ਡਿਪਟੀ ਕਮਿਸ਼ਨਰ ਨੇ ਮਾਛੀਵਾੜਾ ਸਾਹਿਬ ਦੀ ਅਨਾਜ ਮੰਡੀ ਦਾ ਦੌਰਾ ਕਰਕੇ ਕਣਕ ਦੇ ਚੱਲ ਰਹੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ। ਹਿਮਾਂਸ਼ੂ ਜੈਨ ਨੇ ਦੱਸਿਆ ਕਿ ਸਮਰਾਲਾ ਅਤੇ ਮਾਛੀਵਾੜਾ ਸਾਹਿਬ ਵਿੱਚ ਕਣਕ ਦੀ ਲਿਫਟਿੰਗ ਸਬੰਧੀ ਥੋੜ੍ਹੀ ਮੁਸ਼ਕਿਲ ਆਈ ਸੀ। ਇਸ ਸਬੰਧੀ ਉਹਨਾਂ ਨੂੰ ਕਿਸਾਨਾਂ ਅਤੇ ਕੁਝ ਆੜ੍ਹਤੀਆਂ ਵੱਲੋਂ ਇਸ ਸਬੰਧੀ ਜਾਣਕਾਰੀ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਉਪ ਮੰਡਲ ਮਜਿਸਟਰੇਟਾਂ ਅਤੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਵੱਲੋਂ ਵੀ ਅਨਾਜ ਮੰਡੀਆਂ ਦਾ ਲਗਾਤਾਰ ਦੌਰਾ ਕੀਤਾ ਜਾ ਰਿਹਾ ਹੈ ਅਤੇ ਇਹਨਾਂ ਅਧਿਕਾਰੀਆਂ ਵੱਲੋਂ ਵੀ ਲਿਫਟਿੰਗ ਕਰਵਾਉਣ ਸਬੰਧੀ ਰਿਪੋਰਟਾਂ ਦਿੱਤੀਆਂ ਜਾ ਰਹੀਆਂ ਹਨ ਕਿ ਲਿਫਟਿੰਗ ਕਰਵਾਈ ਜਾਵੇ। ਇਸ ਲਈ ਕੱਲ੍ਹ ਵੀ ਜ਼ਿਲ੍ਹਾ ਲੁਧਿਆਣਾ ਵਿੱਚ ਸਪੈਸ਼ਲ ਲੱਗੀ ਸੀ, ਜਿਸ ਨਾਲ ਕਰੀਬ 18-20 ਹਜ਼ਾਰ ਕੱਟਾ ਚੁੱਕਿਆ ਗਿਆ ਹੈ। ਉਹਨਾਂ ਕਿਹਾ ਕਿ ਸਮਰਾਲਾ ਵਿਖੇ ਵੀ ਬਹੁਤ ਜਲਦੀ ਸਪੈਸ਼ਲ ਮਿਲੇਗੀ। ਇਸ ਲਈ ਦੋ-ਤਿੰਨ ਦਿਨਾਂ ਤੱਕ ਸਾਡੀ ਲਿਫਟਿੰਗ ਨਾਲ ਸਬੰਧਿਤ ਸਮੱਸਿਆ ਵੀ ਹੱਲ ਹੋ ਜਾਵੇਗੀ।

ਡੀ.ਸੀ. ਵੱਲੋਂ ਬਲੱਡ ਕੰਪੋਨੈਂਟ ਪ੍ਰੈਪਰੇਸ਼ਨ ਯੂਨਿਟ ਦਾ ਉਦਘਾਟਨ



ਲੁਧਿਆਣਾ, 28 ਅਪ੍ਰੈਲ (ਵਿਸ਼ਾਲ ਸ਼ਰਮਾ): ਲੁਧਿਆਣਾ ਵਿੱਚ ਖੂਨ ਚੜ੍ਹਾਉਣ ਦੀਆਂ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਮੰਗਲਵਾਰ ਨੂੰ ਰੈੱਡ ਕਰਾਸ ਬਲੱਡ ਸੈਂਟਰ ਲੁਧਿਆਣਾ ਵਿਖੇ ਬਲੱਡ ਕੰਪੋਨੈਂਟ ਪ੍ਰੈਪਰੇਸ਼ਨ ਯੂਨਿਟ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਸਹਾਇਕ ਕਮਿਸ਼ਨਰ ਪਾਇਲ ਗੌਇਲ, ਸਕੱਤਰ ਰੈੱਡ ਕਰਾਸ ਨਵਨੀਤ ਜੋਸ਼ੀ, ਬਲੱਡ ਟਰਾਂਸਫਿਊਜ਼ਨ ਅਫ਼ਸਰ ਡਾ. ਮਾਨਵੀ ਗੁਪਤਾ ਅਤੇ ਹੋਰ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਕਿਹਾ ਕਿ ਨਵੀਂ ਸਥਾਪਿਤ ਕੀਤੀ ਬਲੱਡ ਕੰਪੋਨੈਂਟ ਪ੍ਰੈਪਰੇਸ਼ਨ ਯੂਨਿਟ ਪੈਕ ਕੀਤੇ ਪੂਰੇ ਖੂਨ ਨੂੰ ਲਾਲ ਸੈੱਲਾਂ, ਪਲੇਟਲੈਟਸ ਅਤੇ ਪਲਾਜ਼ਮਾ ਵਰਗੇ ਮਹੱਤਵਪੂਰਨ ਹਿੱਸਿਆਂ ਵਿੱਚ ਵੱਖ ਕਰਨ ਦੇ ਯੋਗ ਬਣਾਏਗੀ ਅਤੇ ਹਰੇਕ ਦਾਨ ਕੀਤੇ ਯੂਨਿਟ ਦੀ ਸਰਬੋਤਮ ਵਰਤੋਂ ਨੂੰ ਯਕੀਨੀ ਬਣਾਏਗੀ। ਇਹ ਟਾਰਗੇਟਡ ਥੈਰੇਪੀ ਪ੍ਰਦਾਨ ਕਰਕੇ ਅਤੇ ਜੀਵਨ-ਰੱਖਿਅਕ ਖੂਨ ਦੇ ਹਿੱਸਿਆਂ ਦੀ ਉਪਲੱਬਧਤਾ ਵਿੱਚ ਸੁਧਾਰ ਕਰਕੇ ਮਰੀਜ਼ਾਂ ਦੀ ਦੇਖਭਾਲ ਨੂੰ ਵਧਾਏਗੀ। ਹਿਮਾਂਸ਼ੂ ਜੈਨ ਨੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਵਿੱਚ ਰੈੱਡ ਕਰਾਸ ਸੋਸਾਇਟੀ ਲੁਧਿਆਣਾ ਅਤੇ ਮੈਡੀਕਲ ਟੀਮ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ ਅਤੇ ਜਾਨਾਂ ਬਚਾਉਣ ਵਿੱਚ ਸਵੈ-ਇੱਛਤ ਖੂਨਦਾਨ ਅਤੇ ਆਧੁਨਿਕ ਬਲੱਡ ਬੈਂਕਿੰਗ ਸੇਵਾਵਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਸਹਾਇਕ ਕਮਿਸ਼ਨਰ ਪਾਇਲ ਗੌਇਲ ਨੇ ਜਨਤਕ ਸਿਹਤ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਵਿੱਚ ਅਜਿਹੀਆਂ ਪਹਿਲਕਦਮੀਆਂ ਦੀ ਭੂਮਿਕਾ ਨੂੰ ਉਜਾਗਰ ਕੀਤਾ। ਸਕੱਤਰ ਰੈੱਡ ਕਰਾਸ ਸੋਸਾਇਟੀ ਨਵਨੀਤ ਜੋਸ਼ੀ ਨੇ ਸਾਰੇ ਯੋਗਦਾਨ ਪਾਉਣ ਵਾਲਿਆਂ ਦਾ ਧੰਨਵਾਦ ਕੀਤਾ ਅਤੇ ਰੈੱਡ ਕਰਾਸ ਦੀ ਭਾਈਚਾਰਕ ਸੇਵਾ ਪ੍ਰਤੀ ਵਚਨਬੱਧਤਾ ਨੂੰ ਦੁਹਰਾਇਆ। ਡਾ. ਮਾਨਵੀ ਗੁਪਤਾ ਨੇ ਨਵੀਂ ਯੂਨਿਟ ਦੀਆਂ ਤਕਨੀਕੀ ਸਮਰੱਥਾਵਾਂ ਅਤੇ ਲੋੜਵੰਦ ਮਰੀਜ਼ਾਂ ਲਈ ਸੁਰੱਖਿਅਤ, ਕੁਸ਼ਲ ਅਤੇ ਗੁਣਵੱਤਾ-ਭਰੋਸੇਮੰਦ ਖੂਨ ਦੇ ਕੰਪੋਨੈਂਟ ਥੈਰੇਪੀ ਨੂੰ ਯਕੀਨੀ ਬਣਾਉਣ ਵਿੱਚ ਇਸਦੀ ਭੂਮਿਕਾ ਬਾਰੇ ਵਿਸਥਾਰ ਵਿੱਚ ਦੱਸਿਆ।

ਡਿਪਟੀ ਕਮਿਸ਼ਨਰ ਨੇ ਰਹਿਰਾਸ ਸੇਵਾ ਸੋਸਾਇਟੀ ਅਤੇ ਨਿਰੰਕਾਰੀ ਮਿਸ਼ਨ ਨੂੰ ਰੈੱਡ ਕਰਾਸ ਪ੍ਰਤੀ ਉਨ੍ਹਾਂ ਦੇ ਕੀਮਤੀ ਯੋਗਦਾਨ ਲਈ ਸਨਮਾਨਿਤ ਕੀਤਾ, ਨਾਲ ਹੀ ਨਿਯਮਤ ਖੂਨਦਾਨੀਆਂ ਨੂੰ ਉਨ੍ਹਾਂ ਦੇ ਨਿਰੰਤਰ ਸਮਰਥਨ ਲਈ ਮਾਨਤਾ ਦਿੱਤੀ।

ਬਿਜਲੀ ਕੱਟਾਂ ਖ਼ਿਲਾਫ਼ ਅਕਾਲੀ ਦਲ ਵੱਲੋਂ ਐਕਸੀਅਨ ਦਫ਼ਤਰ ਵਿਖੇ ਧਰਨਾ ਭਲਕੇ



ਜਗਰਾਓਂ, 28 ਅਪ੍ਰੈਲ (ਵਿਸ਼ਾਲ ਅੱਤਰੇ ਆਰੀਅਨ ਅੱਤਰੇ) : ਇਲਾਕੇ ਵਿੱਚ ਵੱਧ ਰਹੇ ਬਿਜਲੀ ਕੱਟਾਂ ਤੋਂ ਤੰਗ ਆਮ ਲੋਕਾਂ ਅਤੇ ਵਪਾਰੀਆਂ ਦੀ ਸਮੱਸਿਆ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ 30 ਅਪ੍ਰੈਲ ਨੂੰ ਐਕਸੀਅਨ ਦਫਤਰ ਜਗਰਾਓਂ ਧਰਨਾ ਦਿੱਤਾ ਜਾਵੇਗਾ । ਪਾਰਟੀ ਦੇ ਕੋਰ ਕਮੇਟੀ ਮੈਂਬਰ ਅਤੇ ਸਾਬਕਾ ਵਿਧਾਇਕ ਐੱਸ. ਆਰ. ਕਲੇਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਲਗਾਤਾਰ ਲੱਗ ਰਹੇ ਬਿਜਲੀ ਕੱਟਾਂ ਕਾਰਨ ਲੋਕਾਂ ਵਿਚ ਸਖਤ ਰੋਸ ਦੇਖਣ ਨੂੰ ਮਿਲ ਰਿਹਾ ਹੈ ਤੇ ਰੋਜ਼ਮਰ੍ਹਾ ਜ਼ਿੰਦਗੀ ਬੇਹੱਦ ਪ੍ਰਭਾਵਿਤ ਹੋ ਰਹੀ ਹੈ। ਗਰਮੀ ਦੇ ਮੌਸਮ ਵਿੱਚ ਇਹ ਸਮੱਸਿਆ ਹੋਰ ਵੀ ਗੰਭੀਰ ਹੋ ਗਈ ਹੈ, ਜਿਸ ਕਰਕੇ ਲੋਕ ਵੱਡੀ ਸਮੱਸਿਆ ਨਾਲ ਜੂਝ ਰਹੇ ਹਨ।ਉਨ੍ਹਾਂ ਦੱਸਿਆ ਕਿ ਇਹ ਧਰਨਾ 30 ਅਪ੍ਰੈਲ ਨੂੰ ਸਵੇਰੇ 10 ਵਜੇ ਐਕਸੀਅਨ ਦਫਤਰ, ਜਗਰਾਓਂ ਵਿਖੇ ਦਿੱਤਾ ਜਾਵੇਗਾ। ਧਰਨੇ ਦੌਰਾਨ ਸਰਕਾਰ ਅਤੇ ਬਿਜਲੀ ਵਿਭਾਗ ਦੇ ਖਿਲਾਫ਼ ਨਾਅਰੇਬਾਜ਼ੀ ਕੀਤੀ ਜਾਵੇਗੀ ਅਤੇ ਮੰਗ ਕੀਤੀ ਜਾਵੇਗੀ ਕਿ ਤੁਰੰਤ ਬਿਜਲੀ ਸਪਲਾਈ ਸੰਚਾਰੂ ਬਣਾਈ ਜਾਵੇ। ਸ੍ਰੀ ਕਲੇਰ ਨੇ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਵੱਡੀ ਗਿਣਤੀ ਵਿੱਚ ਧਰਨੇ ਵਿੱਚ ਸ਼ਾਮਲ ਹੋ ਕੇ ਆਪਣੀ ਆਵਾਜ਼ ਬੁਲੰਦ ਕਰਨ ਤਾਂ ਜੋ ਸਰਕਾਰ ਨੂੰ ਲੋਕਾਂ ਦੀ ਸਮੱਸਿਆ ਦਾ ਅਹਿਸਾਸ ਕਰਵਾਇਆ ਜਾ ਸਕੇ। ਇਸ ਮੌਕੇ ਹਾਜ਼ਰ ਐਸ.ਜੀ.ਪੀ.ਸੀ. ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਸਾਬਕਾ ਸੀਨੀਅਰ ਮੀਤ ਪ੍ਰਧਾਨ ਦਵਿੰਦਰਜੀਤ ਸਿੰਘ ਸਿੱਧੂ, ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਸਰਕਲ ਪ੍ਰਧਾਨ ਸ਼ਿਵਰਾਜ ਸਿੰਘ ਸਰਪੰਚ, ਸਰਕਲ ਪ੍ਰਧਾਨ ਮਨਦੀਪ ਸਿੰਘ ਗਾਲਿਬ, ਸਰਕਲ ਪ੍ਰਧਾਨ ਕੁਲਦੀਪ ਸਿੰਘ ਗਿੱਦੜਵਿੰਡੀ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਸਰਕਲ ਪ੍ਰਧਾਨ ਰਣਧੀਰ ਸਿੰਘ ਚਕਰ, ਪ੍ਰਧਾਨ ਜੱਗਾ ਸੋਖੇ ਕਾਉਂਕੇ, ਜਸਪ੍ਰੀਤ ਚੀਮਾ, ਅਮਨਾ ਗਿੱਦੜਵਿੰਡੀ, ਗੋਰਾ ਕਾਉਂਕੇ ਆਦਿ ਹਾਜ਼ਰ।

ਪੁਲਿਸ ਨੇ ਚਾਰ ਮਹੀਨਿਆਂ 'ਚ 782 ਮੁਲਜ਼ਮ ਕੀਤੇ ਕਾਬੂ : ਐਸ.ਐਸ.ਪੀ.

ਲੁਧਿਆਣਾ, 28 ਅਪ੍ਰੈਲ (ਵਿਸ਼ਾਲ ਸ਼ਰਮਾ/ਸੰਜੀਵ ਲਹਿਲ) : ਖੰਨਾ ਪੁਲਿਸ ਗੈਂਗਸਟਰਾਂ 'ਤੇ ਵਾਰ ਅਤੇ ਯੁੱਧ ਨਸ਼ਿਆਂ ਵਿਰੁੱਧ ਅਤੇ ਅਪਰਾਧ ਦੇ ਖਿਲਾਫ ਚੱਲ ਰਹੀ ਖ਼ਾਸ ਮੁਹਿੰਮ ਤਹਿਤ ਲਗਾਤਾਰ ਸਫਲਤਾਵਾਂ ਹਾਸਲ ਕਰ ਰਹੀ ਹੈ। ਡਾ. ਦਰਪਣ ਆਹਲੂਵਾਲੀਆ (ਐਸਐਸਪੀ ਖੰਨਾ) ਦੀ ਅਗਵਾਈ ਹੇਠ ਇਹ ਮੁਹਿੰਮ ਜ਼ੋਰਦਾਰ ਤਰੀਕੇ ਨਾਲ ਜਾਰੀ ਹੈ। ਇਸੇ ਕੜੀ ਤਹਿਤ ਪੰਜਾਬ ਦੇ ਡੀਜੀਪੀ ਸ਼੍ਰੀ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ਅਤੇ ਲੁਧਿਆਣਾ ਰੇਂਜ ਦੇ ਡੀਆਈਜੀ ਸਤਿੰਦਰ ਸਿੰਘ ਦੀ ਰਹਿਨੁਮਾਈ ਹੇਠ ਖੰਨਾ ਪੁਲਿਸ ਨੇ ਅੱਜ ਪੂਰੇ ਜ਼ਿਲ੍ਹੇ ਵਿੱਚ ਘੇਰਾਬੰਦੀ ਕਰਕੇ ਕਾਰਡਨ ਐਂਡ ਸਰਚ ਆਪ੍ਰੇਸ਼ਨ (CASO) ਚਲਾਇਆ। ਇਸ ਦੌਰਾਨ ਡੀਐਸਪੀ ਦਰਜੇ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਵੱਖ-ਵੱਖ ਪੁਲਿਸ ਟੀਮਾਂ ਬਣਾਈਆਂ ਗਈਆਂ, ਜਿਨ੍ਹਾਂ ਨੇ ਆਪਣੇ-ਆਪਣੇ ਇਲਾਕਿਆਂ ਵਿੱਚ ਇਕੱਠੇ ਕਾਰਵਾਈ ਕੀਤੀ। ਇਸ ਆਪ੍ਰੇਸ਼ਨ ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਵਿੱਚ ਲੱਗਭੱਗ 15 ਹਾਟਸਪਾਟ ਚਿੰਨ੍ਹਿਤ ਕਰਕੇ ਡੂੰਘਾਈ ਨਾਲ ਚੈਕਿੰਗ ਕੀਤੀ ਗਈ। ਪੁਲਿਸ ਟੀਮਾਂ ਨੇ 84 ਸ਼ੱਕੀ ਵਿਅਕਤੀਆਂ ਅਤੇ 56 ਵਾਹਨਾਂ ਦੀ ਜਾਂਚ ਕੀਤੀ। ਇਸ ਦੌਰਾਨ 8 ਮਾਮਲੇ ਦਰਜ ਕਰਕੇ 10 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ। ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਤੋਂ 80 ਨਸ਼ੀਲੀਆਂ ਗੋਲੀਆਂ, 2 ਗ੍ਰਾਮ ਆਈਸ (ਡਰੱਗ), 19.2 ਗ੍ਰਾਮ ਹੈਰੋਇਨ ਅਤੇ 6 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਕੀਤਾ ਗਿਆ। ਜੇਕਰ ਸਾਲ 2026 ਦੀ ਸ਼ੁਰੂਆਤ ਤੋਂ ਹੁਣ ਤੱਕ ਦੀ ਗੱਲ ਕਰੀਏ ਤਾਂ ਖੰਨਾ ਪੁਲਿਸ ਨੇ ਅਪਰਾਧ ਅਤੇ ਨਸ਼ਾ ਤਸਕਰੀ ਦੇ ਖਿਲਾਫ ਵੱਡੀ ਕਾਰਵਾਈ ਕਰਦਿਆਂ 598 ਕੇਸ ਦਰਜ ਕੀਤੇ ਹਨ ਅਤੇ 782 ਮੁਲਜ਼ਮਾਂ ਨੂੰ ਗ੍ਰਿਫਤਾਰ

ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
In The Court of Hon'ble Aman Sharma Additional Principal Judge Family Court, Amritsar
CNR No.PBAS01-004803-2025
Next Date: 16.05.2026
Ranjit Singh
Versus
Simarjit Kaur
Notice to: Simarjit Kaur Father: Wife Of Ranjit Singh, Daughter Of Swaran Singh Village Khabe Dogran, Tehsil And District Tarn Taran
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 16.05.2026 at 10:00 A.M.
For details logon to https://highcourtchd.gov.in/?trs=district_notice&district=Amritsar
Dated this day of 24-04-2026
Sd/- Additional Principal Judge Family Court, Amritsar

(U/o 5 Rule 20 CPC)
In The Court of Sh. Ashutosh Civil Judge (Junior Division), Ludhiana
CNR No.PBLD02-007263-2025
Next Date: 15.05.2026
Punjab State Power Corporation Limited
Versus
Bhagwant Bhushan
SUIT FOR RECOVERY OF RS. 187030/-
Notice to : Bhagwant Bhushan Father:-L. Vidya Bhushan R/O Satguru Hosiery Complex, Village Kakowal, Ludhiana Ph-97801-98440
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 15.05.2026 at 10:00 am. for details logon to https://high courtchd.gov.in/?mod=district_notice &district=mogacourt
Dated this day of 23.04.2026.
Sd/-Civil Judge (Junior Division), Ludhiana

(U/o 5 Rule 20 CPC)
In The Court of Sh. Rajinder Singh Teji Additional Civil Judge Senior Division-1, Ferozepur
CNR NO. PBFZ02-003280-2023
Next Date: 13.05.2026
CS/1174/2023
Punjab and Sind Bank
Versus
Jagir Singh
Notice to: 2.1 Sardool Singh 2.2 Janga Singh Both S/O Darshan Singh S/O Dalip Singh 2.3 Joginder Kaur W/O Darshan Singh S/O Dalip Singh All R/O Village Bagguwala, Po Mallanwala Teh And Dist Ferozepur
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 13.05.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 28-04-2026
Sd/- Additional Civil Judge Senior Division-1, Ferozepur

(U/o 5 Rule 20 CPC)
In The Court of Sh. Karunesh Kumar District and Sessions Judge, Bathinda
CNR No.PBBT01-015036-2025
Next Date: 15.05.2026
Rajesh Bansal
Versus
Gurpreet Singh
Notice to: Gurpreet Singh Son Of Gurjant Singh Resident Of Cantt, Bathinda (Driver Of Car Swift Dezire, Bearing Rc No. PB-03BN-5136)
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 15.05.2026 at 10:00 am. for details logon to https:// high courtchd.gov.in/?mod=district_notice &district=mogacourt
Dated this day of 24.04.2026.
Sd/- District and Sessions Judge, Bathinda

In The Court of Sh. Sukhmandeep Singh Judicial Magistrate First Class-3, Abohar
CNR No.PPBFZE1-0043192025
Next Date : 09.06.2026
NACT/1393/2025
Pawan Kumar
Versus
Rohit
Detail of offence:- 138 NI Act
Notice to: Rohit S/O Sh Bhoop Singh R/O Street No 1 Idgah Basti Abohar Distt Fazilka
In the above titled case the accused could not be served. it is ordered that the accused should appear in person or through counsel on 09.06.2026 at 10:00 am. For details logon to https://highcourtchd.gov.in/?mod=district_notice&district=mogacourt
Dated this day of 27-04-2026
Sd/- Judicial Magistrate First Class-3, Abohar

(U/o 5 Rule 20 CPC)
In The Court of Ms. Shaweta Civil Judge (Junior Division), Ludhiana
CNR No.PBLD02-013680-2024
Next Date: 15.05.2026
IDBI Bank Limited
Versus
Banty Kumari
Notice to: Banty Kumari Spouse::-Prabhakar Kumar Saran R/O Village Gobindgarh, Mangli Nichi, District Ludhiana-141123
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **15.**05.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 15-04-2026
Sd/- Civil Judge (Junior Division), Ludhiana

(U/o 5 Rule 20 CPC)
In The Court of Ms. Minakshi Civil Judge (Junior Division), Batala
CNR No.PBGDA0-000602-2026
Next Date: 15.05.2026
Bhupinder Singh
Versus
Santosh Rani
Notice to: Santosh Rani Spouse::-Baldev Singh R/O Dera Baba Nanak, Tehsil Dera Baba Nanak, District Gurdaspur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **15.**05.2026 at 10:00 A.M.
For details logon to https://highcourtchd.gov.in/?mod=district_notice&district=Gurdaspur
Dated, this day of 22-04-2026
Sd/- Civil Judge (Junior Division), Batala

(U/o 5 Rule 20 CPC)
In The Court of Sh. Akbar Khan Additional Civil Judge (Senior Divsion), Guruharsahai
CNR No.PBFZD0-000388-2025
Next Date: 16.05.2026
Chhinderpal Kaur Alias Reena Rani Widow Of Raj Kumar Son Of Heera Ram Resident Of Village Sohangarh Tehsil Guruharsahai Dist Ferozepur
Versus
General Public
Notice to: General Public :- General Public, Dist Ferozepur Punjab
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 16.05.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 09-04-2026
Sd/- Additional Civil Judge (Senior Divsion), Guruharsahai

(U/o 5 Rule 20 CPC)
In The Court of Ms. Geeta Rani Additional Civil Judge Senior Division), Phul
CNR No.PBBTB0-000292-2021
Next Date: 16.05.2026
Basant Singh
Versus
Tirath Singh
Notice to : 3(B) Palwinder Singh S/O Gurpreet Kaur @ Gurmeet Kaur Wd/O Malkeet Singh R/O Near Gurudwara Sahib, Village Rukhala Dist Sri Mukatsar Sahib
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 16.05.2026 at 10:00 am.
for details logon to https:// high courtchd. gov.in/?mod=district_notice &district=Bathinda
Dated this day of 18.03.2026
Sd/- Additional Civil Judge Senior Division), Phul

(U/o 5 Rule 20 CPC)
In The Court of Sh. Gurpartap Singh Additional Principal Judge Family Court, Ludhiana
CNR NO. PBLD01-006091-2026
Next Date: 13.05.2026
Asha Rani
Versus
General Public
Notice to: General Public:- Ludhiana
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 13.05.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 24-04-2026
Sd/- Additional Principal Judge Family Court, Ludhiana

Criminal Courts, Ludhiana
In The Court of Ms. Jyoti Kumari Judicial Magistrate- Ist Class, Ludhiana
Next Date, Purpose of case, Orders and judgments as well as other case information is available on http://ecourts.gov.in
CNR NO. PBLD03-091762-2022
Next Date: 14.05.2026
Case No.- COMA/87091/2022
Police Station/FIR No. Division 5/00/2022
Kotak Mahindra Bank
Versus
Paramjit Singh
Proclamation Requiring the appearance of a person accused
Notice to: Paramjit Singh:- R/O H.No. 432-A Guru Amardass Colony Naraingarh Chheharta Green City Amritsar-143102
whereas complaint/case has been made before me that paramjit singh:- r/o r/o h no. 432-a guru amardass colony naraingarh chheharta green city amritsar-143102 has committed (or is suspected to have committed) the offence punishable under section of and it has been returned to a warrant of arrest thereupon issued that the said paramjit singh cannot be found, and whereas it has been shown to my satisfaction that the said paramit't singh has absconded (or is concealing himself/herself to avoid the service of the said warrant) proclamation is hereby made that the said paramjit singh is required to appear before this court (or before me) on 14-05-2026 to answer the said complaint/case.
Dated this day of 25-04-2026
Sd/- Judicial Magistrate- Ist Class, Ludhiana

(U/o 5 Rule 20 CPC)
In The Court of Shri Arvind Kumar Additional District and Sessions Judge cum Motor Accident Claims Tribunal, Kurukshetra
CNR NO. HRKU01-005357-2020
Next Date: 20.05.2026
MACP/450/2020
Renu
Versus
Baljinder Singh
Notice to: Parvinder Kaur Wife Of Baljinder Singh Ward No.4, Kali Mata Mandir, Kahangarh Road, Patran, Tehsil Patran, Dsitrict Patiala (Punjab).
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 20.05.2026 at 10:00 A.M.
For details logon to https://highcourtchd.gov.in/?mod=district_notice&district=Kurukshetra
Dated this day of 24-04-2026
Sd/- Additional District and Sessions Judge cum Motor Accident Claims Tribunal, Kurukshetra

---

Change of Name

I, Dilpreet Kaur W/o Evendeep Singh R/o Pajjodeota Hoshiarpur Punjab-146115 have declare that my Given name as Dilpreet and Surname as Kaur.

I, Sukhjinder Singh S/o Ranjit Singh R/o Soos, Hoshiarpur-Punjab 144105 have declare that my Given name as Sukhjinder and Surname as Singh.

ਆਮ ਸੂਚਨਾ

ਮੈਂ, ਕੁਲਦੀਪ ਸਿੰਘ ਪੁੱਤਰ ਵਸਾਖਾ ਸਿੰਘ, ਵਾਸੀ ਬਸਤੀ ਡੱਬਰ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਭਰਾ ਰਾਮ ਸਿੰਘ ਪੁੱਤਰ ਵਸਾਖਾ ਸਿੰਘ ਜੋ ਕਿ ਮੇਰੇ ਨਾਲੋਂ ਅਤੇ ਮੇਰੇ ਬਾਕੀ ਭਰਾ ਲਛਮਣ ਸਿੰਘ ਅਤੇ ਹਰਮੀਤ ਸਿੰਘ ਦੇ ਨਾਲੋਂ ਪਿਛਲੇ ਕਾਫੀ ਸਮੇਂ ਤੋਂ ਵੱਖਰਾ ਹੈ ਅਤੇ ਪਿਛਲੇ 16/17 ਸਾਲ ਤੋਂ ਆਪਣੇ ਹਿੱਸੇ ਦੀ ਜਾਇਦਾਦ ਵੇਚਕੇ ਇਥੋਂ ਜਾ ਚੁੱਕਾ ਹੈ ਅਤੇ ਬੁਰੀ ਸੰਗਤ ਵਿਚ ਪੈ ਗਿਆ ਹੈ। ਇਸਦੇ ਚੰਗੇ ਮਾੜੇ ਕੰਮ ਦਾ ਇਹ ਖੁਦ ਜ਼ਿੰਮੇਵਾਰ ਹੋਵੇਗਾ।

ਬੇਦਖਲੀ ਸੂਚਨਾ

ਮੈਂ, ਮਨਜੀਤ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਲੰਗੇਮਾਹਲ ਤਹਿਸੀਲ ਜ਼ਿਲ੍ਹਾ ਅੰਮ੍ਰਿਤਸਰ ਦਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਤਿੰਦਰ ਸਿੰਘ ਅਤੇ ਨੂੰਹ ਪੂਨਮ ਸ਼ਰਮਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਇਹਨੂੰ ਮੈਂ ਆਪਣੀ ਚੁੱਕ ਅਤੇ ਅਚੁੱਕ ਜਾਇਦਾਦ ਤੋਂ ਬੇਦਖਲ ਕਰਕੇ ਲਿਖ ਦਿੰਦਾ ਹਾਂ ਕਿ ਇਨ੍ਹਾਂ ਦਾ ਮੇਰੀ ਜਾਇਦਾਦ ਨਾਲ ਕੋਈ ਸਬੰਧ ਵਾਸਤਾ ਨਹੀਂ ਹੋਵੇਗਾ, ਜੋ ਵੀ ਇਹਨਾਂ ਨਾਲ ਲੈਣ ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ। ਇਨ੍ਹਾਂ ਦੇ ਲੈਣ ਦੇਣ ਨਾਲ ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਪਰਮਜੀਤ ਸਿੰਘ ਪੁੱਤਰ ਸ਼੍ਰ. ਗੁਰਬਚਨ ਸਿੰਘ, ਵਾਸੀ ਪਿੰਡ ਸਹਿਬਾਜ਼ਪੁਰ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕੁਲਵਿੰਦਰ ਸਿੰਘ ਅਤੇ ਉਸਦੀ ਘਰਵਾਲੀ ਜਸ਼ਨਦੀਪ ਕੌਰ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੈ। ਮੈਂ ਉਕਤ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਚੱਲ ਅਤੇ ਅਚੱਲ ਸੰਪੱਤੀ ਤੋਂ ਬੇਦਖਲ ਕਰਦਾ ਹਾਂ। ਜੇਕਰ ਕੋਈ ਵਿਅਕਤੀ ਉਕਤ ਦੋਵਾਂ ਨਾਲ ਕਿਸੇ ਵੀ ਕਿਸਮ ਦਾ ਕੋਈ ਲੈਣ ਦੇਣ ਕਰਦਾ ਹੈ ਤਾਂ ਉਸਦਾ ਉਹ ਜ਼ਿੰਮੇਵਾਰ ਖੁਦ ਹੋਵੇਗਾ। ਜਿਸ ਵਿਚ ਮੇਰਾ ਅਤੇ ਮੇਰੇ ਪਰਿਵਾਰ ਦੇ ਮੈਂਬਰਾਂ ਦਾ ਕਿਸੇ ਤਰ੍ਹਾਂ ਦਾ ਕੋਈ ਲੈਣ ਦੇਣ ਨਹੀਂ ਹੋਵੇਗਾ ਅਤੇ ਲੈਣ ਦੇਣ ਕਰਨ ਵਾਲਾ ਵਿਅਕਤੀ ਖੁੱਦ ਹੀ ਜ਼ਿੰਮੇਵਾਰ ਹੋਵੇਗਾ।\

ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

ਫਾਜ਼ਿਲਕਾ ਦੇ ਦਿੱਲੀ ਪਬਲਿਕ ਇੰਟਰਨੈਸ਼ਨਲ ਸਕੂਲ ਅਤੇ ਕਾਮਫੀ ਇੰਟਰਨੈਸ਼ਨਲ ਵਿਚਕਾਰ ਹੋਇਆ ਗਠਜੋੜ



ਫਾਜ਼ਿਲਕਾ, 28 ਅਪ੍ਰੈਲ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਫਾਜ਼ਿਲਕਾ ਦੇ ਵਿਦਿਆਰਥੀਆਂ ਨੂੰ ਹੁਣ ਉੱਚ ਦਰਜੇ ਦੀ ਸਿੱਖਿਆ ਅਤੇ ਖੇਡ ਸਹੂਲਤਾਂ ਲਈ ਆਪਣੇ ਸ਼ਹਿਰ ਤੋਂ ਦੂਰ ਨਹੀਂ ਜਾਣਾ ਪਵੇਗਾ। ਕਾਮਫੀ ਇੰਟਰਨੈਸ਼ਨਲ ਸਕੂਲ ਨੇ ਦਿੱਲੀ ਪਬਲਿਕ ਇੰਟਰਨੈਸ਼ਨਲ ਸਕੂਲ (ਡਿਪਸ) ਨਾਲ ਇੱਕ ਮਹੱਤਵਪੂਰਨ ਗਠਜੋੜ ਕੀਤਾ ਹੈ। ਇਸ ਵਿਸ਼ੇਸ਼ ਸਹਿਯੋਗ ਤੋਂ ਬਾਅਦ ਹੁਣ ਫਾਜ਼ਿਲਕਾ ਵਿੱਚ ਹੀ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਪੱਧਰ ਦੀ ਸਿੱਖਿਆ ਮਿਲ ਸਕੇਗੀ। ਇਸੇ ਸਬੰਧ ਵਿੱਚ ਅੱਜ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ ਅਤੇ ਪ੍ਰੈੱਸ ਨਾਲ ਗੱਲਬਾਤ ਕਰਕੇ ਆਗਾਮੀ ਯੋਜਨਾਵਾਂ ਦੀ ਜਾਣਕਾਰੀ ਸਾਂਝੀ ਕੀਤੀ ਗਈ।

ਸਕੂਲ ਦੇ ਚੇਅਰਮੈਨ ਗੌਰਵ ਈਂਝਾ ਨੇ ਇਸ ਮੌਕੇ ਦੱਸਿਆ ਕਿ ਫਾਜ਼ਿਲਕਾ ਦੇ ਬਹੁਤ ਸਾਰੇ ਬੱਚੇ ਬਿਹਤਰ ਖੇਡ ਸਹੂਲਤਾਂ ਅਤੇ ਸਿੱਖਿਆ ਦੀ ਭਾਲ ਵਿੱਚ ਮੋਹਾਲੀ ਜਾਂ ਹੋਰ ਵੱਡੇ ਸ਼ਹਿਰਾਂ ਦਾ ਰੁਖ ਕਰਦੇ ਹਨ। ਇਸੇ ਕਮੀ ਨੂੰ ਦੂਰ ਕਰਨ ਲਈ ਇਹ ਪਹਿਲ ਕੀਤੀ ਗਈ ਹੈ ਤਾਂ ਜੋ ਬੱਚਿਆਂ ਨੂੰ ਬਿਹਤਰੀਨ ਸਿੱਖਿਆ ਦੇ ਨਾਲ-ਨਾਲ ਸਪੋਰਟਸ ਦੀਆਂ ਬਿਹਤਰੀਨ ਸਹੂਲਤਾਂ ਵੀ ਮਿਲ ਸਕਣ। ਉਨ੍ਹਾਂ ਐਲਾਨ ਕੀਤਾ ਕਿ ਸਕੂਲ ਵਿੱਚ ਜੂਨ ਮਹੀਨੇ ਤੱਕ ਇੱਕ ਆਧੁਨਿਕ ਕ੍ਰਿਕਟ ਅਕੈਡਮੀ ਵੀ ਸ਼ੁਰੂ ਕਰ ਦਿੱਤੀ ਜਾਵੇਗੀ। ਗੌਰਵ ਈਂਝਾ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਜੋ ਸਿੱਖਿਆ ਅਤੇ ਸਹੂਲਤਾਂ ਬੱਚੇ ਬਾਹਰਲੇ ਸ਼ਹਿਰਾਂ ਵਿੱਚ ਜਾ ਕੇ ਲੈਂਦੇ ਹਨ, ਉਹ ਹੁਣ ਉਨ੍ਹਾਂ ਨੂੰ ਫਾਜ਼ਿਲਕਾ ਵਿੱਚ ਹੀ ਉਪਲਬਧ ਹੋਣ।

ਡੀਪੀਆਰ ਸੁਸਾਇਟੀ ਦੇ ਚੇਅਰਮੈਨ ਡਾ. ਵਿਜੇ ਸਿੰਘ ਪਵਾਰ ਨੇ ਫਾਜ਼ਿਲਕਾ ਦੇ ਮਾਪਿਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਦਿੱਲੀ ਪਬਲਿਕ ਇੰਟਰਨੈਸ਼ਨਲ ਸਕੂਲ ਦੇਸ਼ ਦੀ ਦੂਜੀ ਸਭ ਤੋਂ ਵੱਡੀ ਅਤੇ 50 ਸਾਲ ਪੁਰਾਣੀ ਸੰਸਥਾ ਹੈ। ਉਨ੍ਹਾਂ ਗੌਰਵ ਈਂਝਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਟਿਅਰ ਥ੍ਰੀ ਸਿਟੀ ਹੋਣ ਦੇ ਬਾਵਜੂਦ ਉਨ੍ਹਾਂ ਨੇ ਫਾਜ਼ਿਲਕਾ ਵਿੱਚ ਇਸ ਵੱਡੇ ਬ੍ਰਾਂਡ ਨੂੰ ਲਿਆਉਣ ਦਾ ਯਤਨ ਕੀਤਾ।

ਡਾ. ਪਵਾਰ ਨੇ ਸਪੱਸ਼ਟ ਕੀਤਾ ਕਿ ਸਿੱਖਿਆ ਉਨ੍ਹਾਂ ਲਈ ਵੇਚਣ ਜਾਂ ਖਰੀਦਣ ਦੀ ਵਸਤੂ ਨਹੀਂ ਹੈ। ਸਕੂਲ ਦੀ ਫੀਸ ਪੂਰੇ ਫਾਜ਼ਿਲਕਾ ਵਿੱਚ ਸਭ ਤੋਂ ਘੱਟ ਰੱਖੀ ਗਈ ਹੈ ਤਾਂ ਜੋ ਕਿਸਾਨ ਦਾ ਬੱਚਾ ਹੋਵੇ ਜਾਂ ਕਿਸੇ ਵੱਡੇ ਅਧਿਕਾਰੀ ਦਾ, ਸਾਰਿਆਂ ਨੂੰ ਬਰਾਬਰ ਅਤੇ ਗੁਣਵੱਤਾਪੂਰਨ ਸਿੱਖਿਆ ਮਿਲ ਸਕੇ। ਉਨ੍ਹਾਂ ਦੱਸਿਆ ਕਿ ਇਸ ਸੰਸਥਾ ਨਾਲ ਕਈ ਸੇਵਾਮੁਕਤ ਆਈਏਐਸ ਅਤੇ ਆਈਪੀਐਸ ਅਧਿਕਾਰੀ ਜੁੜੇ ਹੋਏ ਹਨ ਜੋ ਅਧਿਆਪਕਾਂ ਦੀ ਸਿਖਲਾਈ ਅਤੇ ਸਿੱਖਿਆ ਦੀ ਗੁਣਵੱਤਾ @ਤੇ ਸਿੱਧਾ ਧਿਆਨ ਦਿੰਦੇ ਹਨ। ਸਕੂਲ ਦੀ ਪ੍ਰਿੰਸੀਪਲ ਸ਼ੀਨਮ ਨਾਗਪਾਲ ਨੇ ਇਸ ਨਵੀਂ ਪਹਿਲ ਨੂੰ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਬਹੁਤ ਮਹੱਤਵਪੂਰਨ ਦੱਸਿਆ।

ਉਨ੍ਹਾਂ ਕਿਹਾ ਕਿ ਅਕਸਰ ਦੇਖਿਆ ਜਾਂਦਾ ਹੈ ਕਿ ਦਸਵੀਂ ਤੋਂ ਬਾਅਦ ਬੱਚੇ ਨੀਟ ਅਤੇ ਜੇਈਈ ਦੀ ਕੋਚਿੰਗ ਲਈ ਸਕੂਲ ਛੱਡ ਦਿੰਦੇ ਹਨ। ਪਰ ਹੁਣ ਇਸ ਸਕੂਲ ਕੈਂਪਸ ਵਿੱਚ ਹੀ ਅੱਠਵੀਂ ਜਮਾਤ ਤੋਂ ਇਨ੍ਹਾਂ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਸ਼ੁਰੂ ਕਰਵਾ ਦਿੱਤੀ ਜਾਵੇਗੀ। ਇਹ ਕਲਾਸਾਂ ਆਨਲਾਈਨ ਅਤੇ ਆਫਲਾਈਨ ਦੋਵਾਂ ਮਾਧਿਅਮਾਂ ਰਾਹੀਂ ਮਾਪਿਆਂ ਦੀ ਲੋੜ ਅਨੁਸਾਰ ਉਪਲਬਧ ਹੋਣਗੀਆਂ। ਪ੍ਰਿੰਸੀਪਲ ਨੇ ਕਿਹਾ ਕਿ ਸਕੂਲ ਦਾ ਮੁੱਖ ਉਦੇਸ਼ ਬੱਚਿਆਂ ਦਾ ਸਰਵਪੱਖੀ ਵਿਕਾਸ ਕਰਨਾ ਹੈ ਅਤੇ ਉਹ ਵੀ ਬਹੁਤ ਹੀ ਘੱਟ ਫੀਸ ਵਿੱਚ।

ਮੈਨੇਜਮੈਂਟ ਨੇ ਜਾਣਕਾਰੀ ਦਿੱਤੀ ਕਿ ਨਵੇਂ ਸੈਸ਼ਨ ਲਈ ਦਾਖਲੇ ਸ਼ੁਰੂ ਹੋ ਚੁੱਕੇ ਹਨ ਅਤੇ ਫਾਜ਼ਿਲਕਾ ਦੇ ਨਾਲ-ਨਾਲ ਆਸ-ਪਾਸ ਦੇ ਪੇਂਡੂ ਖੇਤਰਾਂ ਤੋਂ ਵੀ ਮਾਪਿਆਂ ਦਾ ਬਹੁਤ ਵਧੀਆ ਹੁੰਗਾਰਾ ਮਿਲ ਰਿਹਾ ਹੈ। ਮਾਪਿਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇੱਕ ਵਾਰ ਸਕੂਲ ਦੇ ਢਾਂਚੇ ਅਤੇ ਸਹੂਲਤਾਂ ਨੂੰ ਜ਼ਰੂਰ ਦੇਖਣ। ਸਕੂਲ ਦਾ ਦਾਅਵਾ ਹੈ ਕਿ ਇੰਨੀ ਕਿਫਾਇਤੀ ਫੀਸ ਵਿੱਚ ਅੰਤਰਰਾਸ਼ਟਰੀ ਪੱਧਰ ਦੀ ਸਿੱਖਿਆ, ਸਿਖਲਾਈ ਪ੍ਰਾਪਤ ਅਧਿਆਪਕ ਅਤੇ ਵਧੀਆ ਸਹੂਲਤਾਂ ਹੋਰ ਕਿਤੇ ਨਹੀਂ ਮਿਲਣਗੀਆਂ।

ਜਨਤਕ ਸੂਚਨਾ

ਸ਼੍ਰੀ ਪ੍ਰਧੁਮਨ ਸਿੰਘ, ਐੱਚ.ਸੀ.ਐੱਸ., ਸਹਾਇਕ ਜਾਇਦਾਦ ਅਫ਼ਸਰ, ਯੂ.ਟੀ., ਚੰਡੀਗੜ੍ਹ



ਵਿਸ਼ਾ:- ਸਵਰਗੀ ਅਸ਼ੋਕ ਕੁਮਾਰ ਚਾਵਲਾ ਦੀ ਗੈਰ-ਵਸਨੀ ਮੌਤ ਦੇ ਆਧਾਰ 'ਤੇ ਵਪਾਰਕ ਐੱਸ.ਸੀ.ਓ. ਨੰ. 78-79, ਸੈਕਟਰ 15-ਡੀ, ਚੰਡੀਗੜ੍ਹ (ਸੀ.ਪੀ. 1773) ਦੇ ਸੰਬੰਧ ਵਿੱਚ 16.66% ਹਿੱਸੇ ਦੀ ਹੱਦ ਤੱਕ ਮਾਲਕੀ ਦਾ ਤਬਾਦਲਾ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ ਅਸ਼ੋਕ ਕੁਮਾਰ ਚਾਵਲਾ ਵਪਾਰਕ ਐੱਸ.ਸੀ.ਓ. ਨੰ. 78-79, ਸੈਕਟਰ 15-ਡੀ, ਚੰਡੀਗੜ੍ਹ ਦੇ 16.66% ਹਿੱਸੇ ਦੇ ਮਾਲਕ/ਪੱਟੇਦਾਰ ਹਨ।

ਕਰਨ ਚਾਵਲਾ, ਆਸ਼ੂ ਚਾਵਲਾ, ਚਰਵੀ ਚਾਵਲਾ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ. ਅਸ਼ੋਕ ਕੁਮਾਰ ਚਾਵਲਾ ਦੀ ਮੌਤ 15/01/2026 ਨੂੰ ਹੋ ਗਈ ਸੀ ਅਤੇ ਉਨ੍ਹਾਂ ਨੇ/ਉਨ੍ਹਾਂ ਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:-

ਲ. ਨੰ.	ਕਾਨੂੰਨੀ ਵਾਰਸ ਦਾ ਨਾਮ	ਮ੍ਰਿਤਕ ਨਾਲ ਸੰਬੰਧ
1.	ਕਰਨ ਚਾਵਲਾ	ਪੁੱਤਰ
2.	ਚਰਵੀ ਚਾਵਲਾ	ਪੁੱਤਰੀ
3.	ਆਸ਼ੂ ਚਾਵਲਾ	ਪਤਨੀ

ਹੁਣ, ਕਰਨ ਚਾਵਲਾ, ਆਸ਼ੂ ਚਾਵਲਾ, ਚਰਵੀ ਚਾਵਲਾ ਨੇ ਵਪਾਰਕ ਐਸਸੀਓ ਨੰ. 78-79, ਸੈਕਟਰ 15-ਡੀ, ਚੰਡੀਗੜ੍ਹ ਦੇ ਸੰਬੰਧ ਵਿੱਚ, ਸਵਰਗੀ ਅਸ਼ੋਕ ਕੁਮਾਰ ਚਾਵਲਾ ਦੁਆਰਾ ਆਪਣੇ/ਆਪਣੇ ਹੱਕ ਵਿੱਚ ਰੱਖੇ ਗਏ 16.66% ਹਿੱਸੇ ਦੀ ਹੱਦ ਤੱਕ ਮਾਲਕੀ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ/ਦੇ ਦਿੱਤੀ ਹੈ, ਜੋ ਕਿ ਅਣਵੰਡੀ ਮੌਤ ਦੇ ਆਧਾਰ 'ਤੇ ਹੈ। ਜੇਕਰ ਕਿਸੇ ਕੋਲ ਮ੍ਰਿਤਕ ਦੇ ਉਪਰੋਕਤ ਦੱਸੇ ਗਏ ਤੋਂ ਇਲਾਵਾ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ।

ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ



ਡਾ. ਅਨੂਪ ਸਿੰਘ
98768-01268

ਇਸ ਵੇਲੇ ਸੰਸਾਰ ਵਿੱਚ ਤਿੰਨ ਜੰਗਾਂ ਚੱਲ ਰਹੀਆਂ ਹਨ। ਰੂਸ-ਯੂਕਰੇਨ ਯੁੱਧ ਪੰਜਵੇਂ ਸਾਲ 'ਚ ਦਾਖਲ ਹੋ ਗਿਆ ਹੈ। ਇਜ਼ਰਾਈਲ ਨੇ ਫਲਸਤੀਨ ਦਾ ਪਿਛਲੇ ਸਾਲ ਵੱਡਾ ਹਿੱਸਾ ਸੈਨਿਕ ਕਾਰਵਾਈਆਂ ਨਾਲ ਤਬਾਹ ਕਰ ਦਿੱਤਾ ਸੀ। ਹਮਾਸ ਗੁਰੀਲਿਆਂ ਤੇ ਫਲਸਤੀਨੀਆਂ ਵਿਰੁੱਧ ਇਜ਼ਰਾਈਲ ਦੇ ਸੈਨਿਕ ਹਮਲੇ ਹੁਣ ਵੀ ਜਾਰੀ ਹਨ। 28 ਫਰਵਰੀ 2026 ਨੂੰ ਅਮਰੀਕਾ ਤੇ ਇਜ਼ਰਾਈਲ ਨੇ ਮਿਲ ਕੇ ਇਰਾਨ ਵਿਰੁੱਧ ਯੁੱਧ ਛੇੜ ਦਿੱਤਾ ਸੀ। ਇਹ ਭਿਆਨਕ ਯੁੱਧ ਇਸ ਵੇਲੇ ਵਕਤੀ ਤੌਰ 'ਤੇ ਰੁਕ ਚੁੱਕਾ ਹੈ। ਇਸ ਯੁੱਧ ਨੇ ਤੇਲ ਤੇ ਰਸੋਈ ਗੈਸ ਅਤੇ ਕੁੱਲ ਮਿਲਾ ਕੇ ਊਰਜਾ ਦਾ ਸੰਕਟ ਖੜ੍ਹਾ ਕਰ ਦਿੱਤਾ ਹੈ। ਇਸ ਨੇ ਭਾਰਤ ਸਮੇਤ ਏਸ਼ਿਆਈ ਦੇਸ਼ਾਂ ਲਈ ਵੱਡਾ ਆਰਥਿਕ-ਸਮਾਜਿਕ ਸੰਕਟ ਪੈਦਾ ਕਰ ਦਿੱਤਾ ਹੈ। ਇਜ਼ਰਾਈਲ ਨੇ ਲੈਬਨਾਨ ਵਿਰੁੱਧ ਵੀ ਯੁੱਧ ਛੇੜ ਦਿੱਤਾ ਹੈ ਅਤੇ ਉਸ ਦੇ ਇੱਕ ਹਿੱਸੇ 'ਤੇ ਕਬਜ਼ਾ ਕਰ ਲਿਆ ਹੈ। ਇਰਾਨ ਦੀ ਸ਼ਹਿ ਪ੍ਰਾਪਤ ਹਿਜਬੁੱਲਾ ਅਤੇ ਯਮਨ ਦੇ ਹੂਤੀ ਵਿਦਰੋਹੀਆਂ ਨੇ ਇਜ਼ਰਾਈਲੀ ਅਤੇ ਅਮਰੀਕੀ ਟਿਕਾਣਿਆਂ 'ਤੇ ਹਮਲੇ ਸ਼ੁਰੂ ਕਰ ਦਿੱਤੇ ਹਨ। ਸਿੱਟੇ ਵਜੋਂ ਵਿਸ਼ਵ ਪੱਧਰ 'ਤੇ ਤੀਜੇ ਯੁੱਧ ਦਾ ਖ਼ਤਰਾ ਮੰਡਰਾਅ ਰਿਹਾ ਹੈ ਅਤੇ ਆਰਥਿਕ ਦ੍ਰਿਸ਼ ਉੱਥਲ ਪੁੱਥਲ ਤੇ ਨਿਰਾਸ਼ਾਜਨਕ ਲੱਗ ਰਿਹਾ ਹੈ। ਅਮਰੀਕਾ ਦੇ ਰਾਸ਼ਟਰਪਤੀ ਦੇ ਬਿਆਨ 'ਤੇ ਕਾਰਵਾਈਆਂ ਅਨਿਸ਼ਚਿਤਤਾ ਦਾ ਮਾਹੌਲ ਸਿਰਜ ਰਹੀਆਂ ਹਨ। ਡੋਨਲਡ ਟਰੰਪ ਦੀ ਤੇਲ ਦੀ ਲਲ੍ਹਕ ਅਤੇ ਨੇਤਨਯਾਹੂ ਦੀ 'ਮਹਾਂ ਇਜ਼ਰਾਈਲ' ਸਥਾਪਿਤ ਕਰਨ ਦੀ ਲਾਲਸਾ ਪੂਰੇ ਵਿਸ਼ਵ ਵਿੱਚ ਅਸਥਿਰਤਾ ਤੇ ਭੈਅ ਦਾ ਵਾਤਾਵਰਨ ਪੈਦਾ ਕਰ ਰਹੀਆਂ ਹਨ। ਉਕਤ ਸਾਰਾ ਕੁਝ ਭਾਰਤ ਵਰਗੇ ਵਿਕਾਸਸ਼ੀਲ ਅਤੇ ਅਸਾਵੇ ਵਿਕਾਸ ਵਾਲੇ ਦੇਸ਼ ਵਿੱਚ ਅਸਥਿਰਤਾ ਤੇ ਆਰਥਿਕ ਸੰਕਟ ਦਾ ਆਧਾਰ ਬਣ ਰਿਹਾ ਹੈ। ਭਾਰਤ ਅਜਿਹਾ ਦੇਸ਼ ਹੈ ਜਿਸ ਦੀ ਅੱਧੀ ਤੋਂ ਵੱਧ ਵੱਸੋਂ ਬੁਨਿਆਦੀ ਜੀਵਨ ਸਹੂਲਤਾਂ ਦੀਆਂ ਲੋੜਾਂ, ਥੋੜ੍ਹਾਂ ਨਾਲ ਜੂਝ ਰਹੀ ਹੈ। ਰੋਟੀ, ਕੱਪੜਾ, ਮਕਾਨ, ਸਿਹਤ, ਸਿੱਖਿਆ ਤੇ ਸਮਾਜਿਕ ਸੁਰੱਖਿਆ ਉਨ੍ਹਾਂ ਲਈ ਵੱਡੀ ਚੁਣੌਤੀ ਹਨ। ਇਹੀ ਕਾਰਨ ਹੈ ਕਿ ਅੰਤਰ-ਰਾਸ਼ਟਰੀ ਪੱਧਰ 'ਤੇ ਗਰੀਬੀ-ਭੁੱਖਮਰੀ ਸੂਚਕ ਸਕੇਲ 'ਤੇ ਭਾਰਤ ਦਾ ਦਰਜਾ ਸਭ ਤੋਂ ਹੇਠਲੇ 20-22 ਦੇਸ਼ਾਂ ਵਿੱਚ ਹੁੰਦਾ ਹੈ। ਦੇਸ਼ ਵਿੱਚ ਗਰੀਬੀ ਅਜੇ ਵੱਡੇ ਪੱਧਰ 'ਤੇ ਹੈ। ਸਰਕਾਰੀ ਦਾਅਵਿਆਂ ਦੇ ਬਾਵਜੂਦ 25 ਤੋਂ 33% ਭਾਰਤੀ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਿਤਾ ਰਹੇ ਹਨ। ਇਨ੍ਹਾਂ ਵਿੱਚੋਂ ਤੀਜਾ ਹਿੱਸਾ ਲੋਕ ਭੁੱਖਮਰੀ ਦੀ ਕਾਗਾਰ 'ਤੇ ਹਨ। ਫੁੱਟ-ਪਾਥਾਂ 'ਤੇ, ਰੇਲਵੇ ਸਟੇਸ਼ਨਾਂ, ਸਰਕਾਰੀ ਥਾਵਾਂ-ਹੈਣ ਬਸੇਰਿਆਂ 'ਚ ਰਾਤਾਂ ਗੁਜ਼ਾਰਨ ਵਾਲੇ ਲੋਕ ਭੁੱਖਮਰੀ ਦੀ ਹਾਲਤ ਵਿੱਚ ਹੀ ਹੁੰਦੇ ਹਨ। ਵੱਡੀ ਗਿਣਤੀ 'ਚ ਭਾਰਤੀ ਪਰਿਵਾਰਾਂ ਦੀ ਆਮਦਨ ਏਨੀ ਨਹੀ ਹੈ ਕਿ ਉਹ ਮਨ-ਪਸੰਦ ਖਾ-ਪੀ, ਪਹਿਨ-ਪਚਰ ਤੇ ਵਿਚਰ-ਵਿਚਾਰ ਕਰ ਸਕਣ। ਝੁੱਗੀਆਂ-ਝੌਪੜੀਆਂ ਤੇ ਗੰਦੀਆਂ ਬਸਤੀਆਂ ਵਿੱਚ ਰਹਿਣ ਵਾਲੇ ਲੋਕ ਕੀ ਭਾਰਤੀ ਨਹੀ ਹਨ ? ਭਾਰਤ ਦਾ ਕਿਹੜਾ ਸ਼ਹਿਰ ਹੈ ਜਿੱਥੇ ਝੁੱਗੀਆਂ-ਝੌਪੜੀਆਂ ਨਹੀ ਹਨ ? ਦੇਸ਼ ਦਾ ਕਿਹੜਾ ਪਿੰਡ ਹੈ ਜਿੱਥੇ ਗਰੀਬਾਂ ਲਈ ਗੰਦੀਆਂ ਬਸਤੀਆਂ ਨਹੀ ਹਨ ? ਭਾਰਤ ਤੇ ਇਸ ਦੇ ਲੋਕਾਂ ਨੂੰ ਦਰਪੇਸ਼ ਦੂਜੀ ਵੱਡੀ ਸਮੱਸਿਆ ਤੇ ਗੁਰਬਤ-ਭੁੱਖਮਰੀ ਨਾਲ ਜੁੜੀ ਹੋਈ।। ਅਸੀ ਭਾਵੇ ਚਾਰ ਟ੍ਰਿਲੀਅਨ ਡਾਵ 4000 ਅਰਬ ਡਾਲਰ ਤੋਂ ਵੱਧ ਕੁੱਲ ਘਰੇਲੂ ਉਦਪਾਦਨ ਨਾਲ ਵਿਸ਼ਵ ਦੀ ਚੌਥੀ ਵੱਡੀ ਆਰਥਿਕਤਾ ਹਾਂ, ਪਰ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ 'ਚ ਅਸੀ ਵਿਸ਼ਵ ਭਾਈਚਾਰੇ 'ਚ 140-143ਵੇਂ ਨੰਬਰ 'ਤੇ ਹੀ ਰਹਿੰਦੇ ਹਾਂ। 46 ਕਰੋੜ ਦੀ ਵੱਸੋ ਵਾਲੇ ਯੂਰਪੀਨ ਯੂਨੀਅਨ ਦੀ ਪ੍ਰਤੀ ਜੀਅ ਆਮਦਨ 49 ਹਜ਼ਾਰ ਡਾਲਰ ਹੈ ਜੋ ਭਾਰਤ ਦੀ ਪ੍ਰਤੀ ਜੀਅ ਆਮਦਨ ਨਾਲੋ 17 ਗੁਣਾਂ ਜ਼ਿਆਦਾ ਹੈ। ਚੀਨ ਦੀ ਪ੍ਰਤੀ ਵਿਅਕਤੀ ਆਮਦਨ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਨਾਲੋ ਪੰਜ ਗੁਣਾਂ ਵੱਧ ਹੈ। ਅਸੀ ਅਜੇ ਨਿਮਨ ਮੱਧ ਵਰਗ ਆਮਦਨ ਵਾਲੇ ਦੇਸ਼ਾਂ ਵਿੱਚ ਹਾਂ। ਵਿਕਸਤ ਦੇਸ਼ ਬਣਨ ਤੋ ਪਹਿਲਾ ਭਾਰਤ ਨੂੰ ਮੱਧ ਵਰਗ ਆਮਦਨ ਵਾਲੇ ਦੇਸ਼ਾਂ ਵਿੱਚ ਸ਼ਾਮਲ ਹੋਣਾ ਪਵੇਗਾ। ਇਸ ਵੇਲੇ ਬੇਰੁਜ਼ਗਾਰੀ, ਅਰਧ ਬੇਰੁਜ਼ਗਾਰੀ ਤੇ ਲੁਕਵੀ ਬੇਰੁਜ਼ਗਾਰੀ ਚਰਮ ਸੀਮਾ 'ਤੇ ਹੈ ਅਤੇ ਇਹ ਦੇਸ਼ ਦੀ ਸਭ ਤੋ ਵੱਡੀ ਸਮੱਸਿਆ ਬਣੀ ਹੋਈ ਹੈ। ਹਰ ਸਾਲ ਲੱਖ ਖੇਤੀ ਜਾਂ ਸਵੈ-ਰੁਜ਼ਗਾਰ ਵੱਲ ਧੱਕੇ ਜਾ ਰਹੇ ਹਨ। ਇਨ੍ਹਾਂ ਦੋਵਾਂ ਖੇਤਰਾਂ ਵਿੱਚ ਅਰਧ ਤੇ ਲੁਕਵੀ ਬੇਰੁਜ਼ਗਾਰੀ ਸਭ ਤੋ ਵੱਧ ਹੈ ਅਤੇ ਉਜਰਤਾਂ ਬਹੁਤ ਘੱਟ ਹਨ। ਨੌਜਵਾਨਾਂ ਤੇ ਪੜ੍ਹੇ-ਲਿਖੇ ਲੋਕਾਂ 'ਚ ਬੇਰੁਜ਼ਗਾਰੀ ਤੇ ਘੱਟ ਉਜਰਤਾਂ ਦੀ ਚੋਭ ਬਹੁਤ ਤਿੱਖੀ ਹੈ। ਬੇਰੁਜ਼ਗਾਰੀ ਦੀ ਭਿਆਨਕਤਾ ਦੀ ਇੱਕ ਤਾਜ਼ੀ ਉਦਾਹਰਨ ਵੇਖੋ : ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਦੇ ਵੱਖ-ਵੱਖ ਵਿਭਾਗਾਂ ਵਿੱਚ ਗਰੁੱਪ-ਡੀ ਦੀਆਂ ਕਰੀਬ 331 ਅਸਾਮੀਆਂ 'ਤੇ ਭਰਤੀ ਲਈ ਇਸ਼ਤਿਹਾਰ ਜਾਰੀ ਕੀਤਾ ਗਿਆ ਸੀ। ਇਨ੍ਹਾਂ 331 ਅਸਾਮੀਆਂ ਲਈ ਪੰਜਾਬ ਤੇ ਗੁਆਂਢੀ ਰਾਜਾਂ ਦੇ ਕਰੀਬ 1.25 ਲੱਖ ਉਮੀਦਵਾਰਾਂ ਵੱਲੋ ਬਿਨੈ-ਪੱਤਰ ਦਿੱਤਾ ਗਿਆ। ਨਿਰਧਾਰਤ ਯੋਗਤਾ ਮੈਟ੍ਰਿਕ ਹੈ, ਪਰ ਪੋਸਟ ਗ੍ਰੈਜੂਏਟ ਤੇ ਹੋਰ ਉੱਚ ਡਿਗਰੀ ਧਾਰਕ ਨੌਜਵਾਨਾਂ ਵੱਲੋ ਵੀ ਬਿਨੈ-ਪੱਤਰ ਦਿੱਤੇ ਗਏ। ਹਰੇਕ ਪੋਸਟ ਲਈ ਕਰੀਬ 378 ਬਿਨੈਕਾਰ! ਘਟ ਰਹੀਆਂ ਉਜਰਤਾਂ ਬਾਰੇ ਵੀ ਇੱਕ ਉਦਾਹਰਨ ਪੇਸ਼ ਹੈ। ਸਾਲ 2011 ਵਿੱਚ ਇੱਕ ਨੌਜਵਾਨ ਗ੍ਰੈਜੂਏਟ ਨੂੰ ਔਸਤਨ 21,800 ਰੁਪਏ ਮਾਸਕ ਮਿਲਦੇ ਸਨ। ਸਾਲ 2023 ਤੱਕ ਆਉਦੇ-ਆਉਦੇ ਇਹ ਘਟ ਕੇ 19,573 ਰਹਿ ਗਏ ਅਤੇ ਜਦੋ ਅਸੀ ਨਿਰੰਤਰ ਵਧਦੀ ਮਹਿੰਗਾਈ ਦੇ ਸੰਦਰਭ ਵਿੱਚ ਵੇਖਾਂਗੇ ਤਾਂ ਇਹ 2011 ਦੇ 10-11 ਹਜ਼ਾਰ ਰੁਪਏ ਹੀ ਰਹਿ ਜਾਣਗੇ। ਇਹ ਹੈ ਕੌੜੀ ਹਕੀਕਤ ! ਬਾਰਾਂ ਜਮਾਤਾਂ ਪਾਸ, ਮੈਟ੍ਰਿਕ ਤੇ ਅਨਪੜ੍ਹ ਨੌਜਵਾਨਾਂ ਦੀਆਂ ਉਜਰਤਾਂ ਦਾ ਅਨੁਮਾਨ ਹਰ ਕੋਈ ਲਗਾ ਸਕਦਾ ਹੈ। ਨਿਰਮਾਣ ਖੇਤਰ ਦਾ ਭਾਰਤ ਦੇ ਕੁੱਲ ਘਰੇਲੂ ਉਤਪਾਦਨ 'ਚ ਹਿੱਸਾ ਕੇਵਲ 17% ਅਤੇ ਇਹ ਖੇਤਰ ਕੁੱਲ ਰੁਜ਼ਗਾਰਾਂ ਦਾ 13.8% ਹੀ ਮੁਹੱਈਆ ਕਰਦਾ ਹੈ। ਇਹ ਹੌਲੀ ਗਤੀ ਨਾਲ ਵਿਕਾਸ ਕਰ ਰਿਹਾ ਖੇਤਰ ਹੈ ਅਤੇ ਸਮੁੱਚੀ ਵਿਕਾਸ ਦਰ ਨੂੰ ਪ੍ਰਭਾਵਿਤ ਕਰਦਾ ਹੈ। ਲਘੂ, ਛੋਟੀਆਂ ਤੇ ਦਰਮਿਆਨੀਆਂ ਸਨਅਤੀ ਇਕਾਈਆਂ ਦਾ ਖੇਤਰ ਨੋਟਬੰਦੀ ਤੇ ਕੋਵਿਡ-19 ਦੇ ਝਟਕਿਆਂ ਦਾ ਝੰਬਿਆ ਹੋਇਆ ਹੈ, ਪਰ ਇਸ ਖੇਤਰ ਨੂੰ ਉੱਪਰ ਉਠਾਉਣ ਦੇ ਸਾਰੇ ਯਤਨਾਂ ਦੇ ਬਾਵਜੂਦ ਐੱਮ.ਐੱਸ. ਐੱਮ.ਈ. ਖੇਤਰ ਘੱਟ ਉਤਪਾਦਨ ਦਰ ਅਤੇ ਘੱਟ ਉਜਰਤਾਂ ਕਾਰਨ ਇੰਛਿਤ ਸਿੱਟੇ ਦੇਣ 'ਚ ਅੱਖ ਅਨੁਭਵ ਕਰ ਰਿਹਾ ਹੈ। ਸਿੱਟੇ ਵਜੋ ਨਿਰਮਾਣ ਖੇਤਰ ਵਿੱਚ ਅਸੀ ਆਪਣੇ ਟੀਚਿਆਂ ਤੋ ਬਹੁਤ ਪਿਛਾਂਹ ਹਾਂ। ਖੇਤੀਬਾੜੀ ਖੇਤਰ, ਕਿਸਾਨ ਕਲਿਆਣ ਯੋਜਨਾਵਾਂ ਅਤੇ ਖੇਤੀ ਖੋਜ ਤੇ ਪਸਾਰ ਉੱਪਰ 2024-25 ਦੇ ਸਾਲ ਨਾਲੋ 2025-26 ਵਿੱਚ 3,905 ਕਰੋੜ ਰੁਪਏ ਘਟਾ ਦਿੱਤੇ ਗਏ ਹਨ। ਕੇਦਰੀ ਖੇਤੀਬਾੜੀ ਮੰਤਰੀ ਸ਼ਿਵ ਰਾਜ ਚੌਹਾਨ ਦੇ ਕਾਰਜਕਾਲ 'ਚ ਖੇਤੀਬਾੜੀ ਤੇ ਪੇਡੂ ਵਿਕਾਸ 'ਚ 60,052 ਕਰੋੜ ਰੁਪਏ ਦੀ ਕੁੱਲ ਕਟੌਤੀ ਕੀਤੀ ਗਈ ਹੈ। ਕਿਸਾਨਾਂ 'ਤੇ ਕਰਜ਼ਾ ਬੋਝ ਘਟਾਉਣ ਦੀ ਥਾਂ ਕਿਸਾਨ ਕਰੈਡਿਟ ਕਾਰਡ ਦੀ ਲਿਮਟ ਤਿੰਨ ਲੱਖ ਰੁਪਏ ਤੋ ਵਧਾ ਕੇ ਪੰਜ ਲੱਖ ਰੁਪਏ ਕਰ ਦਿੱਤੀ ਗਈ ਹੈ। ਸਿੱਟੇ ਵਜੋ ਕਿਸਾਨਾਂ ਸਿਰ ਕਰਜ਼ਾ ਹੋਰ ਵਧੇਗਾ ਅਤੇ ਖ਼ੁਦਕੁਸ਼ੀਆਂ ਦੀ ਖੇਤੀ ਹੋਰ ਪ੍ਰਫੁੱਲਿਤ ਹੋਵੇਗੀ। ਪੀਣ ਯੋਗ ਸਾਫ਼-ਸ਼ੁੱਧ ਪਾਣੀ ਨਿਰੰਤਰ ਘਟ ਰਿਹਾ ਹੈ। ਧਰਤੀ ਹੇਠਲੇ ਪਾਣੀ ਦੀ ਅੰਨ੍ਹੇਵਾਹ ਵਰਤੋ ਅਤੇ ਮੀਹ ਦੇ ਪਾਣੀ ਦੀ ਉੱਚਿਤ ਸਾਭ-ਸੰਭਾਲ ਨਾ ਹੋਣ ਕਰਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਹਰ ਸਾਲ ਹੋਰ ਹੇਠਾਂ ਜਾ ਰਿਹਾ ਹੈ। ਤਿੱਖੀਆਂ ਵਾਤਾਵਰਣਕ ਅਤੇ ਮੌਸਮੀ ਤਬਦੀਲੀਆਂ ਕਾਰਨ ਸੋਕੇ ਪੈ ਰਹੇ ਹਨ ਜਾਂ ਭਿਆਨਕ ਹੜ੍ਹ ਆ ਰਹੇ ਹਨ। ਦੋਵਾਂ ਸਥਿਤੀਆਂ 'ਚ ਕਿਸਾਨ, ਗਰੀਬ ਤੇ ਹੋਰ ਮਿਹਨਤਕਸ਼ ਲੋਕ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ। ਕੁੱਲ ਮਿਲਾ ਕੇ ਸਿੱਟੇ ਬੇਹੱਦ ਖ਼ਤਰਨਾਕ ਹਨ। ਸਾਲ 1961 ਵਿੱਚ ਭਾਰਤ ਦੇ ਹਰੇਕ ਨਾਗਰਿਕ ਲਈ ਪੰਜ ਹਜ਼ਾਰ ਕਿਊਬਿਕ ਮੀਟਰ ਪਾਣੀ ਉਪਲੱਬਧ ਸੀ ਜੋ 60 ਸਾਲ ਬਾਅਦ 2021 'ਚ ਘਟ ਕੇ 1486 ਕਿਊਬਿਕ ਮੀਟਰ ਰਹਿ ਗਿਆ। ਸਿੱਖਿਆ, ਸਿਹਤ ਤੇ ਪੇਡੂ ਵਿਕਾਸ ਅਤੇ ਲੋਕ ਕਲਿਆਣ ਉੱਪਰ ਖ਼ਰਚਾ ਲਗਾਤਾਰ ਘਟ ਰਿਹਾ ਹੈ। ਸਰਕਾਰਾਂ ਸਿੱਖਿਆ ਦੇ ਸਿਹਤ ਆਦਿ ਬੁਨਿਆਦੀ ਖ`ਤਰਾਂ ਦਾ ਅੰਨ੍ਹੇਵਾਹ ਨਿੱਜੀਕਰਨ ਤੇ ਨਿਰਲੱਜ ਵਪਾਰੀਕਰਨ ਕਰ ਰਹੀਆਂ ਹਨ। ਪ੍ਰਾਈਵੇਟ ਸਿੱਖਿਆ ਅਤੇ ਸਿਹਤ ਸੇਵਾਵਾਂ ਗਰੀਬ ਲੋਕਾਂ ਦੀ ਪਹੁੰਚ ਤੋ ਦੂਰ ਹੋ ਰਹੀਆਂ ਹਨ। ਔਰਤਾਂ, ਵਿਸ਼ੇਸ਼ ਕਰਕੇ ਗਰੀਬ ਵਰਗਾਂ (ਅਨੁਸੂਚਿਤ ਜਾਤੀਆਂ, ਜਨਜਾਤੀਆਂ ਤੇ ਕਬਾਇਲੀ-ਆਦਿਵਾਸੀ) ਦੀਆਂ ਔਰਤਾਂ, ਗਰੀਬਾਂ, ਬਜ਼ੁਰਗਾਂ ਅੰਗਹੀਣਾਂ ਤੇ ਬਿਮਾਰਾਂ ਆਦਿ ਲਈ ਆਰਥਿਕ-ਸਮਾਜਿਕ ਸੁਰੱਖਿਆ ਕਵਰ ਦੀ ਵਿਆਪਕ ਅਣਹੋਦ ਹੈ। ਗਲ-ਗਲ ਤੱਕ ਧਸਿਆ ਭ੍ਰਿਸ਼ਟਾਚਾਰ ਗਰੀਬਾਂ, ਬੇਰੁਜ਼ਗਾਰਾਂ ਤੇ ਹਾਸ਼ੀਏ 'ਤੇ ਧੱਕੇ ਲੋਕਾਂ ਦਾ ਕਾਫ਼ੀਆ ਹੋਰ ਤੰਗ ਕਰ ਰਿਹਾ ਹੈ। ਨਿਰੰਤਰ ਵਧ ਰਹੀ ਮਹਿੰਗਾਈ ਭਾਰਤ ਦੀ ਹੇਠਲੀ ਦੇ ਤਿਹਾਈ ਵੱਸੋ ਨੂੰ ਬੁਰੀ ਤਰ੍ਹਾਂ ਕੋਹ ਰਹੀ ਹੈ। ਬੇਕਾਬੂ ਅਮਨ-ਕਾਨੂੰਨ ਦੀ ਸਥਿਤੀ ਅਤੇ ਵਧਦਾ ਸਰੀਰਕ ਸ਼ੋਸ਼ਣ ਹੇਠਲੇ ਵਰਗਾਂ ਨੂੰ ਹੀ ਸੱਟ ਮਾਰਦਾ ਹੈ। ਉਕਤ ਤੋ ਛੁੱਟ ਸਿੱਧਾ ਵਿਦੇਸ਼ੀ ਨਿਵੇਸ਼ ਘਟ ਰਿਹਾ ਹੈ। ਪ੍ਰਾਈਵੇਟ ਨਿਵੇਸ਼ ਵੀ ਵਧ ਨਹੀ ਰਿਹਾ। ਸਰਕਾਰੀ ਦਾਅਵਿਆਂ ਦੇ ਬਾਵਜੂਦ ਜਨਤਕ ਨਿਵੇਸ਼ ਵੀ ਲੋੜੀਦੀ ਮਾਤਰਾ 'ਚ ਵਧ ਨਹੀ ਰਿਹਾ, ਇਸ ਦੇ ਉਲਟ ਸਟਾਕ ਮਾਰਕੀਟ ਦੀ ਅਸਥਿਰਤਾ ਕਾਰਨ ਵਿਦੇਸ਼ੀ ਨਿਵੇਸ਼ਕ ਆਪਣਾ ਧਨ ਕੱਢ ਰਹੇ ਹਨ। ਨਿਵੇਸ਼ ਘਟਣ ਤੇ ਅੰਤਰ-ਰਾਸ਼ਟਰੀ ਅਸਥਿਰਤਾ ਕਾਰਨ ਤਿੰਨ-ਚਾਰ ਪ੍ਰਭਾਵ ਪ੍ਰਤੱਖ ਨਜ਼ਰ ਆ ਰਹੇ ਹਨ। (ੳ) ਬੁਨਿਆਦੀ ਢਾਂਚੇ ਅਤੇ ਜ਼ਰੂਰੀ ਸੇਵਾਵਾਂ ਦੀ ਮੰਗ ਤੇ ਸਪਲਾਈ ਦੇ ਵਿਚਕਾਰ ਵੱਡੇ ਪਾੜੇ ਸਪੱਸ਼ਟ ਨਜ਼ਰ ਆ ਰਹੇ ਹਨ। (ਅ) ਘਰੇਲੂ ਮੰਗ 'ਚ ਜਾਂ ਤਾ ਖੜੋਤ ਹੈ ਜਾਂ ਵਾਧਾ ਬੇਹੱਦ ਮਾਮੂਲੀ ਹੈ। (ੲ) ਰੁਪਏ ਦੀ ਕੀਮਤ ਲਗਾਤਾਰ ਡਿੱਗ ਰਹੀ ਹੈ ਅਤੇ ਇਹ ਡਾਲਰ ਦੇ ਮੁਕਾਬਲੇ ਅਪਰੈਲ 2026 ਦੇ ਪਹਿਲੇ ਹਫ਼ਤੇ 'ਚ 94 ਰੁਪਏ ਦੇ ਨੇੜੇ-ਤੇੜੇ ਬਣੀ ਹੋਈ ਹੈ (ਸ) ਭਾਰਤੀ ਵਿਕਾਸ ਦਰ ਹੌਲੀ ਹੈ ਅਤੇ 2047 ਤੱਕ ਵਿਕਸਤ ਭਾਰਤ ਬਣਨ ਲਈ ਲੋੜੀਦੀ 10-12% ਦਰ ਤੋ ਬਹੁਤ ਘੱਟ ਹੈ। ਸਿੱਟੇ ਵਜੋ ਸਵੈ-ਨਿਰਭਰਤਾ ਦੇ ਸਾਰੇ ਵੱਡੇ-ਵੱਡੇ ਦਾਅਵਿਆਂ ਤੇ ਵਾਅਦਿਆਂ ਦੇ ਬਾਵਜੂਦ ਭਾਰਤ ਖਾਣ ਵਾਲੇ ਤੇਲ, ਪੈਟਰੋਲ ਤੇ ਡੀਜ਼ਲ, ਦਾਲਾਂ ਤੇ ਸੈਨਿਕ ਸਾਜ਼ੋ ਸਾਮਾਨ ਦਾ ਦੁਨੀਆ ਵਿੱਚ ਦੂਜਾ ਵੱਡਾ ਦਰਾਮਦਕਾਰ ਹੈ। ਰੱਖਿਆ ਖੇਤਰ ਵਿੱਚ ਸਾਡਾ ਖਰਚਾ ਸਥਿਰ ਬਣਿਆ ਹੋਇਆ ਹੈ। ਸੈਟਰਲ ਇਲੈਕਟ੍ਰੀਸਿਟੀ ਅਥਾਰਟੀ ਅਨੁਸਾਰ ਦੇਸ਼ ਦੀ ਮਾਸਿਕ ਨਵਿਆਉਣਯੋਗ ਊਰਜਾ ਦਾ ਹਿੱਸਾ (ਪਣ ਬਿਜਲੀ, ਹਵਾ/ਪੌਣ ਅਤੇ ਸੂਰਜੀ) ਫਰਵਰੀ 2026 ਵਿੱਚ 22.73% ਸੀ ; ਤਾਪ ਊਰਜਾ ਦਾ ਹਿੱਸਾ 73.98% ਸੀ, ਜੋ ਸਭ ਤੋ ਵੱਧ ਸੀ ਅਤੇ ਪਰਮਾਣੂ ਊਰਜਾ ਦਾ ਹਿੱਸਾ ਕੇਵਲ 3.37% ਸੀ। ਇਸ ਦੇ ਮੁਕਾਬਲੇ ਫਰਵਰੀ 2025 ਵਿੱਚ ਨਵਿਆਉਣਯੋਗ ਊਰਜਾ ਦਾ ਹਿੱਸਾ 26.16% ਸੀ। ਸਪੱਸ਼ਟ ਹੈ ਕਿ ਇੱਕ ਸਾਲ ਵਿੱਚ ਨਵਿਆਉਣਯੋਗ ਊਰਜਾ ਦਾ ਹਿੱਸਾ ਲਗਭਗ 3.5% ਘਟ ਗਿਆ ਹੈ। ਇਹ ਹਿੱਸਾ ਘਟਣ ਦੀ ਬਜਾਏ ਵਧਣਾ ਚਾਹੀਦਾ ਸੀ। ਦੂਜੇ ਪਾਸੇ ਤਾਪ ਊਰਜਾ ਦਾ ਫਰਵਰੀ 2025 ਵਿੱਚ ਹਿੱਸਾ 70.40% ਸੀ। ਬਦਕਿਸਮਤੀ ਨੂੰ ਊਰਜਾ ਦਾ ਇਹ ਹਿੱਸਾ ਘਟਣ ਦੀ ਥਾਂ 3.58% ਵਧ ਗਿਆ। ਸਪੱਸ਼ਟ ਹੈ ਕਿ ਇਸ ਨਾਲ ਤਪਸ਼ ਅਤੇ ਪ੍ਰਦੂਸ਼ਣ 'ਚ ਹੋਰ ਵਾਧਾ ਹੋਵੇਗਾ। ਉਦਾਹਰਨ ਹਿੱਤ ਵੱਖ-ਵੱਖ ਖੇਤਰਾਂ ਵਿੱਚ ਫਿਰਕੂ, ਜਾਤ-ਪਾਤੀ ਤੇ ਭਾਸ਼ਾਈ ਤਣਾਅ ਤੇ ਟਕਰਾਅ ਵਧ ਰਿਹਾ ਹੈ। ਚੋਣ ਕਮਿਸ਼ਨ ਸੱਤਾ ਦੇ ਇਸ਼ਾਰਿਆਂ 'ਤੇ ਕੰਮ ਕਰ ਰਿਹਾ ਹੈ। ਇਸ ਸੰਵਿਧਾਨਕ ਸੰਸਥਾ ਦੀ ਨਿਰਪੱਖਤਾ ਤੇ ਭਰੋਸੇਯੋਗਤਾ ਹੇਠਲੇ ਸਤਰ 'ਤੇ ਹੈ। ਚੋਣ-ਧਾਂਦਲੀਆਂ ਤੇ ਲੋਕ ਪ੍ਰਤੀਨਿਧੀਆਂ ਦੀ ਖਰੀਦ-ਫਰੋਖਤ ਰਾਹੀ ਅਸਹਿਮਤੀ ਨੂੰ ਉਧਾਲਿਆ ਜਾ ਰਿਹਾ ਹੈ। ਨਿਆਂਪਾਲਿਕਾ ਦੇ ਲੋਕ ਵਿਰੋਧੀ ਫੈਸਲੇ ਅਤੇ ਸੱਤਾ ਦੇ ਇਸ਼ਾਰਿਆਂ 'ਤੇ ਕੰਮ ਕਰਨ ਦੀ ਸ਼ੈਲੀ ਭਾਰਤੀ ਲੋਕਾਂ ਦੀ ਬਚੀ-ਖੁਚੀ ਆਸ-ਉਮੀਦ ਨੂੰ ਮਿੱਟੀ 'ਚ ਮਿਲਾ ਰਹੀ ਹੈ। ਹਰ ਖੇਤਰ 'ਚ ਵਧ ਰਹੀਆਂ ਅਸਮਾਨਤਾਵਾਂ ਤੇ ਪੌੜੀ ਦੇ ਨਿਚਲੇ ਡੰਡਿਆਂ 'ਤੇ ਖੜ੍ਹੇ ਲੋਕਾਂ ਦੀ ਵਿਗੜਦੀ ਹਾਲਤ ਭਾਰਤ ਦੀ ਏਕਤਾ ਤੇ ਅਖੰਡਤਾ ਲਈ ਵੀ ਖ਼ਤਰਾ ਬਣ ਸਕਦੀ ਹੈ। ਇਸ ਤੋ ਛੁੱਟ ਉਕਤ ਸਾਰਾ ਕੁਝ ਭਾਰਤੀ ਗਣਤੰਤਰ ਦੀ ਮਜ਼ਬੂਤੀ ਤੇ ਸਫਲਤਾ ਦੇ ਦਾਅਵਿਆਂ

ਬਿਜਲੀ ਵਿਭਾਗ ਦੇ ਮੁਲਾਜ਼ਮਾ ਨੇ ਵਿਭਾਗ ਤੇ ਪੰਜਾਬ ਸਰਕਾਰ ਖਿਲਾਫ ਕੀਤਾ ਰੋਸ ਪ੍ਰਦਰਸ਼ਨ



ਬੁਲ੍ਹੋਵਾਲ 28 ਅਪ੍ਰੈਲ ਕਮਲਜੀਤ :ਪੀ.ਐਸ.ਪੀ.ਸੀ.ਐਲ ਸਬ ਡਵੀਜਨ ਹਰਿਆਣਾ ਵਿਖੇ ਜੁਆਇੰਟ ਫੋਰਸ ਦੇ ਸੱਦੇ ਤੇ ਰੈਲੀ ਕੀਤੀ ਗਈ। ਜਿਸ ਵਿੱਚ ਇੰਪਲਾਈਜ਼ ਫੈਡਰੇਸ਼ਨ ਪਹਿਲਵਾਲ ਦੇ ਪ੍ਰਧਾਨ ਜਸਵਿੰਦਰ ਸਿੰਘ , ਬਘੇਲ ਸਿੰਘ ਪ੍ਰਧਾਨ ਟੀ.ਐਸ.ਯੂ , ਮਨਜੀਤ ਸਿੰਘ ਪ੍ਰਧਾਨ ਏਟਕ, ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਦੇ ਨਿਕੰਮੇ ਪ੍ਰਬੰਧਾਂ ਕਾਰਨ ਪੰਜਾਬ ਅੰਦਰ ਬਿਜਲੀ ਦੇ ਲੱਗ ਰਹੇ ਕੱਟਾਂ ਕਾਰਨ ਲੋਕ ਪ੍ਰੇਸ਼ਾਨ ਹੋ ਰਹੇ ਹਨ ਤੇ ਲੋਕਾਂ ਵੱਲੋਂ ਬਿਜਲੀ ਦੇ ਲੱਗ ਰਹੇ ਕੱਟਾਂ ਕਾਰਨ ਬਿਜਲੀ ਗਰਿਡਾਂ ਦਾ ਘਿਰਾਓ ਕੀਤਾ ਜਾ ਰਿਹਾ ਹੈ ਤੇ ਬਿਜਲੀ ਮੁਲਾਜਮਾਂ ਨਾਲ ਲੋਕਾ ਵੱਲੋ ਦੁਰਵਿਹਾਰ ਕੀਤਾ ਜਾ ਰਿਹਾ ਹੈ ।ਉਨ੍ਹਾਂ ਕਿਹਾ ਕਿ ਮੁਲਾਜਮਾਂ ਵੱਲੋਂ ਅੱਠ ਘੰਟੇ ਕੰਮ ਕਰਨ ਤੇ ਲੁਧਿਆਣਾ ਵਿੱਚ ਬਿਜਲੀ ਮੁਲਾਜਮਾਂ ਵੱਲੋਂ ਸ਼ਿਫਟ ਡਿਊਟੀ ਕਰਨ ਦਾ ਬਿਜਲੀ ਨਿਗਮ ਦੀ ਮੈਨੇਜਮੈਂਟ ਵੱਲੋਂ ਦਬਾਅ ਬਣਾਇਆ ਜਾ ਰਿਹਾ ਹੈ ।ਉਨ੍ਹਾਂ ਕਿਹਾ ਕਿ ਜੇਕਰ ਬਿਜਲੀ ਮੁਲਾਜਮ ਅਜਿਹਾ ਕਰਨ ਤੋਂ ਇਨਕਾਰ ਕਰਦੇ ਹਨ ਤਾ ਉਨ੍ਹਾਂ ਨੂੰ ਬਿਜਲੀ ਨਿਗਮ ਦੀ ਮੈਨੇਜਮੈਂਟ ਵੱਲੋਂ ਮੁਲਾਜਮਾ ਨੂੰ ਮੁਅੱਤਲਕੀਤਾ ਜਾ ਰਿਹਾ ਹੈ ਜਿਸ ਦਾ ਬਿਜਲੀ ਮੁਲਾਜਮਾ ਵਿੱਚ ਭਾਰੀ ਰੋਸ ਹੈ । ਜਿਸ ਕਰਕੇ ਮੁਲਾਜਮਾ ਵਿੱਚ ਭਾਰੀ ਰੋਸ ਹੈ । ਇਸ ਮੌਕੇ ਸਿਮਰਨਜੀਤ ਸਿੰਘ ਮੀਤ ਪ੍ਰਧਾਨ , ਇੰਜ ਕੁਲਵੀਰ ਸਿੰਘ ,ਇੰਜ. ਕਰਨ ਐਡੀਸ਼ਨਲ ਐੱਸ.ਡੀ.ਓ,ਅਮਨਪ੍ਰੀਤ ਸਿੰਘ ਐਲਡੀ ਸੀ ,ਬਲਵਿੰਦਰ ਕੌਰ ਯੂ ਡੀ ਸੀ ,ਸੁਨੀਲ ਪਾਂਡੇ ਕੈਸ਼ੀਅਰ ,ਨਰਿੰਦਰ ਕੁਮਾਰ ਜੇਈ,ਰਮਤੇਜ ਸਿੰਘ ਸਲਾਹਕਾਰ,ਰਵਿੰਦਰ ਸਿੰਘ ,ਸੰਦੀਪ ਕੁਮਾਰ ਲਾਈਨਮੈਨ,ਜਸਵੀਰ ਸਿੰਘ ਲਾਈਮੈਂ ,ਸੁਰਜੀਤ ਸਿੰਘ ਲਾਈਨਮੈਨ,ਰਵਿੰਦਰ ਸਿੰਘ ਐਸਐਸਏ, ਸੰਦੀਪ ਪਾਲ ਸਿੰਘ ਐੱਸ ਐੱਸਏ ਅਤੇ ਹੋਰ ਸਟਫ ਮੌਜੂਦ ਸੀ ।

ਮੁੜ ਵਸੇਬਾ ਕੇਂਦਰ ਵਿੱਚ ਕਿੱਤਾ ਮੁਖੀ ਕੋਰਸ ਕਰਵਾਏ ਜਾਣ : ਪੂਜਾ ਸਿਆਲ ਗਰੇਵਾਲ

ਵਧੀਕ ਡਿਪਟੀ ਕਮਿਸ਼ਨਰ ਨੇ ਜਿਲਾ ਸਿਹਤ ਸੁਸਾਇਟੀ ਦੀ ਮਹੀਨਾਵਾਰ ਮੀਟਿੰਗ ਕੀਤੀ



ਫਤਿਹਗੜ੍ਹ ਸਾਹਿਬ : 28 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ)ਵਧੀਕ ਡਿਪਟੀ ਕਮਿਸ਼ਨਰ (ਜ) ਪੂਜਾ ਸਿਆਲ ਗਰੇਵਾਲ ਨੇ ਜਿਲਾ ਸਿਹਤ ਸੁਸਾਇਟੀ ਦੀ ਮਹੀਨਾਵਾਰ ਮੀਟਿੰਗ ਕੀਤੀ । ਇਸ ਮੀਟਿੰਗ ਵਿੱਚ ਸਿਹਤ ਵਿਭਾਗ ਦੇ ਵੱਖ-ਵੱਖ ਮੁੱਦਿਆਂ ਅਤੇ ਪ੍ਰਾਪਤੀਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਏ.ਡੀ.ਸੀ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਸ਼ਾ ਪੀੜਿਤ ਵਿਅਕਤੀਆਂ ਦੀ ਨਸ਼ਾ ਛੱਡਣ ਵਿੱਚ ਹਰ ਸੰਭਵ ਮਦਦ ਕੀਤੀ ਜਾਵੇ ਅਤੇ ਮੁੜ ਵਸੇਬਾ ਕੇਂਦਰ ਵਿੱਚ ਦਾਖਲ ਵਿਅਕਤੀਆਂ ਨੂੰ ਕਰਵਾਏ ਜਾ ਰਹੇ ਕਿੱਤਾ ਮੁਖੀ ਕੋਰਸਾਂ ਵਿੱਚ ਹੋਰ ਵਾਧਾ ਕੀਤਾ ਜਾਵੇ। ਉਹਨਾਂ ਮੌਕੇ ਤੇ ਹੀ ਇੰਸਟਰਕਟਰ ਨੂੰ ਬੁਲਾ ਕੇ ਹਦਾਇਤ ਕੀਤੀ ਕਿ ਕੇਂਦਰ ਵਿੱਚ ਦਾਖਲ 20-20 ਵਿਅਕਤੀਆਂ ਦਾ ਗਰੁੱਪ ਬਣਾ ਕੇ ਉਹਨਾਂ ਨੂੰ ਕੈਂਡਲ ਮੇਕਿੰਗ , ਬਾਸਕਿਟ ਮੇਕਿੰਗ, ਚਾਰਟ ਮੇਕਿੰਗ, ਪਲੰਬਰ, ਇਲੈਕਟਰੀਸ਼ਨ ਅਤੇ ਹੋਰ ਕਿੱਤਾ ਮੁਖੀ ਕੋਰਸ ਕਰਵਾਏ ਜਾਣ ਤਾਂ ਕਿ ਉਹ ਜੀਵਨ ਦੀ ਮੁੱਖ ਧਾਰਾ ਵਿੱਚ ਸ਼ਾਮਿਲ ਹੋਕੇ ਆਪਣਾ ਕਾਰੋਬਾਰ ਸ਼ੁਰੂ ਕਰ ਸਕਣ । ਉਹਨਾਂ ਵੱਖ-ਵੱਖ ਸਿਹਤ ਪ੍ਰੋਗਰਾਮਾਂ ਤੇ ਚਰਚਾ ਕਰਦਿਆਂ ਸਿਵਲ ਸਰਜਨ ਡਾ ਅਰਵਿੰਦ ਪਾਲ ਸਿੰਘ ਨੂੰ ਕਿਹਾ ਕਿ ਵਿਭਾਗ ਵੱਲੋਂ ਨਿਰਧਾਰਤ ਟੀਚੇ ਸਮੇਂ ਸਿਰ ਪੂਰੇ ਕੀਤੇ ਜਾਣ, ਆਮ ਲੋਕਾਂ ਨੂੰ ਖਾਣ ਪੀਣ ਦੀਆਂ ਸ਼ੁੱਧ ਤੇ ਮਿਆਰੀ ਵਸਤਾਂ ਉਪਲਬਧ ਕਰਾਉਣ ਲਈ ਹਲਵਾਈ ਦੀਆਂ ਦੁਕਾਨਾਂ , ਡੇਅਰੀਆਂ , ਢਾਬਿਆਂ, ਰੈਸਟੋਰੈਂਟਾਂ , ਮੈਰਿਜ ਪੈਲਸਾਂ ਆਦਿ ਤੇ ਫੂਡ ਸੈਂਪਲਿੰਗ ਵਧਾਈ ਜਾਵੇ। ਉਹਨਾਂ ਵੱਖ-ਵੱਖ ਹੋਰ ਪ੍ਰੋਗਰਾਮਾਂ ਜਿਵੇਂ ਸਰਕਾਰੀ ਸੰਸਥਾਵਾਂ ਵਿੱਚ ਜਣੇਪਾ, ਜਨਨੀ ਸ਼ਿਸ਼ੂ ਸੁਰੱਖਿਆ ਕਾਰਿਆ ਕਰਮ, ਪ੍ਰਧਾਨ ਮੰਤਰੀ ਸੁਰੱਖਿਤ ਮਾਤਰੀਤਵ ਅਭਿਆਨ, ਹੋਮ ਡਿਲੀਵਰੀਆ, ਮਟਰਨਲ ਡੈਥ ਰਿਵਿਊ, ਨੈਸ਼ਨਲ ਪ੍ਰੋਗਰਾਮ ਫਾਰ ਨਾਨ ਕਮਿਊਨੀਕੇਬਲ ਡਿਜੀਬਜ, ਪੀਸੀ ਪੀਐਨਡੀਟੀ, ਆਰਬੀਐਸਕੇ ਪ੍ਰੋਗਰਾਮ, ਡਰੱਗ ਡੀ ਅਡਿਕਸ਼ਨ, ਬਲਾਇੰਡਨੈਸ ਪ੍ਰੋਗਰਾਮ, ਮੁੱਖ ਮੰਤਰੀ ਸਿਹਤ ਯੋਜਨਾ, ਆਮ ਆਦਮੀ ਕਲੀਨਿਕ, ਕਾਇਆ ਕਲਪ, ਟੀਬੀ ਕੰਟਰੋਲ ਪ੍ਰੋਗਰਾਮ, ਵੈਕਟਰ ਬੋਰਨ ਤੇ ਵਾਟਰ ਡਿਜੀਜ ਕੰਟਰੋਲ ਪ੍ਰੋਗਰਾਮ ਆਦਿ ਤੋਂ ਇਲਾਵਾ ਹੋਰ ਪ੍ਰੋਗਰਾਮਾਂ ਦੀ ਵੀ ਸਮੀਖਿਆ ਕੀਤੀ। ਉਹਨਾਂ ਜਿਲੇ ਅੰਦਰ ਸਿਹਤ ਕੇਂਦਰਾਂ ਦੀਆਂ ਉਸਾਰੀ ਅਧੀਨ ਬਿਲਡਿੰਗ ਨੂੰ ਜਲਦੀ ਤੋਂ ਜਲਦੀ ਮੁਕੰਮਲ ਕਰਨ/ ਕਰਾਉਣ ਦੀ ਹਦਾਇਤ ਕੀਤੀ। ਉਹਨਾਂ ਜ਼ਿਲਾ ਹਸਪਤਾਲ ਅਤੇ ਰੀਹੈਬ ਸੈਂਟਰ ਦੇ ਸੀਵਰੇਜ ਦੀ ਸਫਾਈ ਸਬੰਧੀ ਵੀ ਸਬੰਧਤ ਵਿਭਾਗ ਨੂੰ ਕਿਹਾ।ਇਸ ਮੌਕੇ ਤੇ ਸਹਾਇਕ ਸਿਵਲ ਸਰਜਨ ਡਾ ਕੰਵਲਦੀਪ ਸਿੰਘ, ਜ਼ਿਲਾ ਟੀਕਾਕਰਨ ਅਫਸਰ ਡਾ ਰਾਜੇਸ਼ ਕੁਮਾਰ, ਡੀਐਮਸੀ ਡਾ ਸਰਿਤਾ , ਡੀਡੀਐਚਓ ਡਾ ਪਾਰੁਲ ਗੁਪਤਾ, ਡੀਪੀਐਮ ਡਾ ਕਸੀਤਿਜ ਸੀਮਾ ,ਜ਼ਿਲਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ, ਜਸਵਿੰਦਰ ਕੌਰ ਤੋਂ ਇਲਾਵਾ ਜ਼ਿਲੇ ਦੇ ਸਮੂਹ ਸੀਨੀਅਰ ਮੈਡੀਕਲ ਅਫਸਰ ਅਤੇ ਵੱਖ-ਵੱਖ ਵਿਭਾਗਾ ਦੇ ਮੁਖੀ ਹਾਜ਼ਰ ਸਨ।

ਮਿਡ ਡੇਅ ਮੀਲ ਵਰਕਰਜ਼ ਯੂਨੀਅਨ ਨੇ ਮੁੱਖ ਮੰਤਰੀ ਨੂੰ ਮਾਣਭੱਤੇ ਵਿੱਚ ਵਾਧਾ ਕਰਨ ਲਈ ਮੰਗ ਪੱਤਰ ਭੇਜਿਆ



ਧਾਰੀਵਾਲ 28 ਅਪ੍ਰੈਲ (ਅਸ਼ੋਕ ਕੁਮਾਰ) ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਨਿਗੂਣੇ ਜਿਹੇ ਮਾਣਭੱਤੇ ਉੱਤੇ ਖਾਣਾ ਬਣਾਉਣ ਵਾਲੇ ਵਰਕਰਾਂ ਦੀ ਮਿਡ ਡੇਅ ਮੀਲ ਵਰਕਰਜ਼ ਯੂਨੀਅਨ ਬਟਾਲਾ ਦੇ ਅਹੁਦੇਦਾਰਾਂ ਭੈਣ ਨੀਲਮ ਅਤੇ ਭੈਣ ਹਰਭਜਨ ਕੌਰ ਦੀ ਅਗਵਾਈ ਵਿੱਚ ਵਿਧਾਇਕ ਹਲਕਾ ਬਟਾਲਾ ਸ਼੍ਰੀ ਅਮਨਸ਼ੇਰ ਸਿੰਘ ਕਲਸੀ ਜੀ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮਾਣਭੱਤੇ ਵਿੱਚ ਵਾਧਾ ਕਰਨ ਲਈ ਮੰਗ ਪੱਤਰ ਭੇਜਿਆ ਗਿਆ । ਮੰਗ ਪੱਤਰ ਪ੍ਰਾਪਤ ਕਰਦਿਆਂ ਪੀ.ਏ. ਨੀਤੂ ਬਾਲਾ ਜੀ ਨੇ ਵਿਧਾਇਕ ਬਟਾਲਾ ਵੱਲੋਂ ਮੰਗ ਪੱਤਰ ਭੇਜਣ ਅਤੇ ਮਾਣਭੱਤੇ ਵਿੱਚ ਵਾਧੇ ਲਈ ਸਿਫਾਰਿਸ਼ ਕਰਨ ਦਾ ਭਰੋਸਾ ਦਿੱਤਾ । ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਆਗੂਆਂ ਰਮੇਸ਼ ਤਾਲੋਤਰਾ, ਗੁਰਪ੍ਰੀਤ ਸਿੰਘ ਰੰਗੀਲਪੁਰ, ਸੁਖਵਿੰਦਰ ਸਿੰਘ ਅਤੇ ਪਤਵਿੰਦਰ ਸਿੰਘ ਨੇ ਕਿਹਾ ਪੰਜਾਬ ਸਰਕਾਰ ਨੂੰ ਇਹਨਾਂ ਗਰੀਬ ਪਰਿਵਾਰ ਦੇ ਵਰਕਰਾਂ ਦੇ ਨਿਗੂਣੇ ਮਾਣਭੱਤੇ ਵਿੱਚ ਵਾਧਾ ਕਰਕੇ ਇਹਨਾਂ ਦੀ ਬਾਂਹ ਫੜ੍ਹਨੀ ਚਾਹੀਦੀ ਹੈ । ਹੁਣ ਤੱਕ ਕਿਸੇ ਸਰਕਾਰ ਨੇ ਵੀ ਇਹਨਾਂ ਗਰੀਬ ਵਰਕਰਾਂ ਦੀ ਸਾਰ ਨਹੀਂ ਲਈ । ਇਹ ਵਰਗ ਮਾਣਭੱਤੇ ਵਿੱਚ ਵਾਧੇ ਦਾ ਹੱਕਦਾਰ ਹੈ ਕਿਉਂਕਿ ਇਹਨਾਂ ਮਿਡ ਡੇਅ ਮੀਲ ਵਰਕਰਾਂ ਦਾ ਕੰਮ ਅਤੇ ਜਿੰਮੇਵਾਰੀ ਬਹੁਤ ਵੱਡੀ ਹੈ।

42ਵੇਂ ਘੱਲੂਘਾਰਾ ਦਿਵਸ ਨੂੰ ਸਮਰਪਿਤ ਗੁਰਮਤਿ ਸਮਾਗਮਾਂ ਦੀ ਆਰੰਭਤਾ 1 ਮਈ ਤੋਂ

ਚੌਕ ਮਹਿਤਾ, 28 ਅਪ੍ਰੈਲ (ਬਲਜਿੰਦਰ ਸਿੰਘ ਰੰਧਾਵਾ)ਜੂਨ '84 ਤੀਸਰੇ ਘੱਲੂਘਾਰੇ ਦੀ ਯਾਦ 'ਚ ਹਰ ਸਾਲ ਦੀ ਤਰ੍ਹਾਂ 6 ਜੂਨ ਨੂੰ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ ਪ੍ਰਧਾਨ ਸੰਤ ਸਮਾਜ ਦੀ ਰਹਿਨੁਮਾਈ ਹੇਠ ਦਮਦਮੀ ਟਕਸਾਲ ਦੇ ਹੈੱਡ ਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਹੋਣ ਜਾ ਰਹੇ 42 ਵੇਂ ਸ਼ਹੀਦੀ ਜੋੜ ਮੇਲੇ ਦੀਆਂ ਤਿਆਰੀਆਂ ਆਰੰਭ ਹੋ ਚੁੱਕੀਆ ਹਨ।ਇਸ ਦੌਰਾਨ ਵੱਖ ਵੱਖ ਨਗਰਾਂ 'ਚ ਮਹੀਨਾ ਭਰ ਸਜਾਏ ਜਾਣ ਵਾਲੇ ਸ਼ਬਦ-ਕੀਰਤਨ ਤੇ ਕਥਾ ਸਮਾਗਮਾਂ ਦੀ ਸੂਚੀ ਪ੍ਰਬੰਧਕਾਂ ਵੱਲੋਂ ਜਾਰੀ ਕਰ ਦਿੱਤੀ ਗਈ,ਜਿਸਦੇ ਚੱਲਦਿਆਂ 1 ਤੋਂ 31ਮਈ ਤੱਕ ਸ਼ਾਮ ਦੇ ਗੁਰਮਤਿ ਦੀਵਾਨਾਂ ਦਾ ਸਮ੍ਹਾਂ 6 ਤੋਂ 8 ਹੋਵੇਗਾ,ਜਦਕਿ 5 ਮਈ ਵਾਲੇ ਦਿਨ ਸਵੇਰੇ 12 ਤੋਂ 2 ਤੇ ਸ਼ਾਮ 6 ਤੋਂ 8 ਵਜੇ ਦੇ ਦੋ ਦੀਵਾਨ ਹੋਣਗੇ। ਇੰਨ੍ਹਾਂ ਸਮਾਗਮਾਂ 'ਚ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਸ਼ਬਦ ਕੀਰਤਨ ਸਰਵਣ ਕਰਾਇਆ ਜਾਵੇਗਾ, ਉਪਰੰਤ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਗੁਰ-ਇਤਿਹਾਸ ਸਣਾਉਂਦੇ ਹੋਏ ਸੰਗਤਾਂ ਨਾਲ ਕਥਾ ਵਿਚਾਰ ਦੀ ਸਾਂਝ ਪਾਉਣਗੇ। ਦਮਦਮੀ ਟਕਸਾਲ ਵੱਲੋਂ




ਜਾਰੀ ਸੂਚੀ ਅਨੁਸਾਰ ਪਹਿਲਾਂ ਗੁਰਮਤਿ ਸਮਾਗਮ 1 ਮਈ ਨੂੰ ਪਿੰਡ ਜਬੋਵਾਲ ਵਿਖੇ ਹੋਵੇਗਾ ਉਪਰੰਤ 2 ਮਈ ਨੂੰ ਹਯਾਤ(ਗੁਰਦਾਸਪੁਰ), 3 ਮਈ ਨੂੰ ਗੁ.ਸੰਗਤਪੁਰਾ ਬਬਵਾਲਾ ਗੁਰਦਾਸਪੁਰ, 4 ਮਈ ਨੂੰ ਕਾਹਲਵਾਂ, 5 ਮਈ ਨੂੰ ਪਹਿਲਾ ਦੀਵਾਨ ਸਵੇਰੇ ਗੁ.ਭਗਤਾਂ ਦਾ ਡੇਰਾ ਤਰਸਿੱਕਾ ਤੇ ਦੂਸਰਾ ਸ਼ਾਮ ਨੂੰ ਨਿੱਕੇ ਘੁੰਮਣ, 6 ਮਈ ਨੂੰ ਚੋਣੇ, 7 ਮਈ ਨੂੰ ਮੁਰਾਦਪੁਰ, 8 ਮਈ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੰਟਰਨੈਸ਼ਨਲ ਪਬਲਿਕ ਸਕੂਲ ਚੂੰਗ, 9 ਮਈ ਨੂੰ ਗੁ.ਸੰਤ ਬਾਬਾ ਅੱਲ੍ਹਾ ਸਿੰਘ ਜੀ ਅਬਦਾਲ, 10 ਮਈ ਨੂੰ ਗੁਰੂ ਕੀ ਬੇਰ ਸਾਹਿਬ ਮੱਤੇਵਾਲ,11 ਮਈ ਨੂੰ ਲੀਲ ਕਲਾਂ, 12 ਮਈ ਨੂੰ ਭਲਾਈਪੁਰ ਪੁਰਬਾਂ, 13 ਮਈ ਨੂੰ ਖਲੈਹਿਰਾ,14 ਮਈ ਨੂੰ ਜਫਰਵਾਲ, 15 ਮਈ ਨੂੰ ਲਾਲਪੁਰਾ ਗੁਰਦਾਸਪੁਰ, 16 ਮਈ ਨੂੰ ਗੁ.ਸਿੰਘ ਸਭਾ ਸ਼ਾਸ਼ਤਰੀ ਨਗਰ ਕਾਹਨੂੰਵਾਲ ਬਟਾਲਾ, 17 ਮਈ ਨੂੰ ਗੁ.ਗ੍ਰਿਫਤਾਰੀ ਸਾਹਿਬ ਗੜ੍ਹੀ ਗੁਰਦਾਸ ਨੰਗਲ , 18 ਮਈ ਨੂੰ ਝਲਾੜੀ, 19 ਮਈ ਨੂੰ ਗੱਗੜਭਾਣਾ 20 ਮਈ ਨੂੰ ਧਰਦਿਓ, 21 ਮਈ ਨੂੰ ਵੀਲਾ/ਮੀਕੇ, 22 ਮਈ ਨੂੰ ਸਿਆਲਕਾ, 23 ਮਈ ਨੂੰ ਖੱਬੇ ਰਾਜਪੂਤਾਂ, 24 ਮਈ ਨੂੰ ਜਲਾਲ ਉਸਮਾਂ, 25 ਮਈ ਨੂੰ ਸਹਾਇਪੁਰ, 26 ਮਈ ਨੂੰ ਜੇਠੂਵਾਲ, 27 ਮਈ ਨੂੰ ਨਿਪਸ ਸਕੂਲ ਬੁਤਾਲਾ, 28 ਮਈ ਨੂੰ ਗੁ. ਰਾਮ ਥੰਮਣ,29 ਮਈ ਸਠਿਆਲਾ, 30 ਮਈ ਨੂੰ ਬਾਬਾ ਦੀਪ ਸਿੰਘ ਸਕੂਲ ਮਹਿਸਮਪੁਰ ਤੇ 31 ਮਈ ਦੇ ਸਮਾਗਮ ਮਹਿਤਾ ਚੌਕ ਵਿਖੇ ਹੋਣਗੇ।ਇਸਤੋਂ ਬਾਅਦ ਸ਼ਹੀਦੀ ਹਫਤਾ ਸ਼ੁਰੂ ਹੋਵਗਾ,ਜਿਸ ਅੰਦਰ 1 ਜੂਨ ਤੋਂ 5 ਜੂਨ ਤੱਕ ਸ਼ਾਮ 4 ਤੋਂ 6 ਵਜੇ ਦੇ ਦੀਵਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸਜਾਏ ਜਾਣਗੇ।ਇੰਨ੍ਹਾਂ ਦੀਵਾਨਾਂ ਅੰਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਸ਼ਬਦ ਕੀਰਤਨ ਕਰਨਗੇ ,ਉਪਰੰਤ 6 ਜੂਨ ਨੂੰ ਮਨਾਏ ਜਾ ਰਹੇ ਮੁੱਖ ਤੇ ਮਹਾਨ ਸ਼ਹੀਦੀ ਜੋੜ ਮੇਲੇ ਅੰਦਰ ਵੱਡਾ ਪੰਥਕ ਇਕੱਠ ਕੀਤਾ ਜਾਵੇਗਾ ਤੇ ਪੰਥ ਪ੍ਰਸਿੱਧ ਸ਼ਖਸ਼ੀਅਤਾਂ ਹਾਜ਼ਰੀ ਭਰਨਗੀਆਂ ਤੇ ਘੱਲੂਘਾਰੇ 'ਚ ਸ਼ਹੀਦ ਹੋਏ ਸਮੂਹ ਸ਼ਹੀਦਾਂ ਨੂੰ ਯਾਦ ਕੀਤਾ ਜਾਵੇਗਾ।

ਪੰਜਾਬ ਨੂੰ ਮੌਜੂਦਾ ਹਾਲਾਤਾਂ ਤੋਂ ਬਚਾਉਣ ਲਈ ਕਾਂਗਰਸ ਹੀ ਇਕੱਲਾ ਵਿਕਲਪ: ਨਾਗਰਾ

ਫ਼ਤਿਹਗੜ੍ਹ ਸਾਹਿਬ :28 ਅਪ੍ਰੈਲ (ਨਰਿੰਦਰ ਸਿੰਘ) ਹਲਕਾ ਫਤਿਹਗੜ੍ਹ ਸਾਹਿਬ ਦੇ ਸਾਬਕਾ ਵਿਧਾਇਕ ਅਤੇ ਸੀਨੀਅਰ ਕਾਂਗਰਸੀ ਆਗੂ ਕੁਲਜੀਤ ਸਿੰਘ ਨਾਗਰਾ ਵੱਲੋਂ ਅੱਜ ਪਿੰਡ ਹਰਬੰਸਪੁਰਾ ਵਿਖੇ ਵਰਕਰਾਂ ਅਤੇ ਪਿੰਡ ਵਾਸੀਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਮੌਜੂਦਾ ਸਿਆਸੀ ਹਾਲਾਤਾਂ ਤੇ ਚਰਚਾ ਕਰਦਿਆਂ ਸ. ਨਾਗਰਾ ਨੇ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਤੇ ਤਿੱਖੇ ਨਿਸ਼ਾਨੇ ਸਾਧੇ ਅਤੇ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਤੇ ਡੂੰਘੀ ਚਿੰਤਾ ਪ੍ਰਗਟਾਈ। ਪੰਜਾਬ ਵਿੱਚ ਵਧਦੇ ਗੈਂਗਸਟਰਵਾਦ ਅਤੇ ਨਸ਼ੇ ਤੇ ਚਿੰਤਾ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੁਲਜੀਤ ਸਿੰਘ ਨਾਗਰਾ ਨੇ ਕਿਹਾ ਕਿ ਜਦੋਂ ਤੋਂ ਪੰਜਾਬ ਵਿੱਚ ਆਪ ਦੀ ਸਰਕਾਰ ਸੱਤਾ ਵਿੱਚ ਆਈ ਹੈ, ਸੂਬੇ ਦੇ ਹਾਲਾਤ ਲਗਾਤਾਰ ਨਿਘਾਰ ਵੱਲ ਜਾ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਦੀ ਨਾਕਾਮੀ ਕਾਰਨ ਪੰਜਾਬ ਵਿੱਚ ਗੈਂਗਸਟਰਵਾਦ ਅਤੇ ਨਸ਼ਾ ਬੇਲਗਾਮ ਹੋ ਚੁੱਕਾ ਹੈ। ਉਨ੍ਹਾਂ ਕਿਹਾ, ਅੱਜ ਪੰਜਾਬ ਦਾ ਹਰ ਨਾਗਰਿਕ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਦਿਨ-ਦਿਹਾੜੇ ਗੋਲੀਆਂ ਚੱਲਣਾ ਅਤੇ ਫਿਰੌਤੀਆਂ ਮੰਗਣਾ ਆਮ ਗੱਲ ਹੋ ਗਈ ਹੈ। ਨੌਜਵਾਨ ਪੀੜ੍ਹੀ ਨਸ਼ਿਆਂ ਦੀ ਦਲਦਲ ਵਿੱਚ ਫਸਦੀ ਜਾ ਰਹੀ ਹੈ, ਪਰ ਸਰਕਾਰ ਸਿਰਫ ਇਸ਼ਤਿਹਾਰਬਾਜ਼ੀ ਤੱਕ ਸੀਮਤ ਹੈ।ਨਾਗਰਾ ਨੇ ਦਾਅਵਾ ਕੀਤਾ ਕਿ ਪੰਜਾਬ ਨੂੰ ਗੈਂਗਸਟਰਵਾਦ, ਨਸ਼ਿਆਂ ਅਤੇ ਮੌਜੂਦਾ ਸਰਕਾਰ ਦੀ ਕਥਿਤ ਤਾਨਾਸ਼ਾਹੀ ਤੋਂ ਸਿਰਫ ਕਾਂਗਰਸ ਪਾਰਟੀ ਹੀ ਮੁਕਤ ਕਰਵਾ ਸਕਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਇਤਿਹਾਸ ਰਿਹਾ ਹੈ ਕਿ ਜਦੋਂ ਵੀ ਸੂਬੇ ਤੇ ਕੋਈ ਮੁਸੀਬਤ ਆਈ ਹੈ, ਪਾਰਟੀ ਨੇ ਮਜ਼ਬੂਤੀ ਨਾਲ ਸਥਿਤੀ ਨੂੰ ਸੰਭਾਲਿਆ ਹੈ। ਉਨ੍ਹਾਂ ਵਰਕਰਾਂ ਨੂੰ ਲਾਮਬੰਦ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਦੇ ਸੁਨਹਿਰੀ ਭਵਿੱਖ ਲਈ ਮੁੜ ਕਾਂਗਰਸ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਇਆ ਜਾਵੇ। ਸਾਬਕਾ ਵਿਧਾਇਕ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ 2



ਰੋਜ਼ਾਨਾ ਚੜ੍ਹਦੀਕਲਾ
ਸਿਹਤ ਖ਼ਬਰਨਾਮਾ



7 ਦਿਨ ਲਈ 7 ਮੈਜੀਕਲ ਡ੍ਰਿੰਕਜ਼ ਨਾਲ ਮੋਟਾਪਾ, ਫੈਟੀ ਲੀਵਰ ਤੇ ਹੋਰ ਬਿਮਾਰੀਆਂ ਹੋਣਗੀਆਂ ਦੂਰ

ਹਫ਼ਤੇ ਦੇ ਸੱਤ ਦਿਨ ਖਾਲੀ ਪੇਟ ਇਨ੍ਹਾਂ ਸੱਤ ਤਰ੍ਹਾਂ ਦੇ ਪਾਣੀ ਨੂੰ ਪੀਣ ਨਾਲ ਸਿਹਤਮੰਦ ਜ਼ਿੰਦਗੀ ਬਿਤਾਈ ਜਾ ਸਕਦੀ ਹੈ। ਹਾਲਾਂਕਿ, ਇਹ ਜਾਣਨਾ ਵੀ ਜਰੂਰੀ ਹੈ ਕਿ ਕਿਸ ਖਾਸ ਸਮੱਸਿਆ ਲਈ ਕਿਹੜਾ ਪਾਣੀ ਪੀਣਾ ਹੈ। ਇਸ ਪਾਣੀ ਨਾਲ ਤੁਹਾਨੂੰ ਮੋਟਾਪਾ, ਫੈਟੀ ਲੀਵਰ, ਥਾਇਰਾਇਡ, ਪੇਟ ਸਬੰਧੀ ਤੇ ਹੋਰ ਵੀ ਕਈ ਸਿਹਤ ਸਮੱਸਿਆਵਾਂ ਤੋਂ ਕਾਫੀ ਰਾਹਤ ਮਿਲ ਸਕਦੀ ਹੈ।



ਲੀਵਰ ਲਈ ਹੈਲਦੀ ਡ੍ਰਿੰਕ ;ਇਸ ਦੇ ਲਈ, ਇੱਕ ਗਲਾਸ ਗਰਮ ਪਾਣੀ ਵਿੱਚ ਅੱਧਾ ਨਿੰਬੂ ਅਤੇ ਇੱਕ ਚੁਟਕੀ ਹਲਦੀ ਮਿਲਾ ਕੇ ਪੀਓ। ਇਸ ਪਾਣੀ ਨੂੰ ਰੋਜ਼ਾਨਾ ਪੀਣ ਨਾਲ ਤੁਹਾਡਾ ਲੀਵਰ ਸਿਹਤਮੰਦ ਰਹੇਗਾ।

ਥਾਇਰਾਇਡ ਗਲੈਂਡ ਲਈ ਮੈਜੀਕਲ ਡ੍ਰਿੰਕ ;ਇਸਦੇ ਲਈ, ਰਾਤ ਭਰ ਇੱਕ ਗਲਾਸ ਪਾਣੀ ਵਿੱਚ ਸਾਬਤ ਧਨੀਏ ਦੇ ਬੀਜ ਭਿਓਂ ਦਿਓ। ਸਵੇਰੇ ਇਸ ਪਾਣੀ ਨੂੰ ਗਰਮ ਕਰੋ ਅਤੇ ਇਸਨੂੰ ਕੋਸਾ ਪੀਓ।

ਗੈਸ ਤੋਂ ਰਾਹਤ ਲਈ ਮੈਜੀਕਲ ਡ੍ਰਿੰਕ ;ਅਜਵਾਇਨ ਅਤੇ ਜੀਰੇ ਨੂੰ ਰਾਤ ਭਰ ਇੱਕ ਗਲਾਸ ਪਾਣੀ ਵਿੱਚ ਭਿਓਂ ਦਿਓ। ਸਵੇਰੇ ਇਸ ਪਾਣੀ ਨੂੰ ਥੋੜ੍ਹਾ ਜਿਹਾ ਕੋਸਾ ਕਰੋ ਜਾਂ ਇਸਨੂੰ ਛਾਣ ਕੇ ਪੀਓ।

ਭਾਰ ਘਟਾਉਣ ਲਈ ਮੈਜੀਕਲ ਡ੍ਰਿੰਕ ;ਤੁਸੀਂ ਤੇਜ਼ੀ ਨਾਲ ਭਾਰ ਘਟਾਉਣ ਲਈ ਸ਼ਿਲਾਜੀਤ ਦਾ ਪਾਣੀ ਪੀ ਸਕਦੇ ਹੋ। ਇਸ ਦੇ ਸਈ ਸ਼ਿਲਾਜੀਤ ਨੂੰ ਰਾਤ ਭਰ ਪਾਣੀ ਵਿੱਚ ਭਿਓਂ ਦਿਓ ਅਤੇ ਸਵੇਰੇ ਖਾਲੀ ਪੇਟ ਪੀਓ।

ਪੇਟ ਦੀਆਂ ਸਮੱਸਿਆਵਾਂ ਲਈ ਮੈਜੀਕਲ ਡ੍ਰਿੰਕ ;ਤ੍ਰਿਫਲਾ ਪਾਣੀ ਪੇਟ ਲਈ ਇੱਕ ਜਾਦੂਈ ਡਰਿੰਕ ਹੈ। ਇਸਨੂੰ ਤਿਆਰ ਕਰਨ ਲਈ, ਤ੍ਰਿਫਲਾ ਨੂੰ ਰਾਤ ਭਰ ਪਾਣੀ ਵਿੱਚ ਭਿਓ ਦਿਓ। ਸਵੇਰੇ ਉੱਠਣ 'ਤੇ ਇਸ ਪਾਣੀ ਨੂੰ ਪੀਓ।

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀ ਨੇ ਕ੍ਰਿਕੇਟ ਵਿੱਚ ਜਿੱਤਿਆ ਇਨਾਮ

ਪਟਿਆਲਾ, 28 ਅਪ੍ਰੈਲ (ਚ.ਨ.ਸ.) : ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਐੱਸ.ਐੱਸ.ਟੀ. ਨਗਰ ਪਟਿਆਲਾ ਦੇ ਛੇਵੀਂ ਜਮਾਤ ਦੇ ਵਿਦਿਆਰਥੀ ਅਸ਼ਨੀਤ ਸਿੰਘ ਜੋ ਕਿ ਕ੍ਰਿਕੇਟ ਦਾ ਖਿਡਾਰੀ ਹੈ ਬੀਤੇ ਦਿਨੀਂ



ਯੋਗਰਾਜ ਸਿੰਘ ਅਕੈਡਮੀ ਵਿੱਚ ਕ੍ਰਿਕੇਟ ਦੇ ਮੈਚ ਵਿੱਚ ਹਿੱਸਾ ਲਿਆ ਜਿਸ ਵਿਚ ਇਨ੍ਹਾਂ ਦੀ ਟੀਮ ਰਨਰ ਅੱਪ ਰਹੀ। ਸੰਸਥਾ ਵੱਲੋਂ ਵਿਦਿਆਰਥੀ ਨੂੰ ਰਨਰ ਅੱਪ ਦੀ ਟਰਾਫ਼ੀ ਮਿਲੀ। ਸਕੂਲ ਦੇ ਡਾਇਰੈਕਟਰ ਸ਼੍ਰੀਮਤੀ ਜਸਵਿੰਦਰ ਕੌਰ ਦਰਦੀ ਅਤੇ ਪ੍ਰਿੰਸੀਪਲ ਡਾਕਟਰ ਕੰਵਲਜੀਤ ਕੌਰ ਵੱਲੋਂ ਅਸ਼ਨੀਤ ਸਿੰਘ ਅਤੇ ਉਸ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਗਈ ਅਤੇ ਇਸੇ ਤਰ੍ਹਾਂ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹਿਣ ਦੀ ਪ੍ਰੇਰਨਾ ਦਿੱਤੀ ਗਈ।

ਦੂਸਰੇ ਵਿਸ਼ਵ ਯੁੱਧ ਵਿੱਚ ਸ਼ਹੀਦ ਹੋਏ ਸਿੱਖ ਫੌਜੀਆਂ ਦੀ ਯਾਦ 'ਚ ਸਮਾਰਕ ਕੀਤੀ ਸਥਾਪਿਤ

ਮਿਲਾਨ, 28 ਅਪ੍ਰੈਲ (ਦਲਜੀਤ ਮੱਕੜ) : ਇਟਲੀ ਦੇ ਸੂਬਾ ਇਮੀਲੀਆ ਰੋਮਾਨੀਆਂ ਚ ਪੈਂਦੇ ਜ਼ਿਲ੍ਹਾ ਰਿਜੋਮਿਲੀਆ ਦੇ ਸ਼ਹਿਰ ਲੁਜਾਰਾ ਵਿਖੇ ਕਮੂਨੇ ਦੀ ਲੁਸਾਰਾ ਵੱਲੋਂ ਵਰਲੱਡ ਸਿੱਖ ਸ਼ਹੀਦ ਮਿਲਟਰੀ (ਰਜਿ) ਦੇ ਸਹਿਯੋਗ ਨਾਲ ਦੂਸਰੇ ਵਿਸ਼ਵ ਯੁੱਧ ਵਿੱਚ ਸ਼ਹੀਦ ਹੋਏ ਭਾਰਤੀ ਸਿੱਖ ਫੌਜੀਆਂ ਦੀ ਯਾਦ ਚ ਸਮਾਰਕ ਕੀਤੀ ਸਥਾਪਿਤ ਕੀਤੀ। ਜਿਸਦਾ ਬੀਤੇ ਦਿਨ ਇਟਲੀ ਦੇ ਆਜਾਦੀ ਦਿਹਾੜੇ ਮੌਕੇ ਲੁਸਾਰਾ ਦੀ ਮੇਅਰ ਦੀਬੀਆ ਸਤੇਲੀ ਤੇ ਕਮੇਟੀ ਪ੍ਰਧਾਨ ਪ੍ਰਿਥੀਪਾਲ ਸਿੰਘ ਨੇ ਇਟਾਲੀਅਨ ਅਤੇ ਭਾਰਤੀਆ ਦੀ ਹਾਜਗੀ ਚ ਉਦਘਾਟਨ ਕੀਤਾ। ਇਸ ਮੌਕੇ ਸੰਗਤਾਂ ਨੇ ਬੋਲੇ ਸੋ ਨਿਹਾਲ ਦੇ ਜੈਕਾਰੇ ਲਗਾਕੇ ਸਮਾਰਕ ਦਾ ਸਵਾਗਤ ਕੀਤਾ। ਇਸ ਮੌਕੇ ਜਸਵੀਰ ਸਿੰਘ ਨੇ ਸ਼ਹੀਦ ਫੌਜੀਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਮੇਅਰ ਦੀਬੀਆ ਸਤੇਲੀ ਨੇ ਇਸ ਮੌਕੇ ਬੋਲਦਿਆ ਕਿਹਾ ਕਿ ਮੈਂ ਅੱਜ ਇਟਲੀ ਦੀ ਆਜਾਦੀ ਤੇ ਮੌਕੇ ਤੇ ਇਕ ਸਮਾਰਕ ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ (ਰਜਿ) ਇਟਲੀ ਅਤੇ ਕਮੂਨੇ ਦੀ ਲੁਜਾਰਾ ਦੇ ਸਹਿਯੋਗ ਨਾਲ ਬਣਾ ਕੇ ਭਾਰਤੀ ਭਾਈਚਾਰੇ ਨੂੰ ਤੋਹਫੇ ਦੇ ਤੌਰਤੇ ਦੇ ਰਹੀ ਹਾਂ ਕਿਉਕਿ ਇਟਲੀ ਨੂੰ ਹਿਟਲਰ ਤੋਂ ਆਜਾਦ ਕਰਵਾਉਣ ਲਈ ਭਾਰਤੀ ਫੌਜ ਦੀ ਬਹੁਤ ਵੱਡੀ ਦੇਣ ਹੈ। ਉਹਨਾਂ ਕਿਹਾ ਕਿ ਇਟਲੀ ਵਿੱਚ ਭਾਰਤੀ ਫੌਜ ਦੇ ਹਜ਼ਾਰਾਂ ਫੌਜੀ ਸ਼ਹੀਦ ਹੋਏ ਤੇ ਜਿਹਨਾਂ ਚ ਵੱਡੀ ਗਿਣਤੀ ਵਿੱਚ ਸਿੱਖ ਫੌਜੀ ਹਨ। ਉਹਨਾਂ ਕਿਹਾ ਕਿ ਸਿੱਖ ਬਹੁਤ ਹੀ ਮਿਹਨਤੀ ਅਤੇ ਇਮਾਨਦਾਰ ਹਨ ਤੇ ਜਿਹੜੇ ਆਪਣੀਆਂ ਜਾਨਾਂ ਦੇ ਕੇ ਦੂਜਿਆਂ ਦੀਆਂ ਜਾਨਾਂ ਬਚਾਉਂਦੇ ਹਨ ਤੇ ਬਾਅਦ ਚ ਕਮੇਟੀ ਵਰਲਡ ਸਿੱਖ ਸ਼ਹੀਦ ਮਿਲਟਰੀ ਦੇ ਸੈਕਟਰੀ ਸਤਿਨਾਮ ਸਿੰਘ ਤੇ ਅਰਮਾਨ ਸਿੰਘ ਸਿੱਧੂ ਨੇ ਬੋਲਦਿਆ ਸ਼ਹੀਦ ਫੌਜੀਆ ਨੂੰ ਸ਼ਰਧਾਜਲੀ ਭੇਂਟ ਕੀਤੀ। ਇਸ ਸਮਾਗਮ ਵਿੱਚ ਮਿਲਆ ਰਮਾਨੀਆਂ ਸੂਬੇ ਦੇ ਮੈਬਰ ਅੰਦਰੀਆ ਕੌਸਤਾ ਤੇ ਲੁਜਾਰਾ ਸ਼ਹਿਰ ਤੋਂ ਸਟੇਫਨੀ ਮੁਸੀ ਤੋਂ ਇਲਾਵਾ ਸ਼ਹਿਰ ਦੇ ਹੋਰਨਾਂ ਇਟਾਲੀਅਨ ਸ਼ਖਸ਼ੀਅਤਾਂ ਤੇ ਪੁਲਿਸ ਪ੍ਰਸ਼ਾਸਨ ਕਾਰਾਬੇਨੇਰੀ, ਪੁਲਿਸੀਆ ਦੀ ਨਗਰ ਕੌਂਸਲ ਤੇ ਹੋਰ ਸ਼ਹਿਰ ਦੇ ਆਜਾਦੀ ਘੁਲਾਟੀਏ ਤੇ ਬਹੁਤ ਵੱਡੀ ਗਿਣਤੀ ਇਟਾਲੀਅਨ ਤੇ ਭਾਰਤੀ ਲੋਕਾਂ ਨੇ ਬਹੁਤ ਵੱਡੀ ਗਿਣਤੀ ਚ ਸ਼ਮੂਲੀਅਤ ਕੀਤੀ। ਇਸ ਮੌਕੇ ਇਕਬਾਲ ਸਿੰਘ ਸੋਢੀ, ਮਨਜਿੰਦਰ ਸਿੰਘ ਖਾਲਸਾ, ਜਸਵੀਰ ਸਿੰਘ ਧਨੌਤਾ, ਗੁਰਮੇਲ ਸਿੰਘ ਭੱਟੀ, ਸੋਢੀ ਸਾਹਬ ਸਿੰਘ, ਮੋਹਣ ਸਿੰਘ, ਰਾਜ ਕੁਮਾਰ ਕੋਰੇਜੋ, ਜਸਪ੍ਰੀਤ ਸਿੰਘ ਸਿੱਧੂ ਕੋਰੇਜੋ, ਮੋਹਣ ਸਿੰਘ ਲੁਜਾਰਾ,



ਸਤਿੰਦਰ ਸਿੰਘ ਸੁਜਾਰਾ, ਮੁਖਤਿਆਰ ਸਿੰਘ ਤੇ ਮੋਤੀ ਮਹਿਰਾ ਟਰੱਸਟ, ਕੁਲਜੀਤ ਸਿੰਘ ਨੌਵੇਲਾਰਾ, ਰਾਜ ਕੁਮਾਰ ਅਤੇ ਜਸਪ੍ਰੀਤ ਸਿੰਘ ਸ਼ਾਮਲ ਹੋਏ। ਇਸ ਮੌਕੇ ਤੇ ਗੁਰਦੁਆਰਾ ਸਿੰਘ ਸਭਾ ਨੌਵੇਲਾਰਾ ਤੇ ਗੁਰਦੁਆਰਾ ਸਾਹਿਬ ਕੋਰੇਜੋ ਦੇ ਸਹਿਯੋਗ ਨਾਲ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਮੋਤੀ ਮਹਿਰਾ ਟਰੱਸਟ ਵਲੋਂ ਪੀਜਿਆ ਦਾ ਵਿਸ਼ੇਸ਼ ਲੰਗਰ ਲਾਇਆ। ਇੱਥੇ ਦੱਸਣਯੋਗ ਹੈ ਕਿ ਵਰਲੱਡ ਸਿਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ ਪਿਛਲੇ 20 ਸਾਲਾਂ ਤੋਂ ਦੂਸਰੇ ਵਿਸ਼ਵ ਯੁੱਧ ਦੇ ਸ਼ਹੀਦਾਂ ਦੀਆਂ ਯਾਦਗਾਰਾਂ ਬਣਾ ਰਹੀ ਹੈ ਜੋ ਹੁਣ ਤਕ ਸੰਗਤਾਂ ਦੇ ਸਹਿਯੋਗ ਨਾਲ 12 ਯਾਦਗਾਰਾਂ ਸਥਾਪਿਤ ਹੋ ਚੁੱਕੀਆ ਹਨ।

ਪੇਕ ਵਿੱਚ ਐਂਬੈਡਿਡ ਆਰਕੀਟੈਕਚਰ 'ਤੇ ਵਿਸ਼ੇਸ਼ਗਿਆਨ ਲੈਕਚਰ ਕਰਵਾਇਆ

ਚੰਡੀਗੜ੍ਹ, 28 ਅਪ੍ਰੈਲ (ਚ.ਨ.ਸ.) : ਪੰਜਾਬ ਇੰਜੀਨੀਅਰਿੰਗ ਕਾਲਜ (ਡੀਮਡ ਟੂ ਬੀ ਯੂਨੀਵਰਸਿਟੀ), ਚੰਡੀਗੜ੍ਹ ਦੇ



ਇਲੈਕਟ੍ਰਿਕਲ ਇੰਜੀਨੀਅਰਿੰਗ ਵਿਭਾਗ ਵੱਲੋਂ ਅੱਜ ਐਂਬੈਡਿਡ ਆਰਕੀਟੈਕਚਰ ਵਿਸ਼ੇ 'ਤੇ ਇੱਕ ਜਾਣਕਾਰੀਪੂਰਕ ਸੈਸ਼ਨ ਦਾ ਆਯੋਜਨ ਕੀਤਾ ਗਿਆ। ਇਹ ਲੈਕਚਰ 2017 ਬੈਚ ਦੇ ਐਲਮਨਸ ਸ਼੍ਰੀ ਨਿਖਿਲ ਅਰੋੜਾ ਵੱਲੋਂ ਦਿੱਤਾ ਗਿਆ, ਜੋ ਇਸ ਸਮੇਂ ਐਵਰਪਿਊਰ ਸਟੋਰੇਜ ਸਿਸਟਮਜ਼, ਪਿਊਰ ਸਟੋਰੇਜ ਵਿੱਚ ਫਰਮਵੇਅਰ ਇੰਜੀਨੀਅਰ ਦੇ ਤੌਰ 'ਤੇ ਕੰਮ ਕਰ ਰਹੇ ਹਨ। ਇਸ ਮੌਕੇ ਡਾ. ਜੈਮਾਲਾ ਜਿੰਦਲ ਅਤੇ ਵਿਭਾਗ ਮੁਖੀ ਪ੍ਰੋ. ਰਿੰਪੂ ਖੰਨਾ ਵੀ ਮੌਜੂਦ ਰਹੇ। ਆਪਣੇ ਲੈਕਚਰ ਦੌਰਾਨ, ਸ਼੍ਰੀ ਅਰੋੜਾ ਨੇ ਐਂਬੈਡਿਡ ਆਰਕੀਟੈਕਚਰ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਸਮਝਾਇਆ ਕਿ ਸਿਸਟਮ ਬਾਹਰੀ ਇਨਪੁੱਟਸ ਨੂੰ ਕਿਵੇਂ ਪਹਿਚਾਣਦਾ ਅਤੇ ਉਨ੍ਹਾਂ 'ਤੇ ਪ੍ਰਤੀਕਿਰਿਆ ਕਰਦਾ ਹੈ। ਉਨ੍ਹਾਂ ਨੇ ਸਧਾਰਣ ਉਦਾਹਰਣਾਂ ਰਾਹੀਂ ਦੱਸਿਆ ਕਿ ਮੋਬਾਈਲ ਫੋਨ ਟਚ ਨੂੰ ਕਿਵੇਂ ਮਹਿਸੂਸ ਕਰਦਾ ਹੈ ਅਤੇ ਲੈਪਟਾਪ ਕੀ-ਪ੍ਰੈਸ ਨੂੰ ਕਿਵੇਂ ਦਰਜ ਕਰਦਾ ਹੈ, ਜਿਸ ਨਾਲ ਵਿਦਿਆਰਥੀਆਂ ਲਈ ਮੁਸ਼ਕਲ ਵਿਸ਼ੇ ਵੀ ਆਸਾਨ ਬਣ ਗਏ। ਉਨ੍ਹਾਂ ਨੇ ਐਂਬੈਡਿਡ ਸੀਪੀਯੂ ਦੇ ਪਿਛਲੇ 50 ਸਾਲਾਂ ਦੇ ਵਿਕਾਸ ਦਾ ਸੰਖੇਪ ਜਾਇਜ਼ਾ ਪੇਸ਼ ਕੀਤਾ ਅਤੇ ਮਹੱਤਵਪੂਰਣ ਤਕਨੀਕੀ ਤਰੱਕੀਆਂ ਉਜਾਗਰ ਕੀਤੀਆਂ। ਇਸ ਤੋਂ ਇਲਾਵਾ, ਉਨ੍ਹਾਂ ਨੇ ਐਂਬੈਡਿਡ ਸਿਸਟਮਾਂ ਵਿੱਚ ਵਰਤੀ ਜਾਣ ਵਾਲੀਆਂ ਚਾਰ ਮੁੱਖ ਵਿਧੀਆਂ—ਪੋਲਿੰਗ, ਇੰਟਰਪਟਸ, ਟਾਈਮਡ ਚੈਕ (ਡਿਫਰਡ ਪੋਲ), ਅਤੇ ਡਾਇਰੈਕਟ ਮੈਮੋਰੀ ਐਕਸੈਸ (ਡੀਐਮਏ) ਨਾਲ ਹਾਰਡਵੇਅਰ ਕਿਊਜ਼—ਬਾਰੇ ਵੀ ਵਿਸਥਾਰ ਨਾਲ ਚਰਚਾ ਕੀਤੀ। ਇਸ ਸੈਸ਼ਨ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਉਦਯੋਗ ਨਾਲ ਜੁੜੇ ਵਿਹਾਰਕ ਗਿਆਨ ਨੂੰ ਸਰਾਹਿਆ। ਇਹ ਲੈਕਚਰ ਅਕਾਦਮਿਕ ਸਿਧਾਂਤਾਂ ਨੂੰ ਹਕੀਕਤੀ ਤਕਨੀਕੀ ਉਪਯੋਗਾਂ ਨਾਲ ਜੋੜਨ ਲਈ ਇੱਕ ਮਹੱਤਵਪੂਰਣ ਮੰਚ ਸਾਬਤ ਹੋਇਆ।

ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੀ ਪ੍ਰਧਾਨ ਅੰਨਾਲੇਨਾ ਬੇਰਬੌਕ ਨੇ ਭਾਰਤ ਦੀ ਫੇਰੀ ਦੌਰਾਨ ਬਹੁਪੱਖੀਵਾਦ ਪ੍ਰਤੀ ਨਵੀਂ ਵਚਨਬੱਧਤਾ ਦਾ ਦਿੱਤਾ ਸੱਦਾ

ਨਵੀਂ ਦਿੱਲੀ, 28 ਅਪ੍ਰੈਲ (ਅੰਮ੍ਰਿਤਪਾਲ ਸਿੰਘ) : ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੀ ਪ੍ਰਧਾਨ ਅੰਨਾਲੇਨਾ ਬੇਰਬੌਕ ਨੇ ਅੱਜ ਵਧ ਰਹੇ ਭੂ-ਰਾਜਨੀਤਿਕ ਤਣਾਅ ਅਤੇ ਅੰਤਰਰਾਸ਼ਟਰੀ ਪ੍ਰਣਾਲੀ 'ਤੇ ਵਧ ਰਹੇ ਦਬਾਅ ਦੇ ਵਿਚਕਾਰ ਵਿਸ਼ਵਵਿਆਪੀ ਸਹਿਯੋਗ ਨੂੰ ਮਜ਼ਬੂਤ ??ਕਰਨ ਅਤੇ ਸੰਯੁਕਤ ਰਾਸ਼ਟਰ ਚਾਰਟਰ ਪ੍ਰਤੀ ਨਵੀਂ ਵਚਨਬੱਧਤਾ ਦਾ ਸੱਦਾ ਦਿੱਤਾ। ਨਵੀਂ ਦਿੱਲੀ ਵਿੱਚ ਸੰਯੁਕਤ ਰਾਸ਼ਟਰ ਹਾਊਸ ਵਿਖੇ ਇੱਕ ਪ੍ਰੈਸ ਬ੍ਰੀਫਿੰਗ ਵਿੱਚ ਬੋਲਦਿਆਂ, ਰਾਸ਼ਟਰਪਤੀ ਨੇ ਚੇਤਾਵਨੀ ਦਿੱਤੀ ਕਿ ਬਹੁਪੱਖੀਵਾਦ ਅਤੇ ਅੰਤਰਰਾਸ਼ਟਰੀ ਕਾਨੂੰਨ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ।



ਅੱਜ, ਸੰਯੁਕਤ ਰਾਸ਼ਟਰ, ਬਹੁਪੱਖੀਵਾਦ ਅਤੇ ਅੰਤਰਰਾਸ਼ਟਰੀ ਕਾਨੂੰਨ ਨਾ ਸਿਰਫ਼ ਦਬਾਅ ਹੇਠ ਹਨ, ਸਗੋਂ ਸਿੱਧੇ ਹਮਲੇ ਹੇਠ ਹਨ,÷ ਉਸਨੇ ਸ਼ਾਂਤੀ ਅਤੇ ਸੁਰੱਖਿਆ, ਵਿਕਾਸ ਅਤੇ ਮਨੁੱਖੀ ਅਧਿਕਾਰਾਂ ਦੇ ਥੰਮ੍ਹਾਂ ਵਿੱਚ ਵਧ ਰਹੇ ਵਿਖੰਡਨ ਅਤੇ ਤਣਾਅ ਵੱਲ ਇਸ਼ਾਰਾ ਕਰਦੇ ਹੋਏ ਕਿਹਾ। ਉਸਨੇ ਜ਼ੋਰ ਦੇ ਕੇ ਕਿਹਾ ਕਿ ਕੋਈ ਵੀ ਦੇਸ਼ ਅੱਜ ਦੀਆਂ ਆਪਸ ਵਿੱਚ ਜੁੜੀਆਂ ਵਿਸ਼ਵਵਿਆਪੀ ਚੁਣੌਤੀਆਂ ਨੂੰ ਇਕੱਲੇ ਹੱਲ ਨਹੀਂ ਕਰ ਸਕਦਾ, ਜਲਵਾਯੂ ਪਰਿਵਰਤਨ, ਕੋਵਿਡ-19 ਵਰਗੇ ਵਿਸ਼ਵ ਸਿਹਤ ਸੰਕਟ, ਅਤੇ ਯੂਕਰੇਨ ਵਿੱਚ ਯੁੱਧ ਅਤੇ ਵਿਸ਼ਵ ਵਪਾਰ ਮਾਰਗਾਂ ਵਿੱਚ ਰੁਕਾਵਟਾਂ ਸਮੇਤ ਸੰਘਰਸ਼ਾਂ ਦੇ ਆਰਥਿਕ ਪ੍ਰਭਾਵ ਦਾ ਹਵਾਲਾ ਦਿੰਦੇ ਹੋਏ। ਅੰਤਰਰਾਸ਼ਟਰੀ ਕਾਨੂੰਨ ਦੀ ਪਾਲਣਾ ਕਰਨਾ ਅਤੇ ਟਿਕਾਊ ਵਿਕਾਸ ਟੀਚਿਆਂ ਨੂੰ ਪੂਰਾ ਕਰਨਾ ਸਾਰਿਆਂ ਦੇ ਹਿੱਤ ਵਿੱਚ ਹੈ,÷ ਉਸਨੇ ਅੱਗੇ ਕਿਹਾ। ਆਪਣੀ ਫੇਰੀ ਦੌਰਾਨ, ਰਾਸ਼ਟਰਪਤੀ ਬੇਰਬੌਕ ਨੇ ਭਾਰਤ ਦੇ ਵਿਦੇਸ਼ ਮੰਤਰੀ, ਡਾ. ਐਸ. ਜੈਸ਼ੰਕਰ ਨਾਲ ਦੁਵੱਲੀ ਚਰਚਾ ਕੀਤੀ, ਸਾਂਝੀਆਂ ਵਿਸ਼ਵਵਿਆਪੀ ਤਰਜੀਹਾਂ @ਤੇ ਸਹਿਯੋਗ ਨੂੰ ਮਜ਼ਬੂਤ ??ਕਰਨ @ਤੇ ਧਿਆਨ ਕੇਂਦਰਿਤ ਕੀਤਾ। ਭਾਰਤ ਦੀ ਭੂਮਿਕਾ ਨੂੰ ਉਜਾਗਰ ਕਰਦੇ ਹੋਏ, ਉਸਨੇ ਦੇਸ਼ ਨੂੰ ਬਹੁਪੱਖੀ ਹੱਲਾਂ ਨੂੰ ਅੱਗੇ ਵਧਾਉਣ ਵਿੱਚ ਇੱਕ ਜ਼ਰੂਰੀ ਭਾਈਵਾਲ ਦੱਸਿਆ। ਰਾਸ਼ਟਰਪਤੀ ਨੇ ਇੱਕ ਵਧੇਰੇ ਕੁਸ਼ਲ ਅਤੇ ਜਵਾਬਦੇਹ ਸੰਯੁਕਤ ਰਾਸ਼ਟਰ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ, ਦੇਸ਼ ਪੱਧਰ 'ਤੇ ਡਿਲੀਵਰੀ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਦੇ ਜੀਵਨ '' ਪ੍ਰਭਾਵ ਨੂੰ ਬਿਹਤਰ ਬਣਾਉਣ ਲਈ ਚੱਲ ਰਹੇ UNH ਸੁਧਾਰ ਯਤਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ। ਰਾਸ਼ਟਰਪਤੀ ਬੇਰਬੌਕ 28 ਅਪ੍ਰੈਲ ਨੂੰ ਏਸ਼ੀਆ ਦੀ ਇੱਕ ਵਿਆਪਕ ਫੇਰੀ ਦੇ ਹਿੱਸੇ ਵਜੋਂ ਭਾਰਤ ਸਰਕਾਰ ਦੇ ਸੱਦੇ @ਤੇ ਭਾਰਤ ਦਾ ਦੌਰਾ ਕਰ ਰਹੇ ਹਨ। ਆਪਣੇ ਠਹਿਰਨ ਦੌਰਾਨ, ਉਸਨੇ ਸੀਨੀਅਰ ਸਰਕਾਰੀ ਅਧਿਕਾਰੀਆਂ, ਭਾਰਤ ਦੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਦੇ ਪ੍ਰਤੀਨਿਧੀਆਂ ਅਤੇ ਭਾਰਤ ਵਿੱਚ ਸੰਯੁਕਤ ਰਾਸ਼ਟਰ ਦੀ ਦੇਸ਼ ਟੀਮ ਦੇ ਨਾਲ-ਨਾਲ ਭੂਟਾਨ ਵਿੱਚ ਸੰਯੁਕਤ ਰਾਸ਼ਟਰ ਦੀ ਦੇਸ਼ ਟੀਮ ਦੇ ਪ੍ਰਤੀਨਿਧੀਆਂ ਨਾਲ ਮੁਲਾਕਾਤ ਕੀਤੀ। ਉਹ ਹੋਰ ਉੱਚ-ਪੱਧਰੀ ਰੁਝੇਵਿਆਂ ਲਈ 29 ਤੋਂ 30 ਅਪ੍ਰੈਲ ਤੱਕ ਚੀਨ ਦੀ ਯਾਤਰਾ ਕਰੇਗੀ।

ਹੌਲੀ ਪਰ ਪੱਕੀ ਚਾਲ: ਟੈਲੀਵਿਜ਼ਨ, ਮਾਡਲਿੰਗ ਅਤੇ ਫਿਲਮ ਵਿੱਚ ਸੁਸ਼ੋਵਨ ਸੋਨੂ ਰਾਏ

ਚੰਡੀਗੜ੍ਹ, 28 ਅਪ੍ਰੈਲ (ਚ.ਨ.ਸ.) : ਇੱਕ ਅਜਿਹੇ ਉਦਯੋਗ ਵਿੱਚ ਜਿੱਥੇ ਅਕਸਰ ਦਿੱਖ ਅਤੇ ਗਫ਼ਤਾਰ ਨੂੰ ਮਹੱਤਵ ਦਿੱਤਾ ਜਾਂਦਾ ਹੈ, ਹਰ ਕਰੀਅਰ ਇੱਕ ਅਨੁਮਾਨਿਤ ਦਿਸ਼ਾ-ਰੇਖਾ ਵਿੱਚ ਨਹੀਂ ਚੱਲਦਾ। ਸੁਸ਼ੋਵਨ ਸੋਨੂ ਰਾਏ ਲਈ, ਟੈਲੀਵਿਜ਼ਨ, ਮਾਡਲਿੰਗ ਅਤੇ ਸਿਨੇਮਾ ਵਿੱਚ ਉਨ੍ਹਾਂ ਦਾ ਸਫ਼ਰ ਇੱਕ ਵੱਡੀ ਛਲਾਂਗ ਦੀ ਬਜਾਏ ਤਜਰਬੇ-ਅਧਾਰਿਤ, ਧੀਮੀ ਤਬਦੀਲੀ ਨੂੰ ਦਰਸਾਉਂਦਾ ਹੈ। ਕੋਲਕਾਤ

ਡੈਮੋਕਰੇਟਿਕ ਹਿਊਮਨ ਪਾਵਰ ਆਰਗੇਨਾਈਜੇਸ਼ਨ ਨੇ ਪੰਛੀ ਬਚਾਓ ਮੁਹਿੰਮ ਦੇ ਤਹਿਤ ਸ਼ਹਿਰ ਸੰਗਰੂਰ ਦੀਆਂ ਜਨਤਕ ਥਾਵਾਂ 'ਤੇ ਰੱਖੇ ਮਿੱਟੀ ਦੇ ਬਰਤਨ

ਸੰਗਰੂਰ, 28 ਅਪ੍ਰੈਲ (ਹਰਕੰਵਲ ਸਿੰਘ ਹੈਪੀ): ਪੰਜਾਬ ਦੀ ਨਾਮਵਰ ਸੰਸਥਾ ਡੈਮੋਕਰੇਟਿਕ ਹਿਊਮਨ ਪਾਵਰ ਆਰਗੇਨਾਈਜੇਸ਼ਨ ਦੀ ਜ਼ਿਲ੍ਹਾ ਸੰਗਰੂਰ ਟੀਮ ਦੇ ਵੱਲੋਂ ਸੂਬਾ ਪ੍ਰਧਾਨ ਕੁਲਦੀਪ ਸ਼ਰਮਾ ਦੀ ਅਗਵਾਈ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗਰਮੀ ਦੇ ਮੌਸਮ ਨੂੰ ਦੇਖਦੇ ਹੋਏ ਪੰਛੀ ਬਚਾਓ ਮੁਹਿੰਮ ਦੇ ਤਹਿਤ ਬੇਜ਼ੁਬਾਨ ਪਸ਼ੂ ਤੇ ਪੰਛੀਆਂ ਲਈ ਸ਼ਹਿਰ ਦੀਆਂ ਵੱਖ ਵੱਖ ਜਨਤਕ ਥਾਵਾਂ ਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਦੇ ਹੋਏ ਮਿੱਟੀ ਦੇ ਬਰਤਨ ਰੱਖੇ ਗਏ। ਸਥਾਨਕ ਬਨਾਸਰ ਬਾਗ ਵਿਖੇ ਸੰਸਥਾਂ ਵੱਲੋਂ ਮਿੱਟੀ ਦੇ ਬਰਤਨ ਰੱਖ ਕੇ ਉਸ ਵਿੱਚ ਪਾਣੀ ਪਾਉਂਦਿਆਂ ਦੇਖ ਉੱਥੇ ਮੌਜੂਦ ਸ਼ਹਿਰ ਦੇ ਪਤਵੰਤੇ ਸੱਜਣਾਂ ਵੱਲੋਂ ਆਰਗੇਨਾਈਜੇਸ਼ਨ ਦੇ ਕਾਰਜਾਂ ਦੀ ਪੁਰਜ਼ੋਰ ਸ਼ਲਾਘਾ ਕੀਤੀ।

ਇਸ ਸਬੰਧੀ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਸੂਬਾ ਪ੍ਰਧਾਨ ਕੁਲਦੀਪ ਸ਼ਰਮਾ ਨੇ ਦੱਸਿਆ ਕਿ ਅੱਜ ਕੱਲ ਪੈ ਰਹੀ ਮਾਰੂ ਗਰਮੀ ਨਾਲ ਜਿੱਥੇ ਲੋਕਾਂ ਦਾ ਬੁਰਾ ਹਾਲ ਹੋ ਰਿਹਾ ਹੈ ਉੱਥੇ ਹੀ ਬੇਜ਼ੁਬਾਨ ਪੰਛੀਆਂ ਅਤੇ ਜਾਨਵਰਾਂ ਦਾ ਵੀ ਪਾਣੀ ਤੋਂ ਬਿਨਾਂ ਬਹੁਤ ਬੁਰਾ ਹਾਲ ਹੈ ਜਿਸਨੂੰ ਦੇਖਦੇ ਹੋਏ ਸੰਸਥਾਂ ਦੀ ਸਮੁੱਚੀ ਟੀਮ ਵੱਲੋਂ ਪਿੱਛਲੇ ਕਈ ਸਾਲਾਂ ਤੋਂ ਸ਼ੁਰੂ ਕੀਤੀ ਪੰਛੀ ਬਚਾਓ ਮੁਹਿੰਮ ਦੇ ਤਹਿਤ ਸ਼ਹਿਰ ਸੰਗਰੂਰ ਦੇ ਵੱਖ-ਵੱਖ ਚੌਕਾਂ ਅਤੇ ਜਨਤਕ ਥਾਵਾਂ ਉੱਤੇ ਜਿੱਥੇ ਵੱਡੀ ਗਿਣਤੀ ਵਿੱਚ ਪੰਛੀ ਅਤੇ ਜਾਨਵਰ ਆ ਕੇ ਬੈਠਦੇ ਹਨ ਓਹਨਾ ਥਾਵਾਂ ਉੱਤੇ ਮਿੱਟੀ ਦੇ ਬਰਤਨ ਰੱਖ ਕੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕੀਤਾ ਗਿਆ।



ਉਹਨਾਂ ਦੱਸਿਆ ਕਿ ਸੰਸਥਾਂ ਵੱਲੋਂ ਜਿਲ੍ਹਾ ਸੰਗਰੂਰ ਅਧੀਨ ਪੈਂਦੇ ਵੱਖ ਵੱਖ ਹਲਕਿਆਂ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਇਸ ਮੁਹਿੰਮ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ। ਕੁਲਦੀਪ ਸ਼ਰਮਾ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੰਸਥਾਂ ਵੱਲੋਂ ਵਾਤਾਵਰਨ ਨੂੰ ਬਚਾਓ ਮੁਹਿੰਮ ਦੇ ਤਹਿਤ ਜੁਲਾਈ ਮਹੀਨੇ ਤੋਂ ਵੱਡੀ ਗਿਣਤੀ ਵਿੱਚ ਰੁੱਖ ਲਗਾਉਣ ਦੀ ਮੁਹਿੰਮ ਦਾ ਵੀ ਆਗਾਜ਼ ਕੀਤਾ ਜਾਵੇਗਾ।

ਇਸ ਮੌਕੇ ਵਾਤਾਵਰਣ ਪ੍ਰੇਮੀ ਜਤਿੰਦਰ ਕਾਲੜਾ ਨੇ ਕਿਹਾ ਕਿ ਅੱਜ ਕੱਲ੍ਹ ਦੇ ਸਮੇਂ ਚ ਜਰੂਰੀ ਰੁਝੇਵਿਆਂ ਦੇ ਚੱਲਦਿਆਂ ਵਾਤਾਵਰਣ ਜਾਂ ਪਸੂ ਪੰਛੀਆਂ ਲਈ ਸਮਾਂ ਕੱਢਣਾ ਖ਼ਾਸ ਕਰਕੇ ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ ਚ ਬਹੁਤ ਘੱਟ ਦੇਖਣ ਨੂੰ ਮਿਲਦਾ ਹੈ ਪ੍ਰੰਤੂ ਅਜਿਹੇ ਵਿੱਚ ਡੈਮੋਕ੍ਰੇਟਿਕ ਹਿਊਮਨ ਪਾਵਰ ਆਰਗੇਨਾਈਜੇਸ਼ਨ ਵੱਲੋਂ ਆਪਣੇ ਜਰੂਰੀ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਕੀਤੇ ਜਾ ਰਹੇ ਇਸ ਸਮਾਜਸੇਵੀ ਕਾਰਜਾਂ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਉਹ ਘੱਟ ਹੈ। ਕਾਲੜਾ ਨੇ ਕਿਹਾ ਕਿ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਅੱਜ ਵੀ ਅਜਿਹੇ ਨੌਜਵਾਨ ਹਨ ਜੋ ਨਾ ਕਿਤੇ ਆਪਣੇ ਪੁਰਾਣੇ ਬਜ਼ੁਰਗਾਂ ਦੀ ਵਾਤਾਵਰਣ ਤੇ ਇਨਸਾਨੀਅਤ ਪ੍ਰਤੀ ਸੋਚ ਨੂੰ ਬਰਕਰਾਰ ਰੱਖਣ ਦਾ ਯਤਨ ਕਰ ਰਹੇ ਹਨ। ਇਸ ਮੌਕੇ ਵਿਕਰਾਂਤ ਕੁਮਾਰ ਸੈਕਟਰੀ, ਨਰਿੰਦਰ ਕੁਮਾਰ ਖਜਾਨਚੀ, ਸਾਹਿਲ ਕੁਮਾਰ, ਰਵੀ ਗਰਗ, ਪਰਮੀਸ਼ ਸ਼ਰਮਾ, ਰਾਹੁਲ ਕੁਮਾਰ, ਵਿੱਕੀ ਵਰਮਾ, ਸੁਨੀਲ ਸੇਠੀ, ਬਿਕਰਮ ਸਿੰਘ, ਪ੍ਰਿੰਸ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਸੰਸਥਾਂ ਦੇ ਟੀਮ ਮੈਂਬਰ ਮੌਜੂਦ ਸਨ।

ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ "ਵਿਸ਼ਵ ਪੁਸਤਕ ਦਿਵਸ" ਨੂੰ ਸਮਰਪਿਤ ਸੈਮੀਨਾਰ ਕਰਵਾਇਆ

ਤਲਵੰਡੀ ਸਾਬੋ, 28 ਅਪ੍ਰੈਲ (ਰਾਮ ਜਿੰਦਲ ਜਗਾ): ਵਿਦਿਆਰਥੀਆਂ ਵਿੱਚ ਪੜ੍ਹਨ ਦੀ ਆਦਤ ਨੂੰ ਪ੍ਰਫੁੱਲਿਤ ਕਰਨ, ਕਿਤਾਬਾਂ ਸਬੰਧੀ ਜਾਣਕਾਰੀ ਦੇਣ ਲਈ ਜੀ.ਕੇ.ਯੂ. ਸੈਂਟਰਲ ਲਾਇਬ੍ਰੇਰੀ ਅਤੇ ਸਟੂਡੈਂਟ ਕੈਰੀਅਰ ਕੌਂਸਲਿੰਗ ਸੈੱਲ ਵੱਲੋਂ ਇਕ ਸੈਮੀਨਰ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਰਮਿੰਦਰ ਸਿੰਘ, ਮੈਨੇਜਿੰਗ ਡਾਇਰੈਕਟਰ ਕੁੰਆਟਿਲ ਬਿਲਡਰਸ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਵਾਈਸ ਚਾਂਸਲਰ ਪ੍ਰੋ. (ਡਾ.) ਜਗਤਾਰ ਸਿੰਘ ਧੀਮਾਨ, ਡੀਨ, ਅਕਾਦਮਿਕ ਡਾ. ਜਾਵੇਦ ਅਹਿਮਦ ਖਾਨ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਸੈਮੀਨਾਰ ਵਿੱਚ ਵੱਖ-ਵੱਖ ਫੈਕਲਟੀਆਂ ਦੇ ਡੀਨ, ਅਧਿਆਪਕ ਅਤੇ 100 ਤੋਂ ਜ਼ਿਆਦਾ ਵਿਦਿਆਰਥੀ ਹਾਜ਼ਰ ਹੋਏ।

ਸੈਮੀਨਾਰ ਦੇ ਮੁੱਖ ਬੁਲਾਰੇ ਨੇ ਪੁਸਤਕਾਂ ਦਾ ਜੀਵਨ 'ਚ ਮਹੱਤਵ ਤੇ ਵਿਦਿਆਰਥੀਆਂ 'ਚ ਇਸ ਨੂੰ ਪੜ੍ਹਨ ਲਈ ਰੁਚੀ ਪੈਦਾ ਕਰਨ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨਾਲ ਪੁਸਤਕ ਲੇਖਨ ਤੇ ਉੱਨਤ ਛਪਾਈ ਸਬੰਧੀ ਨੁਕਤੇ ਸਾਂਝੇ ਕੀਤੇ। ਉਨ੍ਹਾਂ ਵਿਦਿਆਰਥੀਆਂ ਨੂੰ ਕਾਪੀ ਰਾਈਟ ਤੇ ਇਸ ਦੇ ਤਕਨੀਕੀ ਪਹਿਲੂਆਂ ਬਾਰੇ ਵੀ ਦੱਸਿਆ। ਵਾਈਸ ਚਾਂਸਲਰ ਡਾ. ਧੀਮਾਨ ਨੇ "ਵਿਸ਼ਵ ਕਿਤਾਬ ਦਿਵਸ" ਦੀ ਸਥਾਪਨਾ ਤੇ ਇਸ ਦੀ ਮਹੱਤਤਾ ਬਾਰੇ ਚਾਨਣਾ ਪਾਇਆ, ਉਹਨਾਂ ਕਿਹਾ ਕਿ ਕਿਤਾਬਾਂ ਵਿਦਿਆਰਥੀਆਂ ਦਾ ਸਭ ਤੋਂ ਨੇੜਲੇ ਦੋਸਤ ਹੁੰਦੀਆਂ ਹਨ। ਉਹਨਾਂ ਕਿਹਾ ਕਿ ਕਿਤਾਬਾਂ ਤੋਂ ਮਿਲਿਆ ਗਿਆਨ ਉਮਰ ਭਰ ਉਹਨਾਂ ਦੇ ਨਾਲ ਰਹਿੰਦਾ ਹੈ ਅਤੇ ਹਰ ਘੜੀ ਵਿੱਚ ਉਹਨਾਂ ਲਈ ਸਹਾਈ ਹੁੰਦਾ ਹੈ। ਉਹਨਾਂ ਵਿਦਿਆਰਥੀਆਂ ਨੂੰ ਪੁਸਤਕਾਂ ਨਾਲ ਦੋਸਤੀ ਕਰਨ ਤੇ ਆਪਸ ਵਿੱਚ ਗਿਆਨ ਦੇ ਅਦਾਨ-ਪ੍ਰਦਾਨ ਦੀ ਗੱਲ ਵੀ ਕੀਤੀ। ਡੀਨ ਅਕਾਦਮਿਕ ਡਾ. ਖਾਨ ਨੇ ਸੈਮੀਨਾਰ ਦੇ ਮੰਤਵ ਦੀ ਗੱਲ ਕਰਦਿਆਂ ਦੱਸਿਆ ਕਿ ਕਿਤਾਬਾਂ ਆਪਸ ਵਿੱਚ ਭਾਈਚਾਰਾ ਪੈਦਾ ਕਰਦੀਆਂ ਹਨ ਅਤੇ ਵਿਦਿਆਰਥੀਆਂ ਦੇ ਚਰਿੱਤਰ ਨਿਰਮਾਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ। ਉਹਨਾਂ ਦੱਸਿਆ ਕਿ ਕਿਤਾਬਾਂ ਇਨਸਾਨ ਦਾ ਮਨੋਬਲ ਉੱਚਾ ਰੱਖਦੀਆਂ ਹਨ ਤੇ ਵਧੀਆ ਸਾਹਿਤ ਉਹਨਾਂ ਨੂੰ ਖੁਸ਼ੀਆਂ ਵੰਡਦਾ ਹੈ। ਸਹਾਇਕ ਲਾਇਬ੍ਰੇਰੀਅਨ ਸੁਖਵਿੰਦਰ ਕੌਰ ਤੇ ਪ੍ਰੀਤਮ ਸਿੰਘ ਨੇ ਦੱਸਿਆ ਕਿ ਵਰਸਿਟੀ ਦੀ ਸੈਂਟਰਲ ਲਾਇਬ੍ਰੇਰੀ ਵੱਲੋਂ "ਜੀ.ਕੇ.ਯੂ. ਸਟੂਡੈਂਟ ਬੁੱਕ ਕੱਲਬ" ਦੀ ਸਥਾਪਨਾ ਵੀ ਕੀਤੀ ਗਈ ਹੈ। ਜਿਸ ਦੇ ਮੈਂਬਰ ਬਣ ਕੇ ਵਿਦਿਆਰਥੀ ਆਪਸ ਵਿੱਚ ਕਿਤਾਬਾਂ ਦਾ ਅਦਾਨ-ਪ੍ਰਦਾਨ ਵੀ ਕਰਦੇ ਹਨ।

ਗਊ ਭਗਤਾਂ ਨੇ ਪ੍ਰਧਾਨ ਮੰਤਰੀ ਦੇ ਨਾਮ ਤਹਿਸੀਲਦਾਰ ਨੂੰ ਮੰਗ ਪੱਤਰ ਸੌਂਪਿਆ

ਮੂਨਕ, 28 ਅਪ੍ਰੈਲ (ਸਮਸ਼ੇਰ ਸਿੰਘ ਭੁਟਾਲ): ਦੇਸ਼ ਵਿਆਪੀ ਗਊ ਮਾਤਾ ਸਨਮਾਨ ਆਹਵਾਨ ਮੁਹਿੰਮ ਦੇ ਹਿੱਸੇ ਵਜੋਂ, ਸ਼੍ਰੀ ਕ੍ਰਿਸ਼ਨ ਗਊਸ਼ਾਲਾ ਮੂਨਕ ਦੇ ਮੁੱਖ ਸੇਵਕ ਸੁਭਾਸ਼ ਗਰਗ ਮਾਸਟਰ, ਕੇਵਲ ਕ੍ਰਿਸ਼ਨ ਹਰਿਆਊ, ਮੋਹਿਕ ਗਰਗ ਅਤੇ ਨਰੇਸ਼ ਬਾਂਸਲ ਨੇ ਸੈਂਕੜੇ ਗਊ ਭਗਤਾਂ ਦੇ ਦਸਤਖਤ ਵਾਲਾ ਮੰਗ ਪੱਤਰ ਤਹਿਸੀਲਦਾਰ ਅੰਮ੍ਰਿਤਪਾਲ ਕੌਰ ਨੂੰ ਸੌਂਪਿਆ। ਇਕੱਠ ਨੂੰ ਸੰਬੋਧਨ ਕਰਦਿਆਂ ਸੁਭਾਸ਼ ਮਾਸਟਰ ਨੇ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਉਦੇਸ਼ ਗਊ ਨੂੰ ਰਾਸ਼ਟਰ ਮਾਤਾ ਵਜੋਂ ਸੰਵਿਧਾਨਕ ਦਰਜਾ ਪ੍ਰਾਪਤ ਕਰਾਉਣਾ ਹੈ। ਉਨ੍ਹਾਂ ਕਿਹਾ ਕਿ ਗਊਆਂ ਦੀ ਰੱਖਿਆ ਲਈ ਸਖ਼ਤ ਕਾਨੂੰਨ ਬਣਾ ਕੇ ਤੇ ਦੇਸ਼ ਭਰ 'ਚ ਉਨ੍ਹਾਂ ਦੇ ਕਤਲੇਆਮ 'ਤੇ ਪਾਬੰਦੀ ਲਗਾ ਕੇ, ਉਨ੍ਹਾਂ ਨੂੰ ਬਚਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਕਾਨੂੰਨ ਨਾਲ, ਕੇਂਦਰੀ ਗਊ ਰੱਖਿਆ ਮੰਤਰਾਲੇ ਦੁਆਰਾ ਦੇਸੀ ਗਾਵਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਭਾਰਤ ਦੇ ਸਾਰੇ ਗਊ ਆਸ਼ਰਮ ਨੂੰ ਕੇਂਦਰੀ ਪੱਧਰ 'ਤੇ ਬਜਟ ਵਿੱਚ ਵੰਡ ਮਿਲਣੀ ਚਾਹੀਦੀ ਹੈ। ਇਸ ਮੌਕੇ ਹੋਰ ਸ਼ਰਧਾਲੂ ਵੀ ਮੌਜੂਦ ਸਨ।

ਪਰਸ਼ ਵਾਪਸ ਕਰਕੇ ਮਿਸਾਲ ਕਾਇਮ

ਧਰਮਗੜ੍ਹ, 28 ਅਪ੍ਰੈਲ (ਗੁਰਪ੍ਰੀਤ ਸਿੰਘ ਲਿੱਟ): ਪਿੰਡ ਫਲੇੜਾ ਦੇ ਵਾਸੀ ਬਿੱਟੂ ਸਿੰਘ ਪੁੱਤਰ ਸ਼ੇਰਾ ਸਿੰਘ ਨੇ ਡਿੱਗਿਆ ਹੋਇਆ ਪਰਸ ਵਾਪਸ ਕਰਕੇ ਇਮਾਨਦਾਰੀ ਦੀ ਮਿਸ਼ਾਲ ਕਾਇਮ ਕੀਤੀ ਤੇ ਦੱਸਿਆ ਇਮਾਨਦਾਰੀ ਹਾਲੇ ਮਰੀ ਨਹੀਂ ਜਿਦਾਂ ਹੈ ਬਿੱਟੂ ਸਿੰਘ ਬੁਢਲਾਡਾ ਤੋਂ ਆਪਣੇ ਪਿੰਡ ਫਲੇੜੇ ਨੂੰ ਆ ਰਿਹਾ ਸੀ ਬੱਚੂਆਣੇ ਦੇ ਕੋਲ ਉਹਨਾਂ ਨੂੰ ਇੱਕ ਪਰਸ ਡਿੱਗਿਆ ਹੋਇਆ ਮਿਲਿਆ ਉਸ ਪਰਸ ਵਿੱਚ ਨਗਦ ਰੁਪਏ ਅਤੇ ਡਰਾਈਵਰ ਲਾਇਸੈਂਸ ਅਤੇ ਹੋਰ ਜਰੂਰੀ ਕਾਗਜ਼ਾਤ ਸਨ। ਬਿੱਟੂ ਸਿੰਘ ਨੇ ਉੱਸ ਪਰਸ ਦੀ ਜਾਣਕਾਰੀ ਵਸਟਅੱਪ ਗਰੁੱਪਾਂ ਰਾਹੀਂ ਸਾਂਝੀ ਕੀਤੀ।



ਜਾਣਕਾਰੀ ਦਿੰਦਿਆਂ ਦੱਸਿਆ ਕਿ ਪਰਸ ਵਿੱਚ ਜੋ ਲਾਈਸੰਸ ਸੀ ਉਸ ਉੱਪਰ ਸੁੱਖਦੀਪ ਪੁੱਤਰ ਸਤਪਾਲ ਵਾਸੀ ਕਣਕਵਾਲ ਭੰਗੂਆਂ ਲਿਖਿਆ ਹੋਇਆ ਸੀ ਉਪਰੰਤ ਪਰਸ ਦੇ ਅਸਲੀ ਮਾਲਕ ਤੱਕ ਖੁਦ ਪਹੁੰਚ ਕਰਕੇ ਬਿੱਟੂ ਸਿੰਘ ਨੇ ਸੁਖਦੀਪ ਨੂੰ ਪਰਸ ਵਾਪਸ ਕਰਕੇ ਇੱਕ ਚੰਗੇ ਇਨਸਾਨ ਤੇ ਇਮਾਨਦਾਰੀ ਦੀ ਮਿਸਾਲ ਕਾਇਮ ਕੀਤੀ ਹੈ। ਇਸ ਮੌਕੇ ਵੈਟਰਨਰੀ ਡਾ. ਖੁਸ਼ਵਿੰਦਰ ਪਾਲ ਬਿੰਦੂ ਕਣਕਵਾਲ, ਡਾ. ਨਿਰਮਲ ਸਿੰਘ ਫਲੇੜਾ ਆਦਿ ਨੇ ਬਿੱਟੂ ਦੇ ਚੰਗੇ ਕੰਮ ਦੀ ਸਲਾਘਾ ਕੀਤੀ।

'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਜ਼ਮੀਨੀ ਪੱਧਰ ਤੱਕ ਲੈ ਕੇ ਜਾਣ ਲਈ ਪ੍ਰਸ਼ਾਸਨ ਤੇ ਪੁਲਿਸ ਦਾ ਸਾਂਝਾ ਹੰਭਲਾ

ਸੰਗਰੂਰ, 28 ਅਪ੍ਰੈਲ (ਹਰਕੰਵਲ ਸਿੰਘ ਹੈਪੀ): ਸੰਗਰੂਰ ਦੇ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਅਤੇ ਐਸ ਐਸ ਪੀ ਸਰਤਾਜ ਸਿੰਘ ਚਾਹਲ ਨੇ ਪੰਜਾਬ ਸਰਕਾਰ ਵੱਲੋਂ ਅਰੰਭੀ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਨੂੰ ਘਰ-ਘਰ ਤੱਕ ਪਹੁੰਚਾ ਕੇ ਜ਼ਿਲ੍ਹੇ ਨੂੰ ਨਸ਼ਾ ਮੁਕਤ ਕਰਨ ਲਈ ਮਿਲਜੁਲ ਕੇ ਹੰਭਲਾ ਮਾਰਨ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਜ਼ਿਲ੍ਹਾ ਅਧਿਕਾਰੀਆਂ ਨਾਲ ਇੱਕ ਜਾਇਜ਼ਾ ਮੀਟਿੰਗ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਲਿਆ ਅਹਿਦ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡ ਤੇ ਵਾਰਡ ਡਿਫੈਂਸ ਕਮੇਟੀਆਂ ਦੇ ਸਹਿਯੋਗ ਨਾਲ ਹੇਠਲੇ ਪੱਧਰ ਤੱਕ ਪਹੁੰਚਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਕੂਲਾਂ, ਕਾਲਜਾਂ ਤੇ ਪਿੰਡ ਪੱਧਰ 'ਤੇ ਜਾਗਰੂਕਤਾ ਮੁਹਿੰਮਾਂ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ। ਐਸ ਐਸ ਪੀ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਪੁਲਿਸ ਵੱਲੋਂ ਜਿੱਥੇ ਪ੍ਰਸ਼ਾਸਨ ਦੀ ਨਸ਼ਿਆਂ ਦੇ ਤਸਕਰਾਂ ਵੱਲੋਂ ਨਜਾਇਜ਼ ਕਬਜ਼ੇ ਕਰਕੇ ਕੀਤੀਆਂ ਉਸਾਰੀਆਂ ਨੂੰ ਢਾਹੁਣ ਦੀ ਕਾਰਵਾਈ ਵਿੱਚ ਸਹਿਯੋਗ ਕੀਤਾ ਜਾ ਰਿਹਾ ਹੈ, ਉਥੇ ਹੀ ਨਸ਼ਾ ਤਸਕਰਾਂ ਵਿਰੁੱਧ ਲਗਾਤਾਰ ਸਖ਼ਤ ਕਾਨੂੰਨੀ ਕਾਰਵਾਈ ਵੀ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਨਸ਼ਿਆਂ ਦੇ ਗੈਰਕਾਨੂੰਨੀ ਕਾਰੋਬਾਰ 'ਤੇ ਪੂਰੀ ਤਰ੍ਹਾਂ ਨਕੇਲ ਪਾਉਣ ਲਈ ਪੁਲਿਸ ਵੱਲੋਂ ਖਾਸ ਮੁਹਿੰਮ ਚਲਾਈ ਜਾ ਰਹੀ ਹੈ।

ਸਰਤਾਜ ਸਿੰਘ ਚਾਹਲ ਨੇ ਹੋਰ ਦੱਸਿਆ ਕਿ ਜ਼ਿਲ੍ਹਾ ਵਾਸੀਆਂ ਨੂੰ ਨਸ਼ਾ ਤਸਕਰਾਂ ਦੀ ਜਾਣਕਾਰੀ ਗੁਪਤ ਤੌਰ 'ਤੇ ਪੁਲਿਸ ਨਾਲ ਸਾਂਝੀ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ, ਤਾਂ ਜੋ ਸਮਾਜ ਵਿਰੋਧੀ ਤੱਤਾਂ ਦਾ ਖੁਰਾ ਖੋਜ ਮਿਟਾਇਆ ਜਾ ਸਕੇ। ਡਿਪਟੀ ਕਮਿਸ਼ਨਰ ਅਤੇ ਐਸ ਐਸ ਪੀ ਨੇ ਇਸ ਦੌਰਾਨ ਵੀਡੀਓਜ਼ ਦੇ ਮੈਂਬਰਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੰਗਰੂਰ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਲਈ ਆਮ ਲੋਕਾਂ ਦਾ ਵੱਡਾ ਸਮਰਥਨ ਮਿਲ ਰਿਹਾ ਹੈ, ਜੋ ਇਸ ਮੁਹਿੰਮ ਦੀ ਸਫਲਤਾ ਲਈ ਬਹੁਤ ਜ਼ਰੂਰੀ ਹੈ।



ਉਨ੍ਹਾਂ ਸਾਰੇ ਵਰਗਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਵਿਰੁੱਧ ਇਸ ਜੰਗ ਨੂੰ ਜਿੱਤਣ ਲਈ ਹਰ ਨਾਗਰਿਕ ਆਪਣਾ ਯੋਗਦਾਨ ਪਾਏ ਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਅੱਗੇ ਆਵੇ। ਮੀਟਿੰਗ ਦੌਰਾਨ ਏਡੀਸੀ (ਦਿਹਾਤੀ ਵਿਕਾਸ) ਸੁਖਚੈਨ ਸਿੰਘ ਪਾਪੜਾ ਸਮੇਤ ਸਮੂਹ ਐਸ ਡੀ ਐਮਜ਼, ਡੀਐਸਪੀਜ਼ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

ਪ੍ਰਾਪਰਟੀ ਟੈਕਸ ਵਾਧੇ 'ਤੇ ਭਾਜਪਾ ਦਾ ਤਿੱਖਾ ਹਮਲਾ

ਭੁੱਚੋ ਮੰਡੀ ਨਥਾਣਾ, 28 ਅਪ੍ਰੈਲ (ਹਰਬੰਸ ਸਿੰਘ ਭੋਲਾ): ਭਾਰਤੀ ਜਨਤਾ ਪਾਰਟੀ ਦੇ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਸਰੂਪ ਚੰਦ ਸਿੰਗਲਾ ਨੇ ਪ੍ਰਾਪਰਟੀ ਟੈਕਸ ਵਿੱਚ 5 ਪ੍ਰਤੀਸ਼ਤ ਵਾਧੇ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਰਾਜ ਸਰਕਾਰ 'ਤੇ ਤਿੱਖਾ ਹਮਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਆਪਣੇ ਘੋਸ਼ਣਾ ਪੱਤਰ ਵਿੱਚ ਪ੍ਰਾਪਰਟੀ ਟੈਕਸ ਖਤਮ ਕਰਨ ਦਾ ਵਾਅਦਾ ਕੀਤਾ ਸੀ, ਪਰ ਹੁਣ ਇਸਦੇ ਉਲਟ ਟੈਕਸ ਵਧਾ ਕੇ ਲੋਕਾਂ 'ਤੇ ਵਾਧੂ ਬੋਝ ਪਾਇਆ ਜਾ ਰਿਹਾ ਹੈ। ਸਿੰਗਲਾ ਨੇ ਕਿਹਾ ਕਿ ਸੂਬੇ ਵਿੱਚ ਪਹਿਲਾਂ ਹੀ ਪ੍ਰਾਪਰਟੀ ਟੈਕਸ ਕਾਫ਼ੀ ਜ਼ਿਆਦਾ ਹੈ ਤੇ ਸਰਕਾਰ ਵੱਲੋਂ ਵਪਾਰ ਨੂੰ ਪ੍ਰੋਤਸਾਹਨ ਦੇਣ ਲਈ ਕੋਈ ਠੋਸ ਕਦਮ ਨਹੀਂ ਚੁੱਕੇ ਗਏ। ਇਸ ਕਾਰਨ ਸੂਬ

ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ ਵਿੱਚ ਵਿਕਾਸ ਕਾਰਜ ਜਾਰੀ : ਵਿਧਾਇਕ ਉੱਗੋਕੇ



ਬਰਨਾਲਾ, 28 ਅਪ੍ਰੈਲ (ਬਘੇਲ ਸਿੰਘ ਧਾਲੀਵਾਲ) : ਪੰਜਾਬ ਸਰਕਾਰ ਅਤੇ ਸ. ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਵੱਲੋਂ ਚਲਾਈ ਜਾ ਰਹੀ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਢਿੱਲਵਾਂ, ਸਰਕਾਰੀ ਪ੍ਰਾਇਮਰੀ ਸਕੂਲ ਪੱਖੋਂ ਕਲਾਂ, ਸਰਕਾਰੀ ਹਾਈ ਸਕੂਲ ਧੂਰਕੋਟ, ਸਰਕਾਰੀ ਪ੍ਰਾਇਮਰੀ ਸਕੂਲ ਉੱਗੋਕੇ ਨਿਊ, ਸਰਕਾਰੀ ਪ੍ਰਾਇਮਰੀ ਸਕੂਲ ਆਫ ਹੈਪੀਨੈਸ ਮੋੜਾਂ ਵਿਖੇ ਵਿਕਾਸ ਕਾਰਜਾਂ ਤਹਿਤ 41.53 ਲੱਖ ਦੀ ਲਾਗਤ ਨਾਲ ਉਸਾਰੇ ਗਏ ਨਵੇਂ ਕਮਰਿਆਂ ਦਾ ਉਦਘਾਟਨ ਹਲਕਾ ਵਿਧਾਇਕ ਸ. ਲਾਭ ਸਿੰਘ ਉਗੋਕੇ ਵੱਲੋਂ ਕੀਤਾ ਗਿਆ ਹੈ। ਇਸ ਮੌਕੇ ਉਹਨਾਂ ਕਿਹਾ ਕਿ ਸਰਕਾਰ ਸਿੱਖਿਆ ਕ੍ਰਾਂਤੀ ਰਾਹੀਂ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕਰ ਰਹੀ ਹੈ। ਪੰਜਾਬ ਦੇ ਸਕੂਲਾਂ ਦੀ ਨੁਹਾਰ ਬਦਲ ਚੁੱਕੀ ਹੈ। ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ) ਸ਼੍ਰੀਮਤੀ ਇੰਦੂ ਸਿਮਕ ਜੀ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਰਾਹੀਂ ਪੰਜਾਬ ਦੇ ਸਕੂਲਾਂ ਦੀ ਨੁਹਾਰ ਬਦਲੀ ਹੈ, ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਹਰਿੰਦਰ ਸਿੰਘ ਜੀ ਬਰਾੜ ਨੇ ਕਿਹਾ ਕੀ ਸਰਕਾਰੀ ਸਕੂਲ ਆਧੁਨਿਕ ਬਣ ਗਏ ਹਨ, ਜਿੱਥੇ ਵਿਦਿਆਰਥੀਆਂ ਨੂੰ ਉੱਚ ਪੱਧਰੀ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਡਿਪਟੀ ਡੀ. ਈ.ਓ. ਸ੍ ਬਰਜਿੰਦਰਪਾਲ ਸਿੰਘ ਨੇ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ ਇਸ ਕਮਰੇ 'ਤੇ ਸੱਤ ਲੱਖ ਪੰਜਾਹ ਹਜ਼ਾਰ ਰੁਪਏ ਦੀ ਰਾਸ਼ੀ ਖਰਚ ਕੀਤੀ ਗਈ ਹੈ। ਇਸ ਆਧੁਨਿਕ ਕਮਰੇ ਵਿੱਚ ਬੱਚਿਆਂ ਲਈ ਟੱਚ ਪੈਨਲ ਅਤੇ ਫਰਨੀਚਰ ਆਦਿ ਵੀ ਲਗਾਇਆ ਗਿਆ ਹੈ। ਸਕੂਲ ਮੁਖੀ ਸਤਪਾਲ ਬਾਂਸਲ ਵੱਲੋਂ ਨਬਾਰਡ 29 ਤਹਿਤ ਤਿਆਰ ਕੀਤੀ ਗਈ ਨਵੀਂ ਇਮਾਰਤ ਅਤੇ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਅਤੇ ਨਾਲ ਹੀ ਨਬਾਰਡ 30 ਤਹਿਤ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਸਟੇਜ ਸਕੱਤਰ ਦੀ ਭੂਮਿਕਾ ਸ੍ਰੀ ਮਤੀ ਕਮਲਜੀਤ ਕੌਰ ਵੱਲੋਂ ਨਿਭਾਈ ਗਈ। ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਭਦੌੜ ਅੰਮ੍ਰਿਤਪਲ ਸਿੰਘ ਢਿੱਲਵਾਂ, ਚੇਅਰਮੈਨ ਸਕੂਲ ਮੈਨੇਜਮੈਂਟ ਕਮੇਟੀ ਤਰਸੇਮ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ. ਸੁਨੀਤਇੰਦਰ ਸਿੰਘ, ਪ੍ਰਿੰਸੀਪਲ ਸ ਸ ਸ ਸ ਮੰਡਾਂ ਪ੍ਰਵੀਨ ਕੁਮਾਰੀ, ਹੈੱਡ ਟੀਚਰ ਲਖਵਿੰਦਰ ਕੌਰ, ਸਕੂਲ ਹੈੱਡ ਅਮਰਜੀਤ ਕੌਰ, ਅੱਚ ਟੀ ਨਵਦੀਪ ਸ਼ਰਮਾ, ਮੀਡੀਆ ਕੋਆਰਡੀਨੇਟਰ ਹਰਵਿੰਦਰ ਰੋਮੀ ਤੋਂ ਇਲਾਵਾ ਸਕੂਲ ਸਟਾਫ਼ ਅਤੇ ਹੋਰ ਪਤਵੰਤੇ ਹਾਜ਼ਰ ਸਨ।

ਮਜ਼ਦੂਰ ਦਿਵਸ ਰੈਲੀ ਲਈ ਬਰਨਾਲਾ ਵਿੱਚ ਠੇਕਾ ਮੁਲਾਜ਼ਮਾਂ ਦੀ ਮੀਟਿੰਗ, ਸੰਗਰੂਰ ਵਿੱਚ ਵੱਡੀ ਹਾਜ਼ਰੀ ਦਾ ਫ਼ੈਸਲਾ

ਬਰਨਾਲਾ, 28 ਅਪ੍ਰੈਲ (ਬਘੇਲ ਸਿੰਘ ਧਾਲੀਵਾਲ) : ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਫਰਦ ਕੇਂਦਰ ਕੰਪਿਊਟਰ ਅਪਰੇਟਰ ਐਸੋਸੀਏਸ਼ਨ ਪੰਜਾਬ (ਰਜਿ. 132) ਵੱਲੋਂ ਅੱਜ ਬਰਨਾਲਾ ਵਿੱਚ ਇੱਕ ਮਹੱਤਵਪੂਰਨ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ 1 ਮਈ 2026 (ਮਜ਼ਦੂਰ ਦਿਵਸ) ਨੂੰ ਸੰਗਰੂਰ ਵਿੱਚ ਹੋਣ ਵਾਲੀ ਰਾਜ ਪੱਧਰੀ ਰੈਲੀ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਸ਼ਾਮਲ ਸਾਥੀਆਂ ਵੱਲੋਂ ਵੱਡੀ ਗਿਣਤੀ ਵਿੱਚ ਸੰਗਰੂਰ ਪਹੁੰਚ ਕੇ ਸੰਘਰਸ਼ ਨੂੰ ਮਜ਼ਬੂਤ ਕਰਨ ਦਾ ਫੈਸਲਾ ਲਿਆ ਗਿਆ। ਜ਼ਿਲ੍ਹਾ ਪੱਧਰ 'ਤੇ ਸਾਥੀਆਂ ਵਿੱਚ ਕਾਫੀ ਜੋਸ਼ ਦੇਖਣ ਨੂੰ ਮਿਲਿਆ ਅਤੇ ਏਕਤਾ ਨਾਲ ਅੱਗੇ ਵਧਣ 'ਤੇ ਜ਼ੋਰ ਦਿੱਤਾ ਗਿਆ। ਸੰਬੋਧਨ ਕਰਦਿਆਂ



ਜਥੇਬੰਦੀ ਦੇ ਸੂਬਾ ਖਜ਼ਾਨਚੀ ਤੀਰਥ ਸਿੰਘ ਨੇ ਕਿਹਾ ਕਿ ਇਹ ਸਿਰਫ਼ ਕਿਸੇ ਇੱਕ ਜ਼ਿਲ੍ਹੇ ਦੀ ਗੱਲ ਨਹੀਂ, ਸਗੋਂ ਸਾਰੇ ਪੰਜਾਬ ਦੇ ਫਰਦ ਕੇਂਦਰ ਕਰਮਚਾਰੀਆਂ ਦੀ ਸਾਂਝੀ ਲੜਾਈ ਹੈ। ਉਨ੍ਹਾਂ ਨੇ ਕਿਹਾ ਕਿ ਜਿੰਨੀ ਵੱਡੀ ਗਿਣਤੀ ਵਿੱਚ ਸਾਥੀ ਸ਼ਾਮਲ ਹੋਣਗੇ, ਉੱਨਾ ਹੀ ਮਜ਼ਬੂਤ ਤਰੀਕੇ ਨਾਲ ਆਪਣੀ ਆਵਾਜ਼ ਸਰਕਾਰ ਤੱਕ ਪਹੁੰਚੇਗੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ , ਸੀਨੀਅਰ ਮੀਤ ਪਰਧਾਨ ਤੀਰਥ ਸਿੰਘ, ਮੀਤ ਪਰਧਾਨ ਜਗਸੀਰ ਸਿੰਘ, ਜਨਰਲ ਸਕੱਤਰ ਕੁਲਦੀਪ ਕੁਮਾਰ ਸਹਾਇਕ ਜਨਰਲ ਸਕੱਤਰ ਬਲਦੇਵ ਸਿੰਘ ਖਜ਼ਾਨਚੀ ਵੀਰਪਾਲ ਕੌਰ ਤੋਂ ਇਲਾਵਾ ਮੈਬਰ ਕੰਵਰਜੀਤ ਸਿੰਘ , ਸੰਦੀਪ ਸਿੰਘ, ਗਗਨਦੀਪ ਸਿੰਘ, ਗੁਰਪਰੀਤ ਸਿੰਘ, ਲਖਵਿੰਦਰ ਸਿੰਘ, ਜਸਕਰਨ ਸਿੰਘ, ਸੁਖਦੀਪ ਸਿੰਘ,ਸੌਕੀਨਾ ਬੇਗਮ, ਪਰਮਿੰਦਰ ਕੌਰ, ਰਾਜਵਿੰਦਰ ਕੌਰ, ਸੰਦੀਪ ਕੌਰ ਆਦਿ ਹਾਜ਼ਰ ਸਨ ਅਤੇ ਹੋਰ ਜ਼ਿਲ੍ਹਾ ਸਾਥੀ ਵੀ ਹਾਜ਼ਰ ਰਹੇ। ਇਸ ਮੌਕੇ ਹੋਰ ਜ਼ਿਲ੍ਹਿਆਂ ਦੇ ਸਾਥੀਆਂ ਨੂੰ ਵੀ ਅਪੀਲ ਕੀਤੀ ਗਈ ਕਿ ਉਹ ਵੱਧ ਚੜ੍ਹ ਕੇ ਹਿੱਸਾ ਪਾਉਣ ਅਤੇ 1 ਮਈ ਨੂੰ ਸੰਗਰੂਰ ਵਿੱਚ ਇਕੱਠੇ ਹੋ ਕੇ ਆਪਣੀ ਏਕਤਾ ਦਾ ਪ੍ਰਗਟਾਵਾ ਕਰਨ। ਮੀਟਿੰਗ ਦੇ ਅੰਤ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਜ਼ਿਲ੍ਹਾ ਬਰਨਾਲਾ ਤੋਂ ਵੱਡੀ ਗਿਣਤੀ ਵਿੱਚ ਸਾਥੀ ਰੈਲੀ ਵਿੱਚ ਸ਼ਿਰਕਤ ਕਰਨਗੇ।

ਨਰਸਰੀ ਦੇ ਵਿਦਿਆਰਥੀਆਂ ਲਈ ਰੰਗਾ-ਰੰਗ 'ਗੋ ਗ੍ਰੀਨ ਗਾਲਾ' ਕਰਵਾਇਆ



ਬਰਨਾਲਾ, 28 ਅਪ੍ਰੈਲ (ਹਮੀਰ ਸਿੰਘ) : ਭਾਰਤ ਦੇ ਟਾਪ 50 ਸਕੂਲਾਂ ਵਿੱਚ ਸ਼ੁਮਾਰ ਵਾਈਐਸ ਪਬਲਿਕ ਸਕੂਲ ਵੱਲੋਂ ਨਰਸਰੀ ਦੇ ਵਿਦਿਆਰਥੀਆਂ ਲਈ ਰੰਗਾਰੰਗ 'ਗੋ ਗ੍ਰੀਨ ਗਾਲਾ' ਦਾ ਆਯੋਜਨ ਕੀਤਾ ਗਿਆ। ਇਸ ਵਿਸ਼ੇਸ਼ ਪ੍ਰੋਗਰਾਮ ਦਾ ਮਕਸਦ ਨੰਨੇ ਵਿਦਿਆਰਥੀਆਂ ਨੂੰ ਪਹਿਲਾਂ ਸਟੇਜ ਅਨੁਭਵ ਦੇਣਾ, ਉਨ੍ਹਾਂ ਵਿੱਚ ਆਤਮਵਿਸ਼ਵਾਸ ਪੈਦਾ ਕਰਨਾ ਅਤੇ ਪ੍ਰਕਿਰਤੀ, ਪਰਿਵਾਰਕ ਜੋੜ ਅਤੇ ਮੁੱਲਾਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਸੀ। ਹਰੇ ਰੰਗ ਦੀ ਥੀਮ ਵਿੱਚ ਸਜੇ ਵਿਦਿਆਰਥੀਆਂ ਨੇ ਮਨਮੋਹਕ ਰੈਂਪ ਵਾਕ ਪੇਸ਼ ਕੀਤਾ ਅਤੇ ਆਪਣੇ ਪਹਿਰਾਵੇ ਅਨੁਸਾਰ ਆਤਮਵਿਸ਼ਵਾਸ ਨਾਲ ਆਪਣੀ ਜਾਣ-ਪਹਿਚਾਣ ਕਰਵਾਈ। ਇਹ ਉਨ੍ਹਾਂ ਲਈ ਪਹਿਲਾ ਸਟੇਜ ਤਜਰਬਾ ਬਣਿਆ, ਜਿਸ ਨਾਲ ਵਿਦਿਆਰਥੀਆਂ ਦੇ ਹੌਸਲੇ ਅਤੇ ਪ੍ਰਗਟਾਵੇ ਦੀ ਯੋਗਤਾ ਵਿੱਚ ਵਾਧਾ ਹੋਇਆ। ਇਹ ਸਮਾਗਮ ਕੇਵਲ ਮਨੋਰੰਜਨ ਤੱਕ ਸੀਮਿਤ ਨਹੀਂ ਰਿਹਾ, ਸਗੋਂ ਮੁੱਲਾਂ ਅਤੇ ਸੰਸਕਾਰਾਂ ਨਾਲ ਵੀ ਜੁੜਿਆ ਰਿਹਾ। ਇਸ ਰਾਹੀਂ ਵਿਦਿਆਰਥੀਆਂ ਵਿੱਚ ਵਾਤਵਰਣ ਜਾਗਰੂਕਤਾ, ਆਤਮ-ਅਭਿਵੈਕਤੀ, ਆਤਮਵਿਸ਼ਵਾਸ ਅਤੇ ਇਕੱਠੇ ਸਿੱਖਣ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਮੋਹਿਤ ਜਿੰਦਲ ਨੇ ਕਿਹਾ, 'ਗੋ ਗ੍ਰੀਨ ਗਾਲਾ ਵਿਦਿਆਰਥੀਆਂ ਨੂੰ ਪਹਿਲਾ ਸਟੇਜ ਅਨੁਭਵ ਦੇਣ, ਪੇਰੈਂਟ ਕਨੈਕਟ ਮਜ਼ਬੂਤ ਕਰਨ ਅਤੇ ਅਨੁਭਵਾਤਮਕ ਸਿੱਖਿਆ ਰਾਹੀਂ ਮੁੱਲਾਂ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤਾ ਗਿਆ। ਵਾਈਐਸ ਪਬਲਿਕ ਸਕੂਲ ਵਿੱਚ ਅਸੀਂ ਆਤਮਵਿਸ਼ਵਾਸੀ, ਸੰਵੇਦਨਸ਼ੀਲ ਅਤੇ ਜ਼ਿੰਮੇਵਾਰ ਵਿਅਕਤਿਤਵ ਨਿਰਮਾਣ ਵਿੱਚ ਵਿਸ਼ਵਾਸ ਰੱਖਦੇ ਹਾਂ। ਖੁਸ਼ਗਵਾਰ ਮਾਹੌਲ ਵਿੱਚ ਸਮਾਪਤ ਹੋਇਆ ਇਹ ਸਮਾਗਮ ਮਾਪਿਆਂ ਅਤੇ ਵਿਦਿਆਰਥੀਆਂ ਲਈ ਸੋਹਣੀਆਂ ਯਾਦਾਂ ਛੱਡ ਗਿਆ ਅਤੇ 'ਗੋ ਗ੍ਰੀਨ ਗਾਲਾ' ਸਿੱਖਿਆ, ਮੁੱਲਾਂ ਅਤੇ ਨਾ ਭੁੱਲਣ ਵਾਲੇ ਪਲਾਂ ਦਾ ਸੁੰਦਰ ਉਤਸਵ ਬਣ ਕੇ ਸਾਹਮਣੇ ਆਇਆ।

ਧੀ ਦੇ ਜਨਮ 'ਤੇ ਵਿਆਹ ਵਰਗਾ ਜਸ਼ਨ ਮਨਾਇਆ

ਭਦੌੜ, 28 ਅਪ੍ਰੈਲ (ਸੁਖਵਿੰਦਰ ਪਲਾਹਾ) : ਅਜੋਕੇ ਸਮੇਂ ਵਿੱਚ ਜਿੱਥੇ ਸਮਾਜ ਵਿੱਚ ਧੀਆਂ ਅਤੇ ਪੁੱਤਰਾਂ ਦੇ ਫਰਕ ਨੂੰ ਖ਼ਤਮ ਕਰਨ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ, ਉੱਥੇ ਹੀ ਭਦੌੜ ਦੇ ਮੁਹੱਲਾ ਸੰਧੂਆਂ ਦੇ ਨਿਵਾਸੀ ਮਹਿੰਦੀ ਖਾਨ ਨੇ ਇੱਕ ਮਿਸਾਲ ਕਾਇਮ ਕਰਨ ਵਿੱਚ ਪਹਿਲਕਦਮੀ ਕੀਤੀ ਹੈ। ਉਨ੍ਹਾਂ ਨੇ ਆਪਣੇ ਪੁੱਤਰ ਰਿਆਜ ਅਲੀ ਅਤੇ ਨੂੰਹ ਜੰਨਤ (ਕੈਲਗਿਰੀ ਕੈਨੇਡਾ) ਦੇ ਘਰ ਧੀ ਪੈਦਾ ਹੋਣ ਦੀ ਖੁਸ਼ੀ ਨੂੰ ਕਿਸੇ ਵਿਆਹ ਦੇ ਜਸ਼ਨ ਤੋਂ ਘੱਟ ਨਹੀਂ ਮਨਾਇਆ। ਇਸ ਖ਼ੁਸ਼ੀ ਦੇ ਮੌਕੇ 'ਤੇ ਪਰਿਵਾਰ ਵੱਲੋਂ ਨਿੰਮ ਬੰਨ੍ਹਣ ਦੀ ਰਸਮ ਕੀਤੀ ਗਈ ਅਤੇ ਰਿਸ਼ਤੇਦਾਰਾਂ, ਇਲਾਕੇ ਦੇ ਪਤਵੰਤੇ ਸੱਜਣਾਂ ਸਮੇਤ ਸਮੂਹ ਨਗਰ ਨਿਵਾਸੀਆਂ ਨੂੰ ਸ਼ਾਨਦਾਰ ਪਾਰਟੀ ਦੇ ਕੇ ਸਭ ਦਾ ਮੂੰਹ ਮਿੱਠਾ ਕਰਵਾਇਆ ਗਿਆ। ਮਹਿੰਦੀ ਖਾਨ ਨੇ ਇਸ ਮੌਕੇ ਭਾਵੁਕ ਹੁੰਦਿਆਂ ਕਿਹਾ ਕਿ ਧੀਆਂ ਹਰ ਖੇਤਰ ਵਿੱਚ ਪੁੱਤਰਾਂ ਵਾਂਗ ਹੀ ਤਰੱਕੀ ਦੀਆਂ ਬੁਲੰਦੀਆਂ ਨੂੰ ਛੂਹ ਰਹੀਆਂ ਹਨ। ਇਸ ਮੌਕੇ ਪੰਜਾਬੀ ਗਾਇਕ ਜੀ ਖਾਨ, ਕਾਲਾ ਕਿਲ੍ਹੇ ਵਾਲ਼ਾ, ਗੁਰਵਿੰਦਰ ਸਿੰਘ,ਬੌਬੀ ਕਲਸੀ, ਰਫ਼ੀਕ ਮੁਹੰਮਦ, ਨਜ਼ਾਕਤ ਅਲੀ, ਬਿੱਟੂ ਖਾਨ, ਯੋਗੇਸ਼ ਸ਼ਰਮਾ, ਬੂਟਾ ਖਾਨ, ਸੁਖਵਿੰਦਰ ਸਿੰਘ ਅਕਾਲੀ ਗਰੇਵਾਲ, ਲੱਕੀ ਲਾਈਟ ਵਾਲਾ ਅਤੇ ਮਿੱਠਾ ਡੀਪੂ ਵਾਲਾ ਨੇ ਵਿਸ਼ੇਸ਼ ਤੌਰ



'ਤੇ ਸ਼ਿਰਕਤ ਕੀਤੀ। ਉਨ੍ਹਾਂ ਨੇ ਮਹਿੰਦੀ ਖਾਨ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਜੇਕਰ ਹਰ ਕੋਈ ਇਸੇ ਤਰ੍ਹਾਂ ਧੀਆਂ ਦਾ ਸਤਿਕਾਰ ਕਰੇ ਤਾਂ ਸਮਾਜ ਵਿੱਚੋਂ ਵਿਤਕਰੇ ਦੀ ਭਾਵਨਾ ਨੂੰ ਜਲਦ ਖ਼ਤਮ ਕੀਤਾ ਜਾ ਸਕਦਾ ਹੈ।

ਤਪਾ ਵਿੱਚ ਗਊ ਸੁਰੱਖਿਆ ਮੁਹਿੰਮ ਤਹਿਤ ਗਊ ਭਗਤਾਂ ਨੇ ਐਸ.ਡੀ.ਐਮ. ਨੂੰ ਦਿੱਤਾ ਮੰਗ ਪੱਤਰ



ਤਪਾ ਮੰਡੀ, 28 ਅਪ੍ਰੈਲ (ਭੂਸ਼ਨ ਘੜੈਲਾ/ਰਾਜੂ ਮਹਿਰਾ) : ਪੂਰੇ ਦੇਸ਼ ਅੰਦਰ ਮਹਾਨ ਸੰਤਾਂ ਤੇ ਗਊ ਭਗਤਾਂ ਵੱਲੋਂ ਗਊ ਮਾਤਾ ਨੂੰ ਰਾਸ਼ਟਰ ਮਾਤਾ ਦਾ ਦਰਜਾ ਦਬਾਉਣ ਲਈ ਇੱਕ ਮੁਹਿੰਮ ਛੇੜੀ ਗਈ ਹੈ, ਜਿਸ ਦੇ ਤਹਿਤ ਅੱਜ 27 ਅਪ੍ਰੈਲ ਨੂੰ ਆਪਣੇ ਆਪਣੇ ਤਹਿਸੀਲ ਕੰਪਲੈਕਸਾਂ ਵਿਚ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਮੰਗ ਪੱਤਰ ਦੇਣ ਲਈ ਪ੍ਰੇਰਿਤ ਕੀਤਾ ਗਿਆ ਸੀ। ਇਸ ਮੁਹਿੰਮ ਨੂੰ ਲੈ ਕੇ ਅੰਦਰਲੀ ਗਊਸ਼ਾਲਾ ਵਿਖੇ ਸਮਾਜ ਸੇਵੀ ਤੇ ਮਹਾਂ ਕਾਂਵੜ ਸੰਘ ਪੰਜਾਬ ਦੇ ਸੂਬਾ ਪ੍ਰਧਾਨ ਤਰਲੋਚਨ ਬਾਂਸਲ ਤਪਾ ਦੀ ਅਗਵਾਈ ਹੇਠ ਗਊ ਭਗਤਾਂ ਦਾ ਵਿਸ਼ਾਲ ਇਕੱਠ ਹੋਇਆ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਤਰਲੋਚਨ ਬਾਂਸਲ ਨੇ ਕਿਹਾ ਕਿ ਗਊ ਮਾਤਾ ਨੂੰ ਰਾਸ਼ਟਰ ਮਾਤਾ ਦਾ ਦਰਜਾ ਦਬਾਉਣ ਲਈ ਇੱਕ ਮੰਗ ਪੱਤਰ ਐਸਡੀਐਮ ਤਪਾ ਨੂੰ ਦਿੱਤਾ ਜਾਵੇ ਜਿਸ ਵਿੱਚ ਗਊਸ਼ਾਲਾਵਾਂ ਦੀਆਂ ਕਮੇਟੀਆਂ ਅਤੇ ਸ਼ਹਿਰ ਦੇ ਗਊ ਭਗਤਾਂ ਦੇ ਸਹਿਯੋਗ ਦੀ ਲੋੜ ਹੈ , ਇਸ ਮੌਕੇ ਉਨ੍ਹਾਂ ਇਹ ਵੀ ਮੰਗ ਰੱਖੀ ਕਿ ਗਊ ਹੱਤਿਆ ਕਰਨ ਵਾਲੇ ਨੂੰ ਤਰੁੰਤ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦਾ ਕੇਂਦਰ ਸਰਕਾਰ ਕੋਈ ਢੁੱਕਵਾਂ ਕਾਨੂੰਨ ਬਣਾਵੇ। ਇਸ ਉਪਰੰਤ ਹੀ ਇਕੱਠੇ ਹੋਏ ਗਊ ਭਗਤਾਂ ਵੱਲੋਂ ਤਹਿਸੀਲ ਕੰਪਲੈਕਸ ਪਹੁੰਚ ਕੇ ਐਸਡੀਐਮ ਆਯੂਸ਼ ਗੋਇਲ ਨੂੰ ਮੰਗ ਪੱਤਰ ਦਿੱਤਾ ਗਿਆ ਜਿੱਥੇ ਐਸਡੀਐਮ ਵੱਲੋਂ ਭਰੋਸਾ ਦਿਵਾਉਂਦੇ ਹੋਏ ਇਸ ਉੱਦਮ ਦੀ ਬਹੁਤ ਹੀ ਸ਼ਲਾਘਾ ਕੀਤੀ ਗਈ।ਇਸ ਮੌਕੇ ਸਮਾਜ ਸੇਵੀ ਟਿੰਕੂ ਮਿੱਤਲ , ਮਨੀਸ਼ ਢਿੱਲਵਾਂ ਵਾਲਾ, ਕੇਸਪਾਲ ਗੋਇਲ, ਪ੍ਰੇਮ ਕੁਮਾਰ , ਗੌਰਵ ਬਾਂਸਲ ਸਹਿਣਾ, ਅਸ਼ਵਨੀ ਕੁਮਾਰ ਸ਼ਰਮਾ ਸਹਿਣਾ, ਅੱਗਰਵਾਲ ਸੰਮੇਲਨ ਤਪਾ ਦੇ ਸਰਪ੍ਰਸਤ ਭੂਸ਼ਨ ਘੜੈਲਾ, ਪ੍ਰਧਾਨ ਦੀਪਕ ਗਰਗ, ਬਸਾਤੀ ਐਸੋਸੀਏਸ਼ਨ ਦੇ ਪ੍ਰਧਾਨ ਬੱਬੂ ਤਨੇਜਾ, ਕੇਵਲ ਕ੍ਰਿਸ਼ਨ ਮਿੱਤਲ, ਅੰਮ੍ਰਿਤਪਾਲ ਬਾਂਸਲ ਢਿੱਲਵਾਂ ਬਗਦੂ , ਕੌਂਸਲਰ ਧਰਮਪਾਲ ਸ਼ਰਮਾ, ਸਾਬਕਾ ਕੌਂਸਲਰ ਗੁਰਮਤਿ ਸਿੰਘ ਰੌਂਡ, ਭਗਵੰਤ ਸਿੰਘ ਚੱਠਾ, ਗੁਲਾਬ ਸਿੰਘ, ਡਾ ਵਿੱਕੀ, ਮੁਨੀਸ਼ ਬਹਾਵਲਪੁਰੀਆ, ਬੱਲਾਂ ਮੌਂਡ, ਪ੍ਰਦੀਪ ਜੈਨੂਕੇ, ਗੋਰਾ ਲਾਲ, ਰਿਚੀ ਭੱਟਾਂ, ਹਰੀਸ਼ ਕੁਮਾਰ ਕਾਲਾ ਸਬਜ਼ੀ ਵਾਲਾ, ਬੰਟੀ ਮੌਂਡ ਨਿਤਿਨ, ਰਾਜੂ ਧੌਲਾ , ਪ੍ਰੇਟੀ ਭਾਰਤੀ, ਅਜ਼ੇ ਸਿੰਗਲਾ, ਪ੍ਰਵੀਨ ਕੁਮਾਰ ਰਿਟਾ : ਏਡੀਸੀ, ਸ੍ਰੀ ਰਾਧਾ ਕ੍ਰਿਸ਼ਨ ਮੰਦਰ ਗਊਸ਼ਾਲਾ ਦੇ ਪੁਜਾਰੀ ਅਰਵਿੰਦ ਸ਼ੁਕਲਾ, ਅਸ਼ਵਨੀ ਸ਼ਰਮਾ ਸ਼ਹਿਣਾ, ਬਲਵਿੰਦਰ ਸਿੰਘ ਸ਼ਹਿਣਾ, ਜਰਨੈਲ ਰਾਮ, ਗੁਰਮੇਲ ਸਿੰਘ ਸ਼ਹਿਣਾ, ਤਰਸੇਮ ਲਾਲ ਪੱਪੀ, ਬਲਦੇਵ ਸ਼ਰਮਾ,ਪੰਕਜ ਗੋਇਲਤੋਂ ਇਲਾਵਾ ਵੱਡੀ ਗਿਣਤੀ ਵਿਚ ਸ਼ਹਿਰ ਵਾਸੀ ਅਤੇ ਔਰਤਾਂ ਹਾਜ਼ਰ ਸਨ।

ਨੰਨ੍ਹੇਂ ਮਦਰਾਈਟਸ ਨੇ ਮਨਾਇਆ ਅੰਤਰਰਾਸ਼ਟਰੀ ਨਾਚ ਦਿਵਸ



ਬਰਨਾਲਾ, 28 ਅਪ੍ਰੈਲ (ਇਸ਼ੇਰ ਕੰਗ) : ਐਮ ਟੀ ਐਸ ਬਰਨਾਲਾ ਵਿੱਚ ਅੰਤਰਰਾਸ਼ਟਰੀ ਨ੍ਰਿਤ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਯੂਕੇਜੀ ਤੋਂ ਲੈ ਕੇ ਦੂਜੀ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਆਪਣੇ ਰੰਗ-ਬਰੰਗੇ ਪ੍ਰਦਰਸ਼ਨਾਂ ਨਾਲ ਮੰਚ ਨੂੰ ਰੌਣਕਮਈ ਬਣਾ ਦਿੱਤਾ। ਨੰਨ੍ਹੇ ਮਦਰਾਈਟਸ ਨੇ ਭਾਰਤ ਦੇ ਵੱਖ -ਵੱਖ ਰਾਜਾਂ ਦੇ ਵੱਖ-ਵੱਖ ਨ੍ਰਿਤਯ ਰੂਪ ਪੇਸ਼ ਕਰਕੇ ਦੇਸ਼ ਦੀ ਸੰਸਕ੍ਰਿਤਿਕ ਵਿਭਿੰਨਤਾ ਨੂੰ ਸੁੰਦਰ ਢੰਗ ਨਾਲ ਦਰਸਾਇਆ । ਪਾਰੰਪਰਿਕ ਪਹਿਰਾਵੇ, ਉਚਿਤ ਮੈਕਅੱਪ ਅਤੇ ਸੋਹਣੀਆਂ ਐਕਸੈਸ



ਕੇਂਦਰੀ ਵਿਧਾਨ ਸਭਾ ਹਲਕੇ ਵਿੱਚ ਪੈਂਦੀਆਂ ਤਿੰਨ ਪੰਚਾਇਤਾਂ ਵਿੱਚ ਬਾਕੀ ਰਹਿੰਦੇ ਵਿਕਾਸ ਕਾਰਜ ਆਉਣ ਵਾਲੇ ਦਿਨਾਂ ਵਿੱਚ ਸ਼ੁਰੂ ਕੀਤੇ ਜਾਣ: ਡਾ. ਅਜੈ ਗੁਪਤਾ



ਅੰਮ੍ਰਿਤਸਰ, 28 ਅਪ੍ਰੈਲ (ਬਬਲੂ ਮਹਾਜਨ) : ਕੇਂਦਰੀ ਵਿਧਾਨ ਸਭਾ ਹਲਕੇ ਦੀ ਨੁਮਾਇੰਦਗੀ ਕਰਨ ਵਾਲੇ ਵਿਧਾਇਕ ਡਾ. ਅਜੈ ਗੁਪਤਾ ਨੇ ਅੱਜ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦਲਵਿੰਦਰਜੀਤ ਸਿੰਘ ਅਤੇ ਅਧਿਕਾਰੀਆਂ ਨਾਲ ਇੱਕ ਮੀਟਿੰਗ ਕੀਤੀ। ਮੀਟਿੰਗ ਵਿੱਚ ਮੂਲੇ ਚੱਕ ਪੰਚਾਇਤ ਦੇ ਸਰਪੰਚ ਹਰਜੀਤ ਸਿੰਘ, ਕੀਰਤਨ ਗੜ੍ਹ ਪੰਚਾਇਤ ਦੇ ਸੁਖਦੇਵ ਸਿੰਘ ਅਤੇ ਥਾਂਦੇ ਪੰਚਾਇਤ ਦੇ ਲਖਬੀਰ ਸਿੰਘ ਮੌਜੂਦ ਸਨ। ਵਿਧਾਇਕ ਡਾ. ਗੁਪਤਾ ਨੇ ਕਿਹਾ ਕਿ ਹਲਕੇ ਵਿੱਚ ਪੈਂਦੀਆਂ ਤਿੰਨ ਪੰਚਾਇਤਾਂ ਵਿੱਚ ਬਾਕੀ ਰਹਿੰਦੇ ਵਿਕਾਸ ਕਾਰਜ ਆਉਣ ਵਾਲੇ ਦਿਨਾਂ ਵਿੱਚ ਸ਼ੁਰੂ ਕੀਤੇ ਜਾਣੇ ਚਾਹੀਦੇ ਹਨ।ਵਿਧਾਇਕ ਡਾ. ਗੁਪਤਾ ਨੇ ਕਿਹਾ ਕਿ ਇਨ੍ਹਾਂ ਪੰਚਾਇਤਾਂ ਵਿੱਚ ਬਾਕੀ ਰਹਿੰਦੇ ਵਿਕਾਸ ਕਾਰਜਾਂ ਲਈ ਅਨੁਮਾਨ ਪਹਿਲਾਂ ਹੀ ਤਿਆਰ ਕਰ ਲਏ ਗਏ ਹਨ। ਉਨ੍ਹਾਂ ਅਧਿਕਾਰੀਆਂ ਨੂੰ ਇਨ੍ਹਾਂ ਵਿਕਾਸ ਕਾਰਜਾਂ ਲਈ ਜਲਦੀ ਤੋਂ ਜਲਦੀ ਟੈਂਡਰ ਪ੍ਰਕਿਰਿਆ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਤਾਕੀਦ ਕੀਤੀ ਕਿ ਤਿੰਨ ਪੰਚਾਇਤਾਂ ਵਿੱਚ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਾ ਆਉਣ ਦਿੱਤੀ ਜਾਵੇ। ਉਨ੍ਹਾਂ ਤਾਕੀਦ ਕੀਤੀ ਕਿ ਬਾਕੀ ਰਹਿੰਦੀਆਂ ਸਾਰੀਆਂ ਸੜਕਾਂ ਤੇ ਨਿਰਮਾਣ ਕਾਰਜ ਜਲਦੀ ਸ਼ੁਰੂ ਕੀਤੇ ਜਾਣ।ਇਸ ਮੌਕੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਬੀਡੀਪੀਓ ਅਤੇ ਹੋਰ ਅਧਿਕਾਰੀਆਂ ਨਾਲ ਬਾਕੀ ਰਹਿੰਦੇ ਵਿਕਾਸ ਪ੍ਰੋਜੈਕਟਾਂ ਬਾਰੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸਾਰੇ ਵਿਕਾਸ ਪ੍ਰੋਜੈਕਟਾਂ ਲਈ ਇੱਕ ਰੋਡਮੈਪ ਤਿਆਰ ਕਰਨ ਅਤੇ ਉਨ੍ਹਾਂ ਨੂੰ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਇੱਕ ਸਮੀਖਿਆ ਮੀਟਿੰਗ ਕੀਤੀ ਜਾਵੇਗੀ।

ਜਲ ਸਰੋਤ ਮੰਤਰੀ ਬਰਿੰਦਰ ਗੋਇਲ ਨੇ ਧੁੱਸੀ ਬੰਨ੍ਹ ਵਿਖੇ ਚਲ ਰਹੇ ਹੜ੍ਹ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ

ਪੰਜਾਬ ਸਰਕਾਰ ਵੱਲੋਂ ਹੜ੍ਹ ਰੋਕੂ ਪ੍ਰਬੰਧਾਂ 'ਤੇ 600 ਕਰੋੜ ਰੁਪਏ ਕੀਤੇ ਜਾ ਰਹੇ ਹਨ ਖ਼ਰਚ : ਜਲ ਸਰੋਤ ਮੰਤਰੀ

ਅਜਨਾਲਾ , 28 ਅਪ੍ਰੈਲ (ਸੁਖਦੇਵ ਸਿੰਘ ਖਾਲਸਾ/ਜਗੀਰ ਸਿੰਘ ਮੰਡ) : ਸੂਬੇ ਦੇ ਜਲ ਸਰੋਤ ਮੰਤਰੀ ਬਰਿੰਦਰ ਗੋਇਲ ਨੇ ਅੱਜ ਜ਼ਿਲ੍ਹਾ ਅੰਮ੍ਰਿਤਸਰ ਦੀ ਬੀ.ਓ.ਪੀ. ਸ਼ਾਹਪੁਰ ਵਿਖੇ ਰਾਵੀ ਦਰਿਆ ਦੇ ਧੁੱਸੀ ਬੰਨ੍ਹ ਵਿਖੇ ਚਲ ਰਹੇ ਹੜ੍ਹ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਵਿਧਾਨ ਹਲਕਾ ਅਜਨਾਲਾ ਦੇ ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਅਤੇ ਜਲ ਸਰੋਤ ਵਿਭਾਗ ਦੇ ਨਿਗਰਾਨ ਇੰਜੀਨੀਅਰ ਜਗਦੀਸ਼ ਰਾਜ, ਕਾਰਜਕਾਰੀ ਇੰਜੀਨੀਅਰ ਵਿਸ਼ਵਪਾਲ ਗੋਇਲ ਅਤੇ ਉਪ ਮੰਡਲ ਅਫ਼ਸਰ ਸ. ਸਤਨਾਮ ਸਿੰਘ ਵੀ ਮੌਜੂਦ ਸਨ। ਪਿਛਲੇ ਸਾਲ ਆਏ ਹੜ੍ਹਾਂ ਕਾਰਨ ਬੀ.ਓ.ਪੀ. ਸ਼ਾਹਪੁਰ ਵਿਖੇ ਰਾਵੀ ਦਰਿਆ ਦਾ ਧੁੱਸੀ ਬੰਨ੍ਹ ਟੁੱਟ ਗਿਆ ਸੀ ਅਤੇ ਜਲ ਸਰੋਤ ਵਿਭਾਗ ਵੱਲੋਂ ਇਸ ਪਾੜ ਨੂੰ ਭਰਨ ਤੋਂ ਬਾਅਦ ਪੱਥਰ ਲਗਾ ਕੇ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸ ਥਾਂ 'ਤੇ ਹੜ੍ਹ ਰੋਕੂ ਪ੍ਰਬੰਧਾਂ ਤਹਿਤ ਜਲ ਸਰੋਤ ਵਿਭਾਗ ਵੱਲੋਂ 4 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ।ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਗੋਇਲ ਨੇ ਕਿਹਾ ਕਿ ਪੰਜਾਬ ਸਰਕਾਰ ਮਾਨਸੂਨ ਸੀਜ਼ਨ ਤੋਂ ਪਹਿਲਾਂ ਹੜ੍ਹਾਂ ਜਾਂ ਭਾਰੀ ਮੀਂਹ ਕਰਕੇ ਹੁੰਦੇ ਨੁਕਸਾਨ ਨੂੰ ਘੱਟ ਤੋਂ ਘੱਟ ਕਰਨ ਅਤੇ ਜਾਨ-ਮਾਲ ਦੀ ਰਾਖੀ ਲਈ ਸਰਗਰਮੀ



ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਹੜ੍ਹ ਰੋਕੂ ਪ੍ਰਬੰਧਾਂ ਤਹਿਤ 600 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਹੜ੍ਹ ਆਉਣ ਤੋਂ ਬਾਅਦ ਜਲ ਸਰੋਤ ਵਿਭਾਗ ਵੱਲੋਂ 4 ਦਰਿਆਵਾਂ 'ਤੇ ਦੋ-ਦੋ ਨਿਗਰਾਨ ਇੰਜੀਨੀਅਰਾਂ ਦੀ ਅਗਵਾਈ ਵਿਚ ਕਮੇਟੀਆਂ ਬਣਾਈਆਂ ਗਈਆਂ ਸਨ ਅਤੇ ਇਨ੍ਹਾਂ ਕਮੇਟੀ ਨੇ 132 ਥਾਵਾਂ ਦੀ ਨਾਜ਼ੁਕ ਥਾਵਾਂ ਨਿਸ਼ਾਨਦੇਹੀ ਕੀਤੀ ਅਤੇ ਇਨ੍ਹਾਂ ਸਾਰੀਆਂ ਥਾਵਾਂ ਤੇ ਹੜ੍ਹ ਰੋਕੂ ਪ੍ਰਬੰਧਾਂ ਤਹਿਤ ਕੰਮ ਚੱਲ ਰਿਹਾ ਹੈ ਜਿਨ੍ਹਾਂ ਵਿਚੋਂ ਕੁਝ ਮੁਕੰਮਲ ਹੋ ਗਏ ਹਨ ਅਤੇ ਰਹਿੰਦੇ ਸਾਰੇ ਕੰਮ 30 ਜੂਨ 2026 ਤੱਕ ਮੁਕੰਮਲ ਕਰ ਲਏ ਜਾਣਗੇ।ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਗੋਇਲ ਨੇ ਕਿਹਾ ਕਿ ਪਿਛਲੇ ਬਰਸਾਤੀ ਸੀਜ਼ਨ ਦੌਰਾਨ ਆਏ ਹੜ੍ਹਾਂ ਕਾਰਨ ਦਰਿਆ ਰਾਵੀ ਦੇ ਧੁੱਸੀ ਬੰਨ੍ਹ ਵਿੱਚ 23 ਥਾਵਾਂ ਤੋਂ ਪਾੜ ਪਿਆ ਸੀ ਅਤੇ ਵਿਭਾਗ ਵੱਲੋਂ ਇਨ੍ਹਾਂ ਪਾੜਾਂ ਨੂੰ ਪੂਰ ਕੇ ਪੱਥਰ ਲਗਾ ਕੇ ਇਨ੍ਹਾਂ ਦੀ ਮਜ਼ਬੂਤੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਦਰਿਆ ਵਿੱਚ ਡੀ-ਸਿਲਟਿੰਗ ਦਾ ਕੰਮ ਵੀ ਜੰਗੀ ਪੱਧਰ 'ਤੇ ਚੱਲ ਰਿਹਾ ਹੈ ਅਤੇ ਮਨਾਸੂਨ ਸੀਜ਼ਨ ਤੋਂ ਪਹਿਲਾਂ-ਪਹਿਲਾਂ ਇਸ ਨੂੰ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ੱਕੀ ਨਾਲੇ ਦੀ ਸਫ਼ਾਈ ਦਾ ਕੰਮ ਵੀ ਜਾਰੀ ਹੈ। ਹੋਰ ਬਰਸਾਤੀ ਨਾਲਿਆਂ ਦੀ ਸਫ਼ਾਈ ਵੀ ਕੀਤੀ ਜਾ ਰਹੀ ਹੈ। ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਗੋਇਲ ਨੇ ਅੱਗੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਹੜ੍ਹ ਰੋਕਥਾਮ, ਰਾਹਤ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਅਤੇ ਨਹਿਰਾਂ ਅਤੇ ਨਾਲਿਆਂ (ਡਰੇਨਾਂ) ਦੀ ਸਫਾਈ ਵਾਸਤੇ ਫਿਨਲੈਂਡ ਤੋਂ ਉੱਨਤ ਕਿਸਮ ਦੀਆਂ ਐਂਫੀਬੀਅਸ ਮਸ਼ੀਨਾਂ (ਪਾਣੀ ਵਿੱਚ ਅਤੇ ਧਰਤੀ 'ਤੇ ਚੱਲਣ ਵਾਲੀਆਂ ਮਸੀਨਾਂ) ਦੀ ਖਰੀਦ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਮਸੀਨਾਂ ਵਗਦੇ ਪਾਣੀ ਵਿੱਚ ਵੀ ਕੰਮ ਕਰਨ ਅਤੇ ਡੂੰਘਾਈ ਨਾਲ ਸਫ਼ਾਈ ਦੇ ਸਮਰੱਥ ਹਨ, ਜੋ ਇਨ੍ਹਾਂ ਮਸ਼ੀਨਾਂ ਨੂੰ ਰੋਕਥਾਮ ਉਪਾਵਾਂ ਅਤੇ ਐਮਰਜੈਂਸੀ ਕਾਰਵਾਈ ਲਈ ਮਹੱਤਵਪੂਰਨ ਬਣਾਉਂਦਾ ਹੈ। ਉਨ੍ਹਾਂ ਕਿਹਾ ਕਿ ਇਹ ਬਹੁ-ਮੰਤਵੀ ਮਸੀਨਾਂ ਡੂੰਘਾਈ ਨਾਲ ਸਫ਼ਾਈ ਕਰ ਸਕਦੀਆਂ ਹਨ, ਜਿਸ ਲਈ ਸੰਭਾਵਿਤ ਅਤੇ ਐਮਰਜੈਂਸੀ ਹਾਲਾਤਾਂ ਵਿੱਚ ਹੜ੍ਹ ਰਾਹਤ ਕਾਰਜਾਂ ਵਾਸਤੇ ਇਨ੍ਹਾਂ ਮਸ਼ੀਨਾਂ ਨੂੰ ਖ਼ਰੀਦਿਆ ਜਾ ਰਿਹਾ ਹੈ।ਇਸ ਮੌਕੇ ਵਿਧਾਇਕ ਅਜਨਾਲਾ ਸ. ਕੁਲਦੀਪ ਸਿੰਘ ਧਾਲੀਵਾਲ ਨੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਗੋਇਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਹੜ੍ਹ ਰੋਕੂ ਪ੍ਰਬੰਧਾਂ ਨੂੰ ਸਮਾਂ ਰਹਿੰਦੇ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਅਜਨਾਲਾ ਹਲਕੇ ਦੇ ਕਈ ਪਿੰਡਾਂ ਨੂੰ ਹੜ੍ਹਾਂ ਦੀ ਮਾਰ ਝੱਲਣੀ ਪਈ ਸੀ ਅਤੇ ਮਾਨ ਸਰਕਾਰ ਵੱਲੋਂ ਹੜ੍ਹ ਪੀੜ੍ਹਤਾਂ ਦੀ ਬਾਂਹ ਫੜ੍ਹ ਕੇ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਨਸੂਨ ਤੋਂ ਪਹਿਲਾਂ ਸਾਰੇ ਹੜ੍ਹ ਰੋਕੂ ਪ੍ਰਬੰਧ ਮੁਕੰਮਲ ਕੀਤੇ ਜਾ ਰਹੇ ਹਨ ਅਤੇ ਰਾਜ ਸਰਕਾਰ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਵਚਨਬੱਧ ਹੈ।

ਆਮ ਆਦਮੀ ਪਾਰਟੀ ਦੀ ਅਸਲੀ ਤਾਕਤ ਉਸ ਦੇ ਵਰਕਰ ਹਨ : ਜਸਵਿੰਦਰ ਪਾਲ ਸਿੰਘ

ਪੰਜਾਬ ਨਾਲ ਗਦਾਰੀ ਕਰਨ ਵਾਲਿਆਂ ਨੂੰ ਲੋਕ ਮਾਫ ਨਹੀਂ ਕਰਨਗ



ਗੁਰਦਾਸਪੁਰ, 28 ਅਪ੍ਰੈਲ (ਜਸਵਿੰਦਰ ਸਿੰਘ) : ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜਸਵਿੰਦਰ ਪਾਲ ਸਿੰਘ ਜ਼ਿਲ੍ਹਾ ਪ੍ਰਧਾਨ ਐਸਸੀ ਵਿੰਗ ਗੁਰਦਾਸਪੁਰ ਨੇ ਵਿਸ਼ੇਸ਼ ਤੌਰ 'ਤੇ ਮੀਡੀਆ ਦੇ ਰੂਬਰੂ ਹੁੰਦੇ ਕਿਹਾ ਕਿ ਆਮ ਆਦਮੀ ਪਾਰਟੀ ਅੱਜ ਵੀ ਪੂਰੀ ਤਰਹਾਂ ਮਜ਼ਬੂਤ ਹੈ ਤੇ ਉਸ ਦੀ ਅਸਲੀ ਤਾਕਤ ਉਸ ਦੇ ਵਰਕਰ ਹਨ ਜੋ ਜਮੀਨੀ ਪੱਧਰ 'ਤੇ ਪਾਰਟੀ ਲਈ ਕੰਮ ਕਰਦੇ ਹਨ ਅਤੇ ਪਾਰਟੀ ਦਾ ਸੁਨੇਹਾ ਘਰ ਘਰ ਪਹੁੰਚਾਉਂਦੇ ਹਨ ਉਹਨਾਂ ਕਿਹਾ ਕਿ ਕੁਝ ਲੀਡਰਾਂ ਦੇ ਪਾਰਟੀ ਛੱਡਣ ਨਾਲ ਆਮ ਆਦਮੀ ਪਾਰਟੀ ਨੂੰ ਕੋਈ ਫਰਕ ਨਹੀਂ ਹੈ। ਉਹਨਾਂ ਕਿਹਾ ਕਿ ਇਹ ਉਹ ਲੀਡਰ ਹਨ ਜਿਨ੍ਹਾਂ ਨੂੰ ਆਮ ਆਦਮੀ ਪਾਰਟੀ ਨੇ ਬਣਾਇਆ ਸੀ। ਇਹ ਸਾਰੇ ਹੀ ਲੀਡਰ ਭਾਜਪਾ ਦੇ ਦਬਾਅ ਤੇ ਲਾਲਚ ਵਿੱਚ ਆ ਕੇ ਆਮ ਆਦਮੀ ਪਾਰਟੀ ਨੂੰ ਦਗਾ ਦੇ ਗਏ ਹਨ ਲੇਕਿਨ ਪਾਰਟੀ ਦਾ ਵਰਕਰ ਅੱਜ ਵੀ ਆਮ ਆਦਮੀ ਪਾਰਟੀ ਨਾਲ ਚਟਾਨ ਵਾਂਗ ਖੜਾ ਹੈ ਅਤੇ ਸਾਡੀ ਤਾਕਤ ਸਾਡੇ ਵਰਕਰ ਹਨ। ਉਨ੍ਹਾਂ ਕਿਹਾ ਕਿ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਅੱਜ ਵੀ ਪਾਰਟੀ ਦਾ ਆਮ ਵਰਕਰ ਚਟਾਨ ਵਾਂਗ ਖੜਾ ਹੈ, ਕਿਉਂਕਿ ਆਮ ਆਦਮੀ ਪਾਰਟੀ ਦੇਸ਼ ਦੀ ਰਾਜਨੀਤੀ ਬਦਲਣ ਲਈ ਆਈ ਹੈ ਜੋ ਭਾਜਪਾ ਸਮੇਤ ਹੋਰ ਵਿਰੋਧੀ ਪਾਰਟੀਆਂ ਨੂੰ ਬਰਦਾਸ਼ਤ ਨਹੀਂ ਹੋ ਰਿਹਾ ਉਹਨਾਂ ਨੇ ਇਹ ਵੀ ਕਿਹਾ ਕਿ ਭਾਜਪਾ ਜਿੰਨੀ ਮਰਜ਼ੀ ਤਾਕਤ ਦਾ ਇਸਤੇਮਾਲ ਕਰ ਲਵੇ ਲੇਕਿਨ ਆਮ ਆਦਮੀ ਪਾਰਟੀ ਨਾ ਕਦੀ ਡਰੀ ਹੈ ਤੇ ਨਾ ਹੀ ਕਦੀ ਝੁਕੇਗੀ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਨਾਲ ਖੜੇ ਹਨ ਅਤੇ ਜਿਹੜੇ ਲੋਕ ਪਾਰਟੀ ਨਾਲ ਗਦਾਰੀ ਕਰਕੇ ਭਾਜਪਾ ਵਿੱਚ ਗਏ ਹਨ ਉਹਨਾਂ ਨੂੰ ਪੰਜਾਬ ਦੇ ਲੋਕ ਕਦੀ ਵੀ ਬਰਦਾਸ਼ਤ ਨਹੀਂ ਕਰਨਗੇ। ਅਜਿਹੇ ਲੀਡਰਾਂ ਦੀ ਕਿਸੇ ਵੀ ਥਾਂ 'ਤੇ ਕੋਈ ਮੁਕਤੀ ਨਹੀਂ ਹੁੰਦੀ। ਉਹਨਾਂ ਕਿਹਾ ਕਿ ਇਹਨਾਂ ਨੂੰ ਆਮ ਆਦਮੀ ਪਾਰਟੀ ਨੇ ਬਹੁਤ ਮਾਨ ਸਨਮਾਨ ਦਿੱਤਾ ਲੇਕਿਨ ਇਹਨਾਂ ਲੋਕਾਂ ਦੇ ਇਹ ਮਾਨ ਸਨਮਾਨ ਹਜਮ ਨਹੀਂ ਹੋਇਆ। ਉਹਨਾਂ ਕਿਹਾ ਕਿ ਇਹ ਲੋਕ ਜਲਦੀ ਪੰਜਾਬ ਦੀ ਰਾਜਨੀਤੀ ਤੋਂ ਪੂਰੀ ਤਰ੍ਹਾਂ ਖਤਮ ਹੋ ਜਾਣਗੇ ।

ਜੇਕੇ ਲਿਟਲ ਕੋਲੰਬਸ ਸਕੂਲ ਵਿੱਚ ਡਾਕਟਰੀ ਕੈਂਪ ਲਗਾਇਆ



ਅੰਮ੍ਰਿਤਸਰ, 28 ਅਪ੍ਰੈਲ (ਬਬਲੂ ਮਹਾਜਨ) : ਜੇਕੇ ਲਿਟਲ ਕੋਲੰਬਸ ਸਕੂਲ ਏਅਰਪੋਰਟ ਰੋਡ ਨਜ਼ਦੀਕ ਜਨਤਾ ਹੋਸਪਿਟਲ ਜਿੱਥੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮੈਦਾਨਤਾ ਗਰੁੱਪ ਵੱਲੋਂ ਮੈਡੀਕਲ ਕੈਂਪ ਲਗਾਇਆ ਗਿਆ। ਸਕੂਲ ਦੇ ਡਾਇਰੈਕਟਰ ਜੁਗਲ ਕਿਸ਼ੋਰ ਗੁਮਟਾਲਾ ਦੀ ਦੇਖ ਰੇਖ ਵਿੱਚ ਲਗਵਾਏ ਗਏ ਇਸ ਮੈਡੀਕਲ ਕੈਂਪ ਦੌਰਾਨ ਨਗਰ ਨਿਗਮ ਦੇ ਅਸਿਸਟੈਂਟ ਕਮਿਸ਼ਨਰ ਵਿਸ਼ਾਲ ਵਧਾਵਨ ਵੱਲੋਂ ਇਸ ਕੈਂਪ ਦਾ ਉਦਘਾਟਨ ਕੀਤਾ ਗਿਆ। ਇਸ ਦੌਰਾਨ ਵਿਸ਼ਾਲ ਵਧਾਵਨ ਨੇ ਜੁਗਲ ਕਿਸ਼ੋਰ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਕੀਤਾ ਗਿਆ ਇਹ ਉਪਰਾਲਾ ਸ਼ਲਾਘਾਯੋਗ ਦੱਸਿਆ। ਉਹਨਾਂ ਨੇ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਦੀ ਉਹਨਾਂ ਦੇ ਮਾਤਾ ਪਿਤਾ ਅਤੇ ਇਲਾਕੇ ਦੇ ਲੋਕਾਂ ਦੀ ਸਿਹਤ ਲਈ ਇਹ ਬਹੁਤ ਵੱਡਾ ਉਪਰਾਲਾ ਹੈ ਕਿਉਂਕਿ ਅੱਜ ਦੇ ਸਮੇਂ ਵਿੱਚ ਬਾਕੀ ਦੇ ਕੰਮ ਬਾਅਦ 'ਚ ਪਹਿਲਾਂ ਸਿਹਤ ਜ਼ਰੂਰੀ ਹੈ ਨੂੰ ਧਿਆਨ ਵਿੱਚ ਰੱਖਦੇ ਆਂ ਇਹ ਮੈਡੀਕਲ ਕੈਂਪ ਲਗਾਉਣਾ ਸਮੇਂ ਦੀ ਬਹੁਤ ਵੱਡੀ ਜ਼ਰੂਰਤ ਹੈ। ਇਸ ਮੌਕੇ ਵਿਕਾਸ ਸ਼ਰਮਾ ,ਹਨੀ ਸ਼ਰਮਾ ਤੋਂ ਇਲਾਵਾ ਸਕੂਲ ਦੇ ਪ੍ਰਿੰਸੀਪਲ ਸਨੀਆ ਕਪੂਰ ਵਾਈਸ ਪ੍ਰਿੰਸੀਪਲ ਰੇਹੀ ਅਹੁਜਾ ਅਤੇ ਹੋਰ ਵੀ ਸਕੂਲ ਦਾ ਸਟਾਫ ਹਾਜ਼ਰ ਸੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਵਿਰਾਸਤ ਅਤੇ ਟਿਕਾਊ ਨਿਵਾਸ ਸਬੰਧੀ 3 ਦਿਨਾਂ ਵਰਕਸ਼ਾਪ ਸ਼ੁਰੂ

ਅੰਮ੍ਰਿਤਸਰ, 28 ਅਪ੍ਰੈਲ (ਗੁਰਦਿਆਲ ਸਿੰਘ) : ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਵੱਲੋਂ ਸੈਂਟਰ ਫਾਰ ਸਸਟੇਨੇਬਲ ਹੈਬਿਟੈਟ, ਰੂਸਾ 2.0 ਦੇ ਸਹਿਯੋਗ ਨਾਲ ਵਿਰਾਸਤ ਅਤੇ ਟਿਕਾਊ ਨਿਵਾਸ: ਡਿਜਿਟਲ ਆਰਕਾਈਵਜ਼ ਅਤੇ ਮਿਊਜ਼ੀਅਮ ਬਾਰੇ ਤਿੰਨ ਦਿਨਾਂ ਵਰਕਸ਼ਾਪ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੇ ਕਾਨਫਰੰਸ ਹਾਲ ਵਿੱਚ ਸ਼ੁਰੂ ਹੋਈ ।ਪਹਿਲੇ ਦਿਨ ਉਦਘਾਟਨੀ ਸੈਸ਼ਨ ਦੀ ਸ਼ੁਰੂਆਤ ਡਾ. ਸ਼ੇਫਾਲੀ ਚੌਹਾਨ ਦੇ ਸਵਾਗਤੀ ਸੰਬੋਧਨ ਨਾਲ ਹੋਈ। ਇਸ ਮੌਕੇ 'ਤੇ ਇਤਿਹਾਸ ਵਿਭਾਗ ਦੇ ਮੁਖੀ ਡਾ. ਮਨੂ ਸ਼ਰਮਾ ਨੇ ਵਰਕਸ਼ਾਪ ਦੇ ਵਿਸ਼ੇ ਅਤੇ ਵਿਸ਼ੇਸ਼ ਬੁਲਾਰਿਆਂ ਦੀ ਜਾਣ-ਪਛਾਣ ਕਰਵਾਈ। ਉਦਘਾਟਨੀ ਭਾਸ਼ਣ ਦਿੰਦਿਆਂ ਯੂਨੀਵਰਸਿਟੀ ਦੇ ਸਾਬਕਾ ਮੁਖੀ ਡਾ. ਸੁਖਦੇਵ ਸਿੰਘ ਸੋਹਲ ਨੇ ਕਿਹਾ ਕਿ ਆਰਟੀਫ਼ਿਸ਼ਲ ਇੰਟੈਲੀਜੈਂਸ ਇਤਿਹਾਸਕ ਖੋਜ ਵਿੱਚ ਮਦਦਗਾਰ ਹੈ, ਪਰ ਇਸ ਨਾਲ ਬਣ ਰਹੀ ਜਾਣਕਾਰੀ ਨੂੰ ਬਿਨਾਂ ਜਾਂਚੇ-ਪਰਖੇ ਸਵੀਕਾਰ ਕਰਨਾ ਖਤਰਨਾਕ ਹੋ ਸਕਦਾ ਹੈ। ਉਨ੍ਹਾਂ ਨੇ ਇਸਨੂੰ ਜਾਣਕਾਰੀ ਦਾ ਸੁਨਾਮੀ ਦੱਸਦਿਆਂ ਕਿਹਾ ਕਿ ਖੋਜਕਰਤਿਆਂ ਨੂੰ ਮੁੱਖ ਸਰੋਤਾਂ ਅਤੇ ਪ੍ਰਮਾਣਿਕ ਦਸਤਾਵੇਜ਼ਾਂ ਨੂੰ ਹੀ ਤਰਜੀਹ ਦੇਣੀ ਚਾਹੀਦੀ ਹੈ।ਪਟਨਾ ਅਤੇ ਬਿਹਾਰ ਮਿਊਜ਼ੀਅਮ ਦੇ ਐਡੀਸ਼ਨਲ ਡਾਇਰੈਕਟਰ ਡਾ. ਸੁਨੀਲ ਕੁਮਾਰ ਝਾ ਨੇ ਡਿਜਿਟਲ ਆਰਕਾਈਵਜ਼ ਦੀ ਮਹੱਤਤਾ ਬਾਰੇ ਵਿਸਥਾਰ ਨਾਲ



ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਹ ਇਤਿਹਾਸਕ ਸਮੱਗਰੀ ਨੂੰ ਸੰਭਾਲਣ ਅਤੇ ਖ



ਪਟਿਆਲਾ-ਆਸ/ਪਾਸ



ਕੰਵਰ ਗਿੱਲ ਨੇ ਖੇਡ ਜਗਤ 'ਚ ਨਵਾਂ ਮੀਲ ਪੱਥਰ ਹਾਸਲ ਕੀਤਾ

ਆਡੈਕਸ ਸਾਈਕਲਿੰਗ 'ਚ ਦਬਦਬੇ ਤੋਂ ਬਾਅਦ ਪਹਿਲਾ ਪ੍ਰੋਕੈਮ ਸਲੈਮ ਪੂਰਾ ਕੀਤਾ



ਪਟਿਆਲਾ, 28 ਅਪ੍ਰੈਲ (ਚ.ਨ.ਸ) : ਕਵੰਰ ਗਿੱਲ, ਜੋ ਕਿ ਐਂਡਿਊਰੈਂਸ ਖੇਡਾਂ ਵਿੱਚ ਇੱਕ ਮਸ਼ਹੂਰ ਨਾਮ ਹੈ, ਨੇ ਆਪਣੀ ਯਾਤਰਾ ਵਿੱਚ ਇੱਕ ਹੋਰ ਵੱਡੀ ਉਪਲੱਬਧੀ ਜੋੜ ਲਈ ਹੈ। ਆਡੈਕਸ ਸਾਈਕਲਿੰਗ ਵਿੱਚ ਸਾਰੇ ਵੱਡੇ ਸਨਮਾਨ ਹਾਸਲ ਕਰਨ ਤੋਂ ਬਾਅਦ, ਗਿੱਲ ਨੇ ਹੁਣ ਦੌੜ ਵਿੱਚ ਆਪਣਾ ਪਹਿਲਾ ਪ੍ਰੋਕੈਮ ਸਲੈਮ ਸਫਲਤਾਪੂਰਵਕ ਪੂਰਾ ਕੀਤਾ ਹੈ, ਜੋ ਲੰਬੀ ਦੂਰੀ ਦੀ ਸਾਈਕਲਿੰਗ ਤੋਂ ਕੰਪਟੀਟਿਵ ਰਨਿੰਗ ਵੱਲ ਇੱਕ ਮਜ਼ਬੂਤ ਬਦਲਾਅ ਨੂੰ ਦਰਸਾਉਂਦਾ ਹੈ। ਆਪਣੀ ਜ਼ਿੱਦ ਅਤੇ ਲਗਾਤਾਰ ਮਿਹਨਤ ਲਈ ਜਾਣੇ ਜਾਂਦੇ ਗਿੱਲ ਨੇ ਪਹਿਲਾਂ ਆਡੈਕਸ ਵਿੱਚ ਸ਼ਾਨਦਾਰ ਉਪਲਬਧੀਆਂ ਹਾਸਲ ਕੀਤੀਆਂ ਹਨ, ਜਿਨ੍ਹਾਂ ਵਿੱਚ 42 ਸੁਪਰ ਰੈਂਡੋਨਰ ਟਾਈਟਲ, ਇੰਟਰਨੈਸ਼ਨਲ ਸੁਪਰ ਰੈਂਡੋਨਰ, ਅਤੇ ਪ੍ਰਸਿੱਧ ਮੈਡਲ ਜਿਵੇਂ 5000 ਅਤੇ 10000, ਨਾਲ ਹੀ ਵਿਸ਼ਵ ਪੱਧਰ 'ਤੇ ਮਾਣਯੋਗ ਚੈਲੇਂਜ ਲੈਪਰਟੇਲ ਅਵਾਰਡ ਸ਼ਾਮਲ ਹਨ। ਇਹ ਉਪਲਬਧੀਆਂ ਉਨ੍ਹਾਂ ਨੂੰ ਵਿਸ਼ੇਸ਼ ਅਨੁਸ਼ਾਸਨ ਅਤੇ ਦ੍ਰਿੜ੍ਹਤਾ ਵਾਲੇ ਖਿਡਾਰੀਆਂ ਦੇ ਚੁਣਿਦੇ ਸਮੂਹ ਵਿੱਚ ਖੜ੍ਹਾ ਕਰਦੀਆਂ ਹਨ। ਨਵਾਂ ਚੈਲੇਂਜ ਕਬੂਲ ਕਰਦੇ ਹੋਏ, ਗਿੱਲ ਨੇ ਰਨਿੰਗ ਦੀ ਦੁਨੀਆ ਵਿੱਚ ਕਦਮ ਰੱਖਿਆ ਅਤੇ ਪ੍ਰੋਕੈਮ ਸਲੈਮ ਪੂਰਾ ਕੀਤਾ, ਜੋ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿੱਚ ਆਯੋਜਿਤ ਪ੍ਰਸਿੱਧ ਦੂਰੀ ਦੌੜਾਂ ਦੀ ਇੱਕ ਸੀਰੀਜ਼ ਹੈ। ਇਹ ਉਪਲੱਬਧੀ ਨਾ ਸਿਰਫ਼ ਉਨ੍ਹਾਂ ਦੀ ਸ਼ਰੀਰਿਕ ਸਮਰੱਥਾ ਨੂੰ ਦਰਸਾਉਂਦੀ ਹੈ, ਸਗੋਂ ਇਹ ਵੀ ਸਾਬਤ ਕਰਦੀ ਹੈ ਕਿ ਉਹ ਵੱਖ-ਵੱਖ ਐਂਡਿਊਰੈਂਸ ਖੇਡਾਂ ਵਿੱਚ ਖੁਦ ਨੂੰ ਢਾਲ ਕੇ ਕਾਮਯਾਬ ਹੋ ਸਕਦੇ ਹਨ। ਗਿੱਲ ਨੇ ਇਸਨੂੰ ਸਿਰਫ਼ ਸ਼ੁਰੂਆਤ ਕਿਹਾ ਅਤੇ ਦੱਸਿਆ ਕਿ ਰਨਿੰਗ ਵਿੱਚ ਆਉਣਾ ਉਨ੍ਹਾਂ ਲਈ ਨਵੇਂ ਟੀਚੇ ਅਤੇ ਸੁਪਨੇ ਲੈ ਕੇ ਆਇਆ ਹੈ। ਉਨ੍ਹਾਂ ਦੀ ਯਾਤਰਾ ਹੋਰ ਖਿਡਾਰੀਆਂ ਨੂੰ ਇੱਕ ਹੀ ਖੇਤਰ ਤੱਕ ਸੀਮਿਤ ਨਾ ਰਹਿ ਕੇ ਆਪਣੀਆਂ ਹੱਦਾਂ ਤੋਂ ਪਰੇ ਜਾਣ ਲਈ ਪ੍ਰੇਰਿਤ ਕਰਦੀ ਹੈ।ਇਸ ਨਵੀਂ ਉਪਲੱਬਧੀ ਨਾਲ, ਕੁੰਵਰ ਗਿੱਲ ਨੇ ਇੱਕ ਵਾਰ ਫਿਰ ਸਾਬਤ ਕੀਤਾ ਹੈ ਕਿ ਉਹ ਇੱਕ ਬਹੁਪੱਖੀ ਐਂਡਿਊਰੈਂਸ ਖਿਡਾਰੀ ਹਨ, ਜੋ ਹੱਦਾਂ ਨੂੰ ਚੁਣੌਤੀ ਦੇ ਕੇ ਉਨ੍ਹਾਂ ਨੂੰ ਮੁੜ ਪਰਿਭਾਸ਼ਿਤ ਕਰਦੇ ਹਨ।

ਗੁਰੂ ਅਰਜਨ ਕੀਰਤਨ ਮੰਡਲ ਵੱਲੋਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਸ਼ਹੀਦੀ ਜੋੜ ਮੇਲ 5 ਮਈ ਤੋਂ

ਪਟਿਆਲਾ, 28 ਅਪ੍ਰੈਲ (ਚ.ਨ.ਸ.): ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਭਾ ਸੁਸਾਇਟੀਆਂ ਦੇ ਸਹਿਯੋਗ ਨਾਲ ਗੁਰੂ ਅਰਜਨ ਕੀਰਤਨ ਮੰਡਲ ਪਟਿਆਲਾ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਅੱਜ ਤੱਕ ਦੇ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਜੋੜ ਮੇਲ ਸ਼ੁਰੂ ਕਰਵਾਇਆ ਜਾਵੇਗਾ। ਇਸ ਦੌਰਾਨ ਸ਼ਹੀਦੀ ਪੁਰਬ ਨੂੰ ਸਮਰਪਿਤ ਸਹਿਜ ਪਾਠ ਕੀਤੇ ਜਾਣਗੇ,ਜਿਨ੍ਹਾਂ ਦੀ ਆਰੰਭਤਾ ਸ਼ਹੀਦੀ ਜੋੜ ਮੇਲ ਦੀ ਆਰੰਭਤਾ ਵਾਲੇ ਦਿਨ 5 ਮਈ 2026 ਨੂੰ ਗੁ: ਗੁਰੂ ਨਾਨਕ ਸਭਾ, ਜੱਟਾਂ ਵਾਲਾ ਚੌਂਤਰਾ ਵਿਖੇ ਸ਼ਾਮ ਦੇ ਕੀਰਤਨ ਸਮਾਗਮ ਦੌਰਾਨ ਕੀਤੀ ਜਾਵੇਗੀ। ਸੰਗਤਾਂ ਆਪਣੇ ਤੌਰ 'ਤੇ ਸਹਿਜ ਪਾਠ ਕਰਨਗੀਆਂ ਅਤੇ ਸਹਿਜ ਪਾਠਾਂ ਦੀ ਸਮਾਪਤੀ 14 ਜੂਨ 2026 ਨੂੰ ਗੁ.ਸੰਤ ਬਾਬਾ ਕਰਮ ਸਿੰਘ ਜੀ ਚਰਨ ਬਾਗ ਪਟਿਆਲਾ ਵਿਖੇ ਸਵੇਰੇ 8.30 ਵਜੇ ਹੋਵੇਗੀ। ਉਪਰੰਤ ਕੀਰਤਨ ਸਮਾਗਮ ਹੋਵੇਗਾ। ਇਸ ਉਪਰੰਤ 13 ਜੂਨ 2026 ਦਿਨ ਸ਼ਨੀਵਾਰ ਨੂੰ ਸਵੇਰੇ 10.00 ਅੰਮ੍ਰਿਤ ਸੰਚਾਰ ਗੁ. ਖਾਲਸਾ ਮੁਹੱਲਾ ਪਟਿਆਲਾ ਵਿਖੇ ਹੋਵੇਗਾ ਅਤੇ ਮਿਤੀ 18 ਜੂਨ 2026 ਦਿਨ ਵੀਰਵਾਰ ਨੂੰ ਸ਼ਾਮ 7 ਵਜੇ ਖੂਨਦਾਨ ਕੈਂਪ ਗੁ.ਸ੍ਰੀ ਗੁਰੂ ਸਿੰਘ ਸਭਾ ਮਾਲ ਰੋਡ ਪਟਿਆਲਾ ਵਿਖੇ ਲਗਾਇਆ ਜਾਵੇਗਾ। ਉਪਰੰਤ ਮਿਤੀ 5 ਮਈ 2026 ਤੋਂ ਮਿਤੀ 23 ਜੂਨ 2026 ਤੱਕ ਸ਼ਹਿਰ ਦੇ ਵੱਖ-ਵੱਖ ਗੁਰਦੁਆਰਿਆਂ ਅਤੇ ਵੱਖ-ਵੱਖ ਸਥਾਨਾਂ 'ਤੇ ਹਰ ਰੋਜ਼ ਰਾਤ 7 ਵਜੇ ਤੋਂ ਰਾਤ 9 ਵਜੇ ਤਕ ਕੀਰਤਨ ਦਰਬਾਰ ਕੀਤਾ ਜਾਇਆ ਕਰੇਗਾ।

ਨੌਜਵਾਨ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ

ਪੁਲਿਸ ਵੱਲੋਂ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ



ਨਾਭਾ, 28 ਅਪ੍ਰੈਲ (ਬਲਜਿੰਦਰ ਮਾਨ) : ਪੰਜਾਬ ਦੇ ਵਿੱਚ ਦਿਨੋ-ਦਿਨ ਲੁੱਟਾਂ-ਖੋਹਾਂ ਅਤੇ ਕਤਲ ਦੀਆਂ ਵਾਰਦਾਤਾਂ ਵਿੱਚ ਲਗਾਤਾਰ ਇਜਾਫਾ ਹੁੰਦਾ ਜਾ ਰਿਹਾ ਹੈ। ਬੀਤੀ ਰਾਤ ਪਿੰਡ ਧਾਰੋਕੀਂ ਵਿਖੇ ਇੱਕ ਵਿਆਕਤੀ ਦਾ ਕਤਲ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਮ੍ਰਿਤਕ ਦੀ ਪਤਨੀ ਨੇ ਦੱਸਿਆ ਕਿ ਰਾਤ ਮੇਰਾ ਪਤੀ ਘਰ ਸੀ ਤਾਂ ਕਿਸੇ ਵੱਲੋਂ ਇਸ ਨੂੰ ਫੋਨ ਕਰਕੇ ਬੁਲਾਇਆ ਗਿਆ ਅਤੇ ਇਹ ਚਲੇ ਗਏ ਅਕਸਰ ਹੀ ਪਹਿਲਾਂ ਵੀ ਚਲੇ ਜਾਂਦੇ ਸਨ ਅਤੇ ਵਾਪਸ ਘਰ ਆ ਜਾਂਦੇ ਸਨ ਪਰ ਇਹ ਜਦੋਂ ਵਾਪਸ ਨਹੀਂ ਆਏ ਤਾਂ ਮੈਂ ਫੋਨ ਕਰਕੇ ਆਪਣੇ ਰਿਸ਼ਤੇਦਾਰਾਂ ਨੂੰ ਦੱਸਿਆ ਤਾਂ ਉਹਨਾਂ ਨੇ ਜਾ ਕੇ ਜਦੋਂ ਖੇਤ ਜਾ ਕੇ ਦੇਖਿਆ ਉਸ ਦੀ ਲਾਸ਼ ਖੂਨ ਨਾਲ ਲੱਥ-ਪੱਥ ਪਈ ਸੀ ਅਤੇ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ, ਭਾਵੇਂ ਕਿ ਉਦੋਂ ਮ੍ਰਿਤਕ ਮੋਹਨ ਦਾਸ ਦੇ ਕੁਝ ਸਾਹ ਚੱਲ ਰਹੇ ਸਨ ਪਰ ਉਸਦੀ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਰਸਤੇ ਵਿੱਚ ਹੀ ਮੌਤ ਹੋ ਗਈ। ਪੁਲਿਸ ਇਸ ਅੰਨੇ ਕਤਲ ਦੀ ਗੁੱਥੀ ਨੂੰ ਸੁਲਝਾਉਣ ਲਈ ਵੱਖ-ਵੱਖ ਐਂਗਲਾਂ ਤੋਂ ਸੀਸੀਟੀਵੀ ਖੰਗਾਲ ਰਹੀ ਹੈ ਅਤੇ ਕਾਤਲਾਂ ਤੱਕ ਪਹੁੰਚਣ ਦੀ ਹਰ ਇੱਕ ਹੀਲਾ ਅਪਣਾ ਰਹੀ ਹੈ।ਇਸ ਮੌਕੇ 'ਤੇ ਮ੍ਰਿਤਕ ਦੀ ਪਤਨੀ ਅਨੀਤਾ ਰਾਣੀ ਨੇ ਦੱਸਿਆ ਕਿ ਰਾਤ ਮੇਰਾ ਪਤੀ ਘਰ ਸੀ ਤਾਂ ਕਿਸੇ ਵੱਲੋਂ ਇਸ ਨੂੰ ਫੋਨ ਕਰਕੇ ਬੁਲਾਇਆ ਗਿਆ ਅਤੇ ਇਹ ਚਲੇ ਗਏ ਅਕਸਰ ਹੀ ਪਹਿਲਾਂ ਵੀ ਚਲੇ ਜਾਂਦੇ ਸਨ ਅਤੇ ਵਾਪਸ ਘਰ ਆ ਜਾਂਦੇ ਸਨ ਪਰ ਇਹ ਜਦੋਂ ਵਾਪਸ ਨਹੀਂ ਆਏ ਤਾਂ ਮੈਂ ਫੋਨ ਕਰਕੇ ਆਪਣੇ ਰਿਸ਼ਤੇਦਾਰਾਂ ਨੂੰ ਦੱਸਿਆ ਤਾਂ ਉਹਨਾਂ ਨੇ ਜਾ ਕੇ ਜਦੋਂ ਖੇਤ ਜਾ ਕੇ ਦੇਖਿਆ ਉਸ ਦੀ ਲਾਸ਼ ਖੂਨ ਨਾਲ ਲੱਥ-ਪੱਥ ਪਈ ਸੀ ਅਤੇ ਮੇਰੀਆਂ ਦੋ ਬੇਟੀਆਂ ਹਨ ਅਤੇ ਮੈਂ ਇਨਸਾਫ ਦੀ ਮੰਗ ਕਰਦੀ ਹਾਂ। ਇਸ ਮੌਕੇ ਮ੍ਰਿਤਕ ਦੇ ਭਰਾ ਨੇ ਮੰਗ ਕੀਤੀ ਜਿਸ ਨੇ ਇਹ ਕਤਲ ਕੀਤਾ ਹੈ ਪੁਲਿਸ ਉਨ੍ਹਾਂ ਕਾਤਲਾਂ ਦਾ ਪਤਾ ਲਗਾ ਕੇ ਜੇਲ ਦੀਆਂ ਸਲਾਖਾਂ ਪਿੱਛੇ ਪਹੁੰਚਾਏ । ਇਸ ਮੌਕੇ ਨਾਭਾ ਸਦਰ ਥਾਣਾ ਦੇ ਇੰਚਾਰਜ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਰਾਤ ਦੀ ਘਟਨਾ ਹੈ ਅਤੇ ਸਾਨੂੰ ਇਹ ਇਤਲਾਹ ਮਿਲੀ ਸੀ ਅਤੇ ਅਸੀਂ ਮੌਕੇ 'ਤੇ ਪਹੁੰਚੇ ਤੇ ਸਾਨੂੰ ਪਤਾ ਲੱਗਿਆ ਹੈ ਕਿ ਮੋਹਨ ਦਾਸ ਦਾ ਕਿਸੇ ਨੇ ਕਤਲ ਕਰ ਦਿੱਤਾ ਹੈ । ਇਸ ਅੰਨੇ ਕਤਲ ਦੀ ਗੁੱਥੀ ਨੂੰ ਸੁਲਝਾਉਣ ਲਈ ਅਸੀਂ ਵੱਖ-ਵੱਖ ਐਂਗਲਾਂ 'ਤੇ ਲੱਗੇ ਸੀਸੀਟੀਵੀ ਨੂੰ ਖੰਗਾਲ ਰਹੇ ਹਾਂ ਅਤੇ ਛੇਤੀ ਹੀ ਅਸੀਂ ਕਾਤਲਾਂ ਤੱਕ ਪਹੁੰਚ ਜਾਵਾਂਗੇ। ਫਿਲਹਾਲ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਅਧਾਰ 'ਤੇ ਅਸੀਂ ਕਤਲ ਦਾ ਮਾਮਲਾ ਦਰਜ ਕਰ ਦਿੱਤਾ ਹੈ।

ਮੇਅਰ ਗੋਗੀਆ ਦੇ ਨਿਰਦੇਸ਼ਾਂ 'ਤੇ ਪਲਾਸਟਿਕ ਦੇ ਲਿਫ਼ਾਫ਼ਿਆਂ ਦੀ ਵਰਤੋਂ ਕਰਨ ਵਾਲਿਆਂ ਖ਼ਿਲਾਫ਼ ਸਖ਼ਤੀ, ਭੁਪਿੰਦਰਾ ਰੋਡ 'ਤੇ ਕੀਤੇ ਚਲਾਨ

➢ਸ਼ਹਿਰ ਨੂੰ ਪਲਾਸਟਿਕ ਮੁਕਤ ਬਣਾਉਣ ਲਈ ਨਿਗਮ ਵੱਲੋਂ ਵਿਸ਼ੇਸ਼ ਮੁਹਿੰਮ ਸ਼ੁਰੂ

➢ਦੁਕਾਨਦਾਰਾਂ ਅਤੇ ਗਾਹਕਾਂ ਨੂੰ ਵਰਤੋਂ ਨਾ ਕਰਨ ਦੀ ਅਪੀਲ



ਪਟਿਆਲਾ, 28 ਅਪ੍ਰੈਲ (ਰੁਪਾਣਾ) : ਸ਼ਾਹੀ ਸ਼ਹਿਰ ਪਟਿਆਲਾ ਨੂੰ ਸਾਫ਼-ਸੁਥਰਾ ਅਤੇ ਪ੍ਰਦੂਸ਼ਨ ਮੁਕਤ ਬਣਾਉਣ ਲਈ ਮੇਅਰ ਕੁੰਦਨ ਗੋਗੀਆ ਦੇ ਦਿਸ਼ਾ-ਨਿਰਦੇਸ਼ਾਂ ਹੇਠ ਨਗਰ ਨਿਗਮ ਦੀ ਸਿਹਤ ਸ਼ਾਖਾ ਵੱਲੋਂ ਪਲਾਸਟਿਕ ਦੇ ਕੈਰੀ ਬੈਗਾਂ ਵਿਰੁੱਧ ਵਿਸ਼ੇਸ਼ ਮੁਹਿੰਮ ਤੇਜ਼ ਕਰ ਦਿੱਤੀ ਗਈ ਹੈ। ਇਸੇ ਕੜੀ ਤਹਿਤ ਅੱਜ ਨਗਰ ਨਿਗਮ ਦੀ ਟੀਮ ਨੇ ਸ਼ਹਿਰ ਦੇ ਵੀ.ਆਈ.ਪੀ. ਇਲਾਕੇ ਭੁਪਿੰਦਰਾ ਰੋਡ ਵਿਖੇ ਦੁਕਾਨਾਂ ਦੀ ਚੈਕਿੰਗ ਕੀਤੀ ਅਤੇ ਪਲਾਸਟਿਕ ਕੈਰੀ ਬੈਗ ਵਰਤਣ ਵਾਲਿਆਂ ਦੇ ਮੌਕੇ 'ਤੇ ਚਲਾਨ ਕੱਟੇ। ਇਸ ਮੌਕੇ ਨਗਰ ਨਿਗਮ ਦੇ ਹੋਰ ਕਰਮਚਾਰੀ ਵੀ ਨਾਲ ਮੌਜੂਦ ਸਨ। ਇਸ ਕਾਰਵਾਈ ਦੀ ਅਗਵਾਈ ਸੈਨਟਰੀ ਇੰਸਪੈਕਟਰ ਮੋਹਿਤ ਜਿੰਦਲ ਅਤੇ ਸੈਨਟਰੀ ਇੰਸਪੈਕਟਰ ਰਾਜੇਸ਼ ਕੁਮਾਰ ਮੱਟੂ ਨੇ ਕੀਤੀ। ਟੀਮ ਵੱਲੋਂ ਭੁਪਿੰਦਰਾ ਰੋਡ 'ਤੇ ਸਥਿਤ ਵੱਖ-ਵੱਖ ਖਾਣ-ਪੀਣ ਦੀਆਂ ਦੁਕਾਨਾਂ, ਰੈਸਟੋਰੈਂਟਾਂ ਅਤੇ ਹੋਰ ਵਪਾਰਕ ਅਦਾਰਿਆਂ ਦੀ ਅਚਨਚੇਤ ਜਾਂਚ ਕੀਤੀ ਗਈ। ਜਾਂਚ ਦੌਰਾਨ ਜਿਨ੍ਹਾਂ ਥਾਵਾਂ 'ਤੇ ਪਾਬੰਦੀਸ਼ੁਦਾ ਪਲਾਸਟਿਕ ਦੇ ਲਿਫ਼ਾਫ਼ੇ ਮਿਲੇ, ਜਿਨ੍ਹਾਂ ਵਿੱਚ 10 ਤੋਂ ਵੱਧ ਚਲਾਨ ਕੱਟੇ ਗਏ ਅਤੇ ਭਾਰੀ ਮਾਤਰਾ ਵਿੱਚ ਪਲਾਸਟਿਕ ਜ਼ਬਤ ਕੀਤਾ ਗਿਆ। ਇਸ ਮੌਕੇ ਸੈਨਟਰੀ ਇੰਸਪੈਕਟਰ ਮੋਹਿਤ ਜਿੰਦਲ ਅਤੇ ਰਾਜੇਸ਼ ਕੁਮਾਰ ਮੱਟੂ ਨੇ ਦੁਕਾਨਦਾਰਾਂ ਦੇ ਨਾਲ-ਨਾਲ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਪਲਾਸਟਿਕ ਦੇ ਲਿਫ਼ਾਫ਼ਿਆਂ ਦੀ ਵਰਤੋਂ ਬਿਲਕੁਲ ਨਾ ਕਰਨ। ਉਨ੍ਹਾਂ ਕਿਹਾ ਕਿ ਪਲਾਸਟਿਕ ਨਾ ਸਿਰਫ਼ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਂਦਾ ਹੈ, ਸਗੋਂ ਸੀਵਰੇਜ ਦੇ ਜਾਮ ਹੋਣ ਦਾ ਵੀ ਮੁੱਖ ਕਾਰਨ ਬਣਦਾ ਹੈ। ਮੇਅਰ ਕੁੰਦਨ ਗੋਗੀਆ ਨੇ ਵੀ ਇਸ ਸਬੰਧ ਵਿੱਚ ਸਪੱਸ਼ਟ ਕੀਤਾ ਹੈ ਕਿ ਸ਼ਹਿਰ ਨੂੰ 'ਪਲਾਸਟਿਕ ਮੁਕਤ ਪਟਿਆਲਾ' ਬਣਾਉਣਾ ਉਨ੍ਹਾਂ ਦਾ ਮੁੱਖ ਟੀਚਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸ਼ਹਿਰ ਦੇ ਹੋਰਨਾਂ ਬਾਜ਼ਾਰਾਂ ਵਿੱਚ ਵੀ ਇਹ ਚੈਕਿੰਗ ਮੁਹਿੰਮ ਜਾਰੀ ਰਹੇਗੀ। ਮੇਅਰ ਨੇ ਚੇਤਾਵਨੀ ਦਿੱਤੀ ਕਿ ਜੋ ਵੀ ਦੁਕਾਨਦਾਰ ਜਾਂ ਰੇਹੜੀ-ਫੜ੍ਹੀ ਵਾਲਾ ਪਾਬੰਦੀ ਦੇ ਬਾਵਜੂਦ ਪਲਾਸਟਿਕ ਦੇ ਲਿਫ਼ਾਫ਼ੇ ਵਰਤੇਗਾ, ਉਸ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਧਾਰਮਿਕ ਰਸਮਾਂ ਨਾਲ ਸ੍ਰੀ ਰਾਧੇ ਸ਼ਾਮ ਵਿਆਹ ਉਤਸਵ ਮਨਾਇਆ



ਸਨੌਰ, 28 ਅਪ੍ਰੈਲ (ਪ੍ਰਥਮ ਕੁਮਾਰ) : ਸਨੌਰ ਸ਼ਹਿਰ ਚ ਧਾਰਮਿਕ ਰਸਮਾਂ ਨਾਲ ਸ਼੍ਰੀ ਰਾਧੇ ਸ਼ਾਮ ਵਿਆਹ ਸਮਾਰੋਹ ਮਨਾਇਆ ਗਿਆ, ਜਿਸ ਦੇ ਆਯੋਜਕ ਬਾਬਾ ਦਾ ਪ੍ਰੇਮੀ ਪਰਿਵਾਰ ਸੇਵਕ ਮੰਡਲ ਸਨੌਰ (ਪਟਿਆਲਾ) ਵੱਲੋਂ ਕੀਤਾ ਗਿਆ। ਮੰਡਲ ਪ੍ਰਧਾਨ ਪ੍ਰਥਮ ਮਲਹੌਤਰਾ ਨੇ ਦੱਸਿਆ ਕਿ ਇਸ ਉਤਸਵ ਦੀ ਸ਼ੁਰੂਆਤ ਪਿੱਛਲੇ ਸਾਲ 27 ਅਪ੍ਰੈਲ 2025 'ਚ ਇੱਕ ਵਿਸ਼ਾਲ ਸੰਕੀਰਤਨ ਨਾਲ ਹੋਈ ਸੀ, ਅਤੇ ਇਸ ਦਿਨ ਸ਼੍ਰੀ ਰਾਧਾ ਰਾਣੀ ਜੀ ਤੇ ਕ੍ਰਿਸ਼ਨ ਭਗਵਾਨ ਜੀ ਸਾਡੇ ਘਰ ਆਏ ਸਨ। ਅੱਜ ਇਸ ਤਾਰੀਕ ਦੀ ਯਾਦ ਨੂੰ ਸਾਲਗਿਰਾ ਦੇ ਰੂਪ 'ਚ ਮਨਾਇਆ ਜਾ ਰਿਹਾ ਹੈ। ਇਸ ਦੇ ਨਾਲ ਸ਼੍ਰੀ ਰਾਧੇ ਸ਼ਾਮ ਦੀ ਮਹਿੰਦੀ ਅਤੇ ਹਲਦੀ ਦੀ ਰਸਮ 26 ਅਪ੍ਰੈਲ ਨੂੰ ਸ਼ੁਰੂ ਕੀਤੀ ਗਈ, ਜੋ ਕਿ ਇਕ ਰੋਮਾਂਚਕ ਅਤੇ ਰੰਗ-ਬਿਰੰਗੀ ਸਮਾਰੋਹ ਸੀ। ਇਸ ਦੇ ਤੁਰੰਤ ਬਾਅਦ, 27 ਅਪ੍ਰੈਲ ਨੂੰ ਕ੍ਰਿਸ਼ਨ ਭਗਵਾਨ ਦੀ ਸ਼ੋਭਾਯਾਤਰਾ ਕੱਢੀ ਗਈ। ਇਸ ਦੌਰਾਨ ਰਿਬਨ ਕਟਾਈ ਦੀ ਰਸਮ ਵੀ ਅਦਾ ਕੀਤੀ ਗਈ, ਜਿਸ ਨੇ ਸਮਾਰੋਹ ਦੀ ਸ਼ਾਨ ਵਧਾਈ ਤੇ ਕੀਰਤਨ ਦੀ ਸ਼ੁਰੂਆਤ 'ਚ ਪ੍ਰਸਿੱਧ ਭਜਨ ਗਾਇਕਾ ਅੰਚਲ ਜੀ ਪਟਿਆਲਾ, ਸੁਣੇਨਾ ਜੀ ਪਟਿਆਲਾ, ਮਾਸਟਰ ਰਾਹੁਲ ਜੀ ਦੇਵੀਗੜ੍ਹ ਅਤੇ ਜਪਮਨ ਜੀ ਪਟਿਆਲਾ ਸਮੇਤ ਹੋਰ ਕਈ ਕਲਾਕਾਰਾਂ ਨੇ ਭਗਵਾਨ ਦੇ ਨਾਮ ਦਾ ਗੁਣਗਾਨ ਕਰਕੇ ਸਭ ਨੂੰ ਮੋਹ ਲਿਆ। ਸੰਕੀਰਤਨ ਦੀ ਸ਼ੁਰੂਆਤ ਸ਼ਾਮ 7 ਵਜੇ ਕੀਤੀ ਗਈ, ਜਿਸ ਵਿੱਚ ਭਗਵਾਨ ਦੇ ਕੀਰਤਨ ਅਤੇ ਭਜਨ ਗਾਏ ਗਏ। ਇਹ ਪਵਿੱਤਰ ਸਮਾਗਮ 12 ਵਜੇ ਤੱਕ ਚੱਲਿਆ, ਜਿਸ ਦੌਰਾਨ ਸਾਰੇ ਸ਼ਰਧਾਲੂਆਂ ਨੇ ਭਗਵਾਨ ਕ੍ਰਿਸ਼ਨ ਅਤੇ ਰਾਧਾ ਰਾਣੀ ਦੀ ਮਹਿਮਾ ਕੀਤੀ। ਇਸ ਦੇ ਬਾਅਦ, ਇਕ ਵਿਸ਼ੇਸ਼ ਜੈ-ਮਾਲਾ ਦੀ ਰਸਮ ਅਦਾ ਕੀਤੀ ਗਈ, ਜਿਸ ਵਿੱਚ ਹਰ ਇੱਕ ਨੇ ਰਾਧਾ ਅਤੇ ਕ੍ਰਿਸ਼ਨ ਦੀ ਜੋੜੀ ਨੂੰ ਸਿਮਰਿਆ ਅਤੇ ਉਨ੍ਹਾਂ ਦੀ ਅਨੰਤ ਪ੍ਰੇਮ ਕਹਾਣੀ ਦਾ ਜਸ਼ਨ ਮਨਾਇਆ।

ਡੀ.ਐਸ.ਪੀ. ਫਤਿਹ ਸਿੰਘ ਬਰਾੜ ਦੀ ਅਗਵਾਈ 'ਚ ਨਸ਼ਾ ਵਿਰੋਧੀ ਸਰਚ ਅਭਿਆਨ

ਅਪ੍ਰੈਲ ਮਹੀਨੇ 'ਚ 22 ਤਸਕਰ ਕਾਬੂ



ਸਮਾਣਾ, 28 ਅਪ੍ਰੈਲ (ਵਿਜੇ ਕੁਮਾਰ) : ਸਮਾਣਾ ਸਬ-ਡਿਵੀਜ਼ਨ ਦੇ ਨਸ਼ਾ ਪ੍ਰਭਾਵਿਤ (ਡਰੱਗ ਹੌਟਸਪੌਟ) ਪਿੰਡਾਂ ਮੁਰਾਦਪੁਰਾ, ਤਰਖਾਣਮਾਜਰਾ, ਤਲਵੰਡੀ ਮਲਿਕ, ਮਰੋੜੀ ਅਤੇ ਸ਼ੇਰਮਾਜਰਾ ਵਿੱਚ ਡੀ.ਐਸ.ਪੀ. ਫਤਿਹ ਸਿੰਘ ਬਰਾੜ ਦੀ ਅਗਵਾਈ ਹੇਠ ਪੁਲਸ ਵੱਲੋਂ ਇੱਕ ਵਿਸ਼ੇਸ਼ ਸਰਚ ਅਭਿਆਨ ਚਲਾਇਆ ਗਿਆ। ਇਸ ਦੌਰਾਨ ਪੁਲਸ ਟੀਮਾਂ ਨੇ ਇਨ੍ਹਾਂ ਪਿੰਡਾਂ ਦੀ ਮੁਕੰਮਲ ਚੈਕਿੰਗ ਕੀਤੀ। ਇਸ ਅਭਿਆਨ ਵਿੱਚ ਸਦਰ ਪੁਲਸ ਮੁਖੀ ਇੰਸਪੈਕਟਰ ਅਜੇ ਕੁਮਾਰ ਪਰੋਚਾ, ਸਿਟੀ ਪੁਲਸ ਮੁਖੀ ਸਬ-ਇੰਸਪੈਕਟਰ ਬਲਜੀਤ ਸਿੰਘ ਸਮੇਤ ਵੱਖ-ਵੱਖ ਪੁਲਸ ਚੌਕੀ



ਪਟਿਆਲਾ-ਆਸ/ਪਾਸ



ਡਾ. ਬਲਬੀਰ ਸਿੰਘ ਨੇ 28 ਲੱਖ ਦੀ ਲਾਗਤ ਨਾਲ ਬਣਨ ਵਾਲੀ ਸੜਕ ਦਾ ਨੀਂਹ ਪੱਥਰ ਰੱਖਿਆ

➢ਮੇਅਰ, ਡਿਪਟੀ ਮੇਅਰ ਅਤੇ ਨਿਗਮ ਕਮਿਸ਼ਨਰ ਵੀ ਮੌਜੂਦ ਰਹੇ



ਪਟਿਆਲਾ, 28 ਅਪ੍ਰੈਲ (ਰੁਪਾਣਾ) : ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੱਲ ਰਹੇ ਮਿਸ਼ਨ ਵਿਕਾਸ ਤਹਿਤ, ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਦਿਹਾਤੀ ਦੇ ਬਾਬਾ ਦੀਪ ਸਿੰਘ ਨਗਰ ਅਤੇ ਗੁਰੂ ਨਾਨਕ ਨਗਰ ਵਿਖੇ (ਵੱਡੀ ਨਦੀ ਦੇ ਪੁੱਲ ਦੇ ਨਾਲ) ਕਰੀਬ 28 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਦਾ ਨੀਂਹ ਪੱਥਰ ਰੱਖਿਆ । ਇਸ ਮੌਕੇ ਉਨ੍ਹਾਂ ਦੇ ਨਾਲ ਮੇਅਰ ਕੁੰਦਨ ਗੋਗੀਆ, ਡਿਪਟੀ ਮੇਅਰ ਹਰਿੰਦਰ ਕੋਹਲੀ ਅਤੇ ਨਗਰ ਨਿਗਮ ਦੇ ਕਮਿਸ਼ਨਰ ਪਰਮਜੀਤ ਸਿੰਘ ਵੀ ਮੌਜੂਦ ਸਨ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਸ ਸੜਕ ਦੇ ਨਿਰਮਾਣ ਨਾਲ ਇਲਾਕੇ ਵਿੱਚ ਟ੍ਰੈਫਿਕ ਦੀ ਸਮੱਸਿਆ ਦਾ ਸੁਚੱਜਾ ਹੱਲ ਨਿਕਲੇਗਾ ਅਤੇ ਆਵਾਜਾਈ ਸੁਗਮ ਹੋਵੇਗੀ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ, ਤਾਂ ਜੋ ਲੋਕਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ। ਇਸਦੇ ਨਾਲ ਹੀ ਸਿਹਤ ਮੰਤਰੀ ਨੇ ਨਦੀ ਦੇ ਚੱਲ ਰਹੇ ਕੰਮਾਂ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨਦੀ ਦੀ ਸਫਾਈ ਅਤੇ ਮਜ਼ਬੂਤੀ ਦੇ ਕੰਮ ਸਮੇਂ ਸਿਰ ਪੂਰੇ ਕੀਤੇ ਜਾਣ, ਤਾਂ ਜੋ ਹੜ੍ਹਾਂ ਦੇ ਖਤਰੇ ਤੋਂ ਪਟਿਆਲਾ ਵਾਸੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਕਿਹਾ ਕਿ ਨਦੀ ਦੀ ਸਫਾਈ ਨਾਲ ਇਲਾਕੇ ਵਿੱਚ ਸਫਾਈ ਪ੍ਰਬੰਧ ਵੀ ਸੁਧਰੇਗਾ ਅਤੇ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਹੋਰ ਕਿਹਾ ਕਿ ਇਲਾਕਾ ਵਾਸੀਆਂ ਦੀ ਸਿਹਤ ਅਤੇ ਮਨੋਰੰਜਨ ਨੂੰ ਧਿਆਨ ਵਿੱਚ ਰੱਖਦਿਆਂ ਇੱਥੇ ਪਾਰਕ ਦਾ ਨਿਰਮਾਣ ਵੀ ਕੀਤਾ ਜਾਵੇਗਾ, ਜਿੱਥੇ ਲੋਕ ਸੈਰ ਕਰ ਸਕਣਗੇ। ਇਸ ਦੇ ਨਾਲ-ਨਾਲ ਵਾਤਾਵਰਨ ਨੂੰ ਸੁੰਦਰ ਬਣਾਉਣ ਲਈ ਵੱਡੇ ਪੱਧਰ 'ਤੇ ਰੁੱਖ ਲਗਾਏ ਜਾਣਗੇ। ਓਹਨਾਂ ਕਿਹਾ ਕਿ ਸਰਕਾਰ ਵੱਲੋਂ ਇਹ ਉਪਰਾਲੇ ਲੋਕ ਭਲਾਈ ਅਤੇ ਇਲਾਕੇ ਦੇ ਸਮੱਗਰ ਵਿਕਾਸ ਲਈ ਅਹਿਮ ਕਦਮ ਸਾਬਿਤ ਹੋਣਗੇ। ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਮੌਜੂਦ ਸਨ।

ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣਾ ਬਹੁਤ ਜ਼ਰੂਰੀ: ਡਾ. ਜਗਦੀਪ ਸਿੰਘ

➢ਪੰਜਾਬੀ ਯੂਨੀਵਰਸਿਟੀ ਵੱਲੋਂ ਸ਼ੁਰੂ ਕੀਤੇ ਗਏ ਨਵੇਂ ਏ.ਆਈ. ਸਰਟੀਫ਼ਿਕੇਟ ਕੋਰਸ



ਪਟਿਆਲਾ, 28 ਅਪ੍ਰੈਲ (ਰੁਪਾਣਾ) : ਪੰਜਾਬੀ ਯੂਨੀਵਰਸਿਟੀ ਵਿਖੇ ਸਥਾਪਿਤ ਸੈਂਟਰ ਫਾਰ ਆਰਟੀਫੀਸ਼ੀਅਲ ਇੰਟੈਲੀਜੈਂਸ ਐਂਡ ਡੇਟਾ ਸਾਇੰਸ ਵਿਖੇ ਨਵੇਂ ਅਕਾਦਮਿਕ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ। ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਇਨ੍ਹਾਂ ਪ੍ਰੋਗਰਾਮਾਂ ਦਾ ਰਸਮੀ ਉਦਘਾਟਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਸੈਂਟਰ ਦੀ ਅਧਿਕਾਰਤ ਵੈੱਬਸਾਈਟ ਦਾ ਵੀ ਉਦਘਾਟਨ ਕੀਤਾ ਗਿਆ। ਇਹ ਵੈੱਬਸਾਈਟ ਸੈਂਟਰ ਵਿਖੇ ਚਲਾਏ ਜਾ ਰਹੇ ਕੋਰਸਾਂ, ਦਾਖਲਾ ਪ੍ਰਕਿਰਿਆਵਾਂ, ਫੈਕਲਟੀ, ਖੋਜ ਪਹਿਲਕਦਮੀਆਂ ਅਤੇ ਆਉਣ ਵਾਲੇ ਸਮਾਗਮਾਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰੇਗੀ। ਡਾ. ਜਗਦੀਪ ਸਿੰਘ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਹੁਣ ਜਦੋਂ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਡੇਟਾ ਸਾਇੰਸ ਦੇ ਖੇਤਰ ਵਿੱਚ ਤੇਜ਼ੀ ਨਾਲ਼ ਵਿਕਾਸ ਹੋ ਰਿਹਾ ਹੈ ਤਾਂ ਵਿਦਿਆਰਥੀਆਂ ਨੂੰ ਸਮੇਂ ਦੇ ਹਾਣ ਦਾ ਬਣਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਮਨੋਰਥ ਨਾਲ਼ ਹੀ ਯੂਨੀਵਰਸਿਟੀ ਵੱਲੋਂ ਇਹ ਕੋਰਸ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖੇਤਰ ਦੀਆਂ ਨਵੀਨਤਮ ਤਕਨਾਲੋਜੀਆਂ ਵਿੱਚ ਸਿੱਖਿਆ ਨੂੰ ਅੱਗੇ ਵਧਾਉਣ ਦੀ ਪਹਿਲਕਦਮੀ ਕਰਦਿਆਂ ਇਹ ਕਦਮ ਉਠਾਇਆ ਗਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਯੂਨੀਵਰਸਿਟੀ ਹਮੇਸ਼ਾ ਨਵੀਨਤਾ ਅਤੇ ਅੰਤਰ-ਅਨੁਸ਼ਾਸਨੀ ਖੋਜ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ ਅਤੇ ਇਸੇ ਤਹਿਤ ਵਿਦਿਆਰਥੀਆਂ ਨੂੰ ਵਿਸ਼ਵਵਿਆਪੀ ਤਕਨੀਕੀ ਚੁਣੌਤੀਆਂ ਲਈ ਤਿਆਰ ਕਰਨ ਦੇ ਮਕਸਦ ਨਾਲ਼ ਇਹ ਕੋਰਸ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸੈਂਟਰ ਵੱਲੋਂ ਹਰ ਤਰ੍ਹਾਂ ਦੇ ਵਿਦਿਆਰਥੀ ਵਰਗ ਲਈ ਕੋਰਸ ਪੇਸ਼ ਕੀਤੇ ਜਾ ਰਹੇ ਹਨ, ਜਿਸ ਨਾਲ਼ ਵੱਖ-ਵੱਖ ਅਕਾਦਮਿਕ ਪਿਛੋਕੜ ਵਾਲੇ ਸਿਖਿਆਰਥੀਆਂ ਨੂੰ ਉੱਭਰ ਰਹੇ ਏ.ਆਈ. ਟੂਲਜ਼ ਅਤੇ ਐਪਲੀਕੇਸ਼ਨਾਂ ਤੋਂ ਲਾਭ ਉਠਾਉਣ ਅਤੇ ਉਨ੍ਹਾਂ ਨਾਲ ਜੁੜਨ ਦੇ ਯੋਗ ਬਣਾਇਆ ਜਾ ਸਕਦਾ ਹੈ। ਸੈਂਟਰ ਦੇ ਡਾਇਰੈਕਟਰ, ਡਾ. ਗੁਰਪ੍ਰੀਤ ਸਿੰਘ ਜੋਸਨ ਨੇ ਦੱਸਿਆ ਕਿ ਇਹ ਸੈਂਟਰ 2018 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਉੱਦਮਤਾ, ਨਵੀਨਤਾ ਅਤੇ ਕਰੀਅਰ ਹੱਬ ਵੱਲੋਂ ਰੂਸਾ 2.0 ਅਧੀਨ ਸੈਂਟਰ ਦੇ ਇਨਫ੍ਰਾਸਟ੍ਰਕਚਰ ਲਈ ਗ੍ਰਾਂਟ ਜਾਰੀ ਕੀਤੀ ਗਈ। ਉਹਨਾਂ ਅੱਗੇ ਦੱਸਿਆ ਕਿ ਸੈਂਟਰ ਵਿਖੇ ਨਵੇਂ ਸ਼ੁਰੂ ਕੀਤੇ ਗਏ ਤਿੰਨ ਮਹੀਨਿਆਂ ਦੇ ਸਰਟੀਫਿਕੇਟ ਕੋਰਸ ਜਨਰੇਟਿਵ ਏ.ਆਈ. 'ਤੇ ਕੇਂਦ੍ਰਿਤ ਹਨ, ਜਿਸਦਾ ਉਦੇਸ਼ ਵਿਦਿਆਰਥੀਆਂ ਨੂੰ ਇਸ ਤੇਜ਼ੀ ਨਾਲ ਵਿਕਸਿਤ ਹੋ ਰਹੇ ਖੇਤਰ ਵਿੱਚ ਅਤਿ-ਆਧੁਨਿਕ ਗਿਆਨ ਅਤੇ ਵਿਹਾਰਕ ਹੁਨਰਾਂ ਨਾਲ ਲੈਸ ਕਰਨਾ ਹੈ। ਇਸ ਸਮਾਗਮ ਵਿੱਚ ਡੀਨ ਅਕਾਦਮਿਕ ਮਾਮਲੇ ਪ੍ਰੋ. ਜਸਵਿੰਦਰ ਸਿੰਘ ਬਰਾੜ, ਰਜਿਸਟਰਾਰ ਡਾ. ਦਵਿੰਦਰਪਾਲ ਸਿੰਘ ਸਿੱਧੂ, ਡਾਇਰੈਕਟਰ ਯੋਜਨਾ ਅਤੇ ਨਿਗੀਖਣ ਡਾ.ਸੁਖਜੀਤ ਕੌਰ ਰਨਾਡੇ ਸਮੇਤ ਯੂਨੀਵਰਸਿਟੀ ਦੇ ਹੋਰ ਪ੍ਰਮੁੱਖ ਅਧਿਕਾਰੀਆਂ ਨੇ ਸ਼ਿਰਕਤ ਕੀਤੀ। ਜ਼ਿਕਰਯੋਗ ਹੈ ਕਿ ਇਹ ਕੇਂਦਰ ਭਵਿੱਖ ਵਿੱਚ ਏ.ਆਈ. ਅਤੇ ਡੇਟਾ ਸਾਇੰਸ ਦੇ ਖੇਤਰ ਵਿੱਚ ਹੋਰ ਵੀ ਵਿਸ਼ੇਸ਼ ਪ੍ਰੋਗਰਾਮ ਪੇਸ਼ ਕਰਨ ਦੀ ਯੋਜਨਾ ਬਣਾ ਰਿਹਾ ਹੈ।

ਨਸ਼ਾ ਮੁਕਤ ਪੰਜਾਬ ਮੁਹਿੰਮ ਤਹਿਤ ਖੇਡ ਗਤੀਵਿਧੀਆਂ ਰਾਹੀਂ ਜਾਗਰੂਕਤਾ ਅਭਿਆਨ ਜਾਰੀ



ਮਲੇਰਕੋਟਲਾ, 28 ਅਪ੍ਰੈਲ (ਬਲਜੀਤ ਸਿੰਘ ਟਿੱਬਾ) : ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਮੁਕਤ ਪੰਜਾਬ ਮੁਹਿੰਮ ਦੇ ਅਧੀਨ ਜ਼ਿਲ੍ਹੇ ਵਿੱਚ ਖੇਡ ਵਿਭਾਗ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਵੱਖ-ਵੱਖ ਖੇਡ ਅਤੇ ਜਾਗਰੂਕਤਾ ਗਤੀਵਿਧੀਆਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ।ਜ਼ਿਲ੍ਹਾ ਖੇਡ ਅਫਸਰ ਹਰਪਿੰਦਰ ਸਿੰਘ ਨੇ ਦੱਸਿਆ ਕਿ ਇਸ ਮੁਹਿੰਮ ਦਾ ਮੁੱਖ ਉਦੇਸ਼ ਖੇਡਾਂ ਰਾਹੀਂ ਨੌਜਵਾਨਾਂ ਨੂੰ ਸਕਾਰਾਤਮਕ ਦਿਸ਼ਾ ਵੱਲ ਪ੍ਰੇਰਿਤ ਕਰਨਾ ਅਤੇ ਉਨ੍ਹਾਂ ਵਿੱਚ ਆਤਮ ਵਿਸ਼ਵਾਸ ਪੈਦਾ ਕਰਨਾ ਹੈ।ਉਨ੍ਹਾਂ ਦੱਸਿਆ ਕਿ ਬਾਕਸਿੰਗ ਕੋਚਿੰਗ ਸੈਂਟਰ ਪਿੰਡ ਰੋਹੀੜਾ ਵਿਖੇ ਬਾਕਸਿੰਗ ਮੈਚਾਂ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਖਿਡਾਰੀਆਂ ਅਤੇ ਸਥਾਨਕ ਲੋਕਾਂ ਲਈ ਨਸ਼ਿਆਂ ਦੇ ਖ਼ਿਲਾਫ਼ ਵਿਸ਼ੇਸ਼ ਜਾਗਰੂਕਤਾ ਸੈਮੀਨਾਰ ਵੀ ਕਰਵਾਇਆ ਗਿਆ। ਇਸ ਤੋਂ ਇਲਾਵਾ ਡਾ. ਜਾਕਿਰ ਹੁਸੈਨ ਸਟੇਡੀਅਮ ਵਿਖੇ ਲੜਕੀਆਂ ਦੇ ਫੁੱਟਬਾਲ ਮੁਕਾਬਲੇ ਵੀ ਕਰਵਾਏ ਗਏ, ਜਿਨ੍ਹਾਂ ਨਾਲ ਨੌਜਵਾਨ ਕੁੜੀਆਂ ਵਿੱਚ ਖੇਡਾਂ ਪ੍ਰਤੀ ਰੁਚੀ ਵਧੀ ਅਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਨੂੰ ਮਜ਼ਬੂਤੀ ਮਿਲੀ। ਇਸ ਮੌਕੇ 'ਤੇ ਬੇਟੀ ਬਚਾਓ ਬੇਟੀ ਪੜਾਓ ਸਕੀਮ ਅਧੀਨ ਜ਼ਿਲ੍ਹਾ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਖਿਡਾਰੀਆਂ ਨੂੰ ਸਪੋਰਟਸ ਕਿੱਟਾਂ ਅਤੇ ਫੁੱਟਬਾਲ ਜੁੱਤਿਆਂ ਦੀ ਵੰਡ ਕੀਤੀ ਗਈ, ਜਿਸ ਨਾਲ ਖਿਡਾਰੀਆਂ ਵਿੱਚ ਖਾਸ ਉਤਸ਼ਾਹ ਦੇਖਣ ਨੂੰ ਮਿਲਿਆ। ਜ਼ਿਲ੍ਹਾ ਖੇਡ ਅਫਸਰ ਹਰਪਿੰਦਰ ਸਿੰਘ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਉਨ੍ਹਾਂ ਨੂੰ ਖੇਡਾਂ ਨਾਲ ਜੋੜਨਾ ਬਹੁਤ ਪ੍ਰਭਾਵਸ਼ਾਲੀ ਢੰਗ ਹੈ। ਖੇਡਾਂ ਸਰੀਰਕ ਤੰਦਰੁਸਤੀ ਦੇ ਨਾਲ-ਨਾਲ ਅਨੁਸ਼ਾਸਨ, ਆਤਮ ਵਿਸ਼ਵਾਸ ਅਤੇ ਸਕਾਰਾਤਮਕ ਸੋਚ ਨੂੰ ਵੀ ਮਜ਼ਬੂਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਖੇਡ ਵਿਭਾਗ ਵੱਲੋਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਲਗਾਤਾਰ ਜਾਰੀ ਰੱਖੀਆਂ ਜਾਣਗੀਆਂ। ਇਸ ਦੌਰਾਨ ਹਾਜ਼ਰ ਨੌਜਵਾਨਾਂ ਅਤੇ ਹੋਰ ਭਾਗੀਦਾਰਾਂ ਵੱਲੋਂ ਨਸ਼ਿਆਂ ਦੇ ਖ਼ਿਲਾਫ਼ ਲੜਾਈ ਨੂੰ ਹੋਰ ਮਜ਼ਬੂਤ ਕਰਨ ਅਤੇ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਦਾ ਸੰਕਲਪ ਵੀ ਲਿਆ ਗਿਆ।

ਗੁਰਦੁਆਰਾ ਸਾਹਿਬ 'ਚੋਂ ਦਿਨ-ਦਿਹਾੜੇ ਮੋਟਰਸਾਈਕਲ ਚੋਰੀ

ਸ਼ੇਰਪੁਰ, 28 ਅਪ੍ਰੈਲ (ਬਲਜੀਤ ਸਿੰਘ ਟਿੱਬਾ) : ਗੁਰਦੁਆਰਾ ਅਕਾਲ ਪ੍ਰਕਾਸ਼ ਸਾਹਿਬ ਸ਼ੇਰਪੁਰ ਵਿਚੋਂ ਬੀਤੀ ਕੱਲ ਇੱਕ ਮੋਟਰਸਾਈਕਲ ਚੋਰੀ ਹੋ ਜਾਣ ਦੇ ਸਮਾਚਾਰ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਿਸਤਰੀ ਗੁਰਪ੍ਰੀਤ ਸਿੰਘ ਪੁੱਤਰ ਨਾਥ ਸਿੰਘ ਖੁੱਡੀ ਕਲਾਂ ਜੋ ਗੁਰਦੁਆਰਾ ਅਕਾਲ ਪ੍ਰਕਾਸ਼ ਸਾਹਿਬ ਵਿਖੇ ਲਿਫਟ ਲਗਾਉਣ ਦਾ ਕੰਮ ਕਰਦੇ ਹਨ, ਨੇ ਦੱਸਿਆ ਕਿ ਮੇਰਾ ਮੋਟਰਸਾਈਕਲ ਰੋਜ਼ਾਨਾ ਦੀ ਤਰ੍ਹਾਂ ਗੁਰਦੁਆਰਾ ਸਾਹਿਬ ਦੇ ਅੰਦਰ ਹੀ ਖੜਾ ਸੀ ਅਤੇ ਅਸੀਂ ਆਪਣੇ ਕੰਮ ਵਿੱਚ ਲੱਗੇ ਹੋਏ ਸੀ। ਅੱਜ ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਹੋਣ ਕਾਰਨ ਗੁਰੂ ਘਰ ਦੇ ਕੈਮਰੇ ਬੰਦ ਸਨ ਜਿਸ ਸਮੇਂ ਮੇਰਾ ਮੋਟਰਸਾਈਕਲ 12 ਵਜੇ ਤੋਂ 2 ਵਜੇ ਵਿਚਕਾਰ ਚੋਰੀ ਕਰ ਲਿਆ ਗਿਆ।ਪੀੜਤ ਵਿਅਕਤੀ ਵੱਲੋਂ ਆਪਣੇ ਪੱਧਰ 'ਤੇ ਨੇੜੇ ਦੇ ਸੀਸੀਟੀਵੀ ਕੈਮਰੇ ਵੀ ਖੰਗਾਲੇ ਜਾ ਰਹੇ ਹਨ । ਇਸ ਤੋਂ ਇਲਾਵਾ ਮੋਟਰਸਾਈਕਲ ਚੋਰੀ ਹੋ ਜਾਣ ਦੀ ਥਾਣਾ ਸ਼ੇਰਪੁਰ ਵਿਖੇ ਵੀ ਦਰਖਾਸਤ ਦੇ ਦਿੱਤੀ ਗਈ ਹੈ। ਚੋਰੀ ਦੀਆਂ ਘਟਨਾਵਾਂ ਨੂੰ ਲੈ ਕੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਹੈ ਕਿ ਚੋਰਾਂ ਦੇ ਹੌਸਲੇ ਇੰਨੇ ਬੁਲੰਦ ਹਨ, ਜੋ ਬਿਨਾਂ ਕਿਸੇ ਡਰ ਦੇ ਚੋਰੀ ਦੀਆਂ ਘਟਨਾਵਾਂ ਨੂੰ ਅੰਜਾਮ ਦੇ ਦਿੰਦੇ ਹਨ।

ਵਿਧਾਇਕ ਜੌੜਾਮਾਜਰਾ ਨੇ ਵਾਰਡ ਨੰਬਰ 6 ਤੋਂ ਤੀਰਥ ਯਾਤਰੀਆਂ ਦੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ



ਸਮਾਣਾ, 28 ਅਪ੍ਰੈਲ (ਵਿਜੇ ਕੁਮਾਰ): ਪੰਜਾਬ ਸਰਕਾਰ ਦੀ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਮੰਗਲਵਾਰ ਸਵੇਰੇ ਵਾਰਡ ਨੰਬਰ 6 ਤੋਂ ਤੀਰਥ ਯਾਤਰੀਆਂ ਦਾ ਇਕ ਜਥਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਨੇ ਬਜ਼ੁਰਗਾਂ ਤੇ ਹੋਰ ਤੀਰਥ ਯਾਤਰੀਆਂ ਨੂੰ ਫੁੱਲਾਂ ਦੇ ਹਾਰ ਪਾ ਕੇ ਪਵਿੱਤਰ ਨਗਰੀ ਅੰਮ੍ਰਿਤਸਰ ਵਿਖੇ ਸਥਿਤ ਸ੍ਰੀ ਦਰਬਾਰ ਸਾਹਿਬ ਅਤੇ ਪ੍ਰਸਿੱਧ ਦੁਰਗਿਆਣਾ ਮੰਦਿਰ ਵਿਖੇ ਮੱਥਾ ਟੇਕਣ ਲਈ ਰਵਾਨਾ ਕੀਤਾ। ਇਸ ਮੌਕੇ ਵਿਧਾਇਕ ਜੌੜਾਮਾਜਰਾ ਨੇ ਕਿਹਾ ਕਿ ਇਹ ਸਕੀਮ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਸੋਚ ਦਾ ਨਤੀਜਾ ਹੈ, ਜਿਸ ਦਾ ਮਕਸਦ ਆਮ ਲੋਕਾਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਦੀ ਸਹੂਲਤ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਯਾਤਰਾਵਾਂ ਨਾਲ ਸਮਾਜ ਵਿੱਚ ਆਪਸੀ ਭਾਈਚਾਰੇ ਅਤੇ ਏਕਤਾ ਦੀ ਭਾਵਨਾ ਮਜ਼ਬੂਤ ਹੁੰਦੀ ਹੈ।ਇਲਾਕਾ ਨਿਵਾਸੀਆਂ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਕੀਮ ਧਾਰਮਿਕ ਵਿਸ਼ਵਾਸ ਨਾਲ ਜੁੜੇ ਲੋਕਾਂ ਲਈ ਇਕ ਵੱਡੀ ਸੌਗਾਤ ਹੈ।ਇਸ ਮੌਕੇ ਪੀ.ਏ ਗੁਰਦੇਵ ਸਿੰਘ ਟਿਵਾਣਾ, ਆਪ ਆਗੂ ਰੰਮੀ ਸ਼ਰਮਾ, ਸੰਜੇ ਸਾਹਨੀ, ਸੁਭਾਸ ਗਰਗ, ਸੰਜੇ ਸਿੰਗਲਾ, ਹੈਪੀ ਢੀਂਗੜਾ, ਵਿਸ਼ਾਲ ਜਿੰਦਲ, ਸੰਦੀਪ ਲੂੰਬਾ, ਭੁਪਿੰਦਰ ਸ਼ਰਮਾ, ਸਤਪਾਲ ਮਿੱਤਲ, ਭੀਮ ਬਾਂਸਲ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

ਝੋਨੇ ਦੀ ਸਿੱਧੀ ਬਿਜਾਈ 'ਤੇ 1500 ਰੁਪਏ ਪ੍ਰਤੀ ਏਕੜ ਪ੍ਰੋਤਸਾਹਨ ਰਾਸ਼ੀ ਲੈਣ ਲਈ ਰਜਿਸਟ੍ਰੇਸ਼ਨ ਲਾਜ਼ਮੀ

ਮਲੇਰਕੋਟਲਾ, 28 ਅਪ੍ਰੈਲ (ਬਲਜੀਤ ਸਿੰਘ ਟਿੱਬਾ) : ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਅਤੇ ਧਰਤੀ ਹੇਠਲੇ ਪਾਣੀ ਦੀ ਸੰਭਾਲ ਲਈ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਸਾਲ 2026-27 ਦੌਰਾਨ ਝੋਨੇ ਦੀ ਸਿੱਧੀ ਬਿਜਾਈ (Direct Seeding of Rice - DSR) ਨੂੰ ਪ੍ਰਮੋਟ ਕੀਤਾ ਜਾ ਰਿਹਾ ਹੈ। ਇਸ ਯੋਜਨਾ ਅਧੀਨ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੀ ਪ੍ਰੋਤਸਾਹਨ ਰਾਸ਼ੀ ਦਿੱਤੀ ਜਾਵੇਗੀ। ਮੁੱਖ ਖੇਤੀਬਾੜੀ ਅਫ਼ਸਰ ਡਾ. ਧਰਮਿੰਦਰਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਕੀਮ ਦਾ ਲਾਭ ਲੈਣ ਲਈ ਕਿਸਾਨਾਂ ਨੂੰ ਆਨਲਾਈਨ ਰਜਿਸਟ੍ਰੇਸ਼ਨ ਕਰਨਾ ਲਾਜ਼ਮੀ ਹੈ। ਕਿਸਾਨ ਭਰਾ https://testagrisubsidy.agrimachinerypb.com/#/dsr-registration ਲਿੰਕ ਰਾਹੀਂ ਆਪ